ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ

# ਸ਼ਬਦ

**ਸਾਲ : ਨੌਵਾਂ** **ਪੂ : ਲੜੀ : ਤੇਤੀ** **ਜਨਵਰੀ-ਮਾਰਚ, 2006**

***ਸਰਪ੍ਰਸਤ***

ਹਰੀਸ਼ ਜੈਨ

***ਸਲਾਹਕਾਰ***

ਨ੍ਰਿਪਇੰਦਰ ਰਤਨ

**ਸੰਪਾਦਕ :**

ਜਿੰਦਰ (ਆਨਰੇਰੀ)

***ਮੁੱਖ ਸੰਪਾਦਕ***

ਹਰਜੀਤ ਅਟਵਾਲ

67, HILLSIDE ROAD, SOUTHALL

MIDDLESEX , ENGLAND. UB1 2PE

Ph. : 020-85780393 MOBILE : 07782-265726

e mail address shabad_atwal @ hotmail.com.

Internet address : www.shabad_punjabi.com

**Managing Editor: Shiv**

984, Near Bindu Sharma Depot,

Model House, Jalandhar-144003

Mobile No.98148-03254, Ph.: 0181-2440191

**ਡਿਸਟ੍ਰੀਬਿਊਟਰ**

ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ

***ਨੋਟ :*** ਯੂਰਪ 'ਚ ਚੈੱਕ, ਬੈਂਕ ਡਰਾਫਟ J. S. ATWAL ਦੇ ਨਾਂ ਦਾ ਹੋਵੇ।

ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਕੰਡਾ ਕੰਪਿਊਟਰਜ਼ ਫੋਨ : 98556-37266 ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

'ਸ਼ਬਦ' ਦੇ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ ਹੋਵੇ।

ਨਵੇਂ ਸਾਲ ਵਿੱਚ ਰੇਖਾ-ਚਿੱਤਰ ਵਿਸ਼ੇਸ਼ ਅੰਕ ਪੇਸ਼ ਕਰ ਰਹੇ ਹਾਂ।

ਕਵਿਤਾ, ਕਹਾਣੀ, ਨਾਵਲ ਵਾਂਗ ਰੇਖਾ-ਚਿੱਤਰ ਵੀ ਆਪਣੇ ਆਪ 'ਚ ਇਕ ਵੱਖਰੀ ਵਿਧਾ ਹੈ। ਸੰਸਾਰ ਦੀਆਂ ਸਭ ਭਾਸ਼ਾਵਾਂ 'ਚ ਇਹ ਵਿਧਾ ਪ੍ਰਚਲਿਤ ਹੈ। ਅੰਗਰੇਜ਼ੀ 'ਚ ਖੁਸ਼ਵੰਤ ਸਿੰਘ; ਉਰਦੂ 'ਚ ਮੰਟੋ, ਰਾਜਿੰਦਰ ਸਿੰਘ ਬੇਦੀ, ਅਸਮਤ ਚੁਗਤਾਈ, ਅਸ਼ਕ, ਸੱਜਾਦ ਹੈਦਰ, ਫਿਕਰ ਤੌਂਸਵੀ, ਮੁਹੰਮਦ ਤੁਫੈਲ, ਬਲਵੰਤ ਸਿੰਘ; ਹਿੰਦੀ 'ਚ ਪਦਮਾ ਸਚਦੇਵਾ, ਮਹਾਂਦੇਵੀ ਵਰਮਾ, ਰਾਮਬ੍ਰਿਕਸ਼ ਬੇਨੀਪੁਰੀ, ਸ਼ਿਵ ਵਰਮਾ ਆਦਿ ਨੇ ਉਤਕ੍ਰਿਸ਼ਟ ਰੇਖਾ-ਚਿੱਤਰ ਲਿਖੇ ਹਨ। ਪ੍ਰਗਤੀ ਪ੍ਰਕਾਸ਼ਨ ਮਾਸਕੋ ਨੇ ਵੀ ਪੰਜਾਬੀ 'ਚ ਅਨੁਵਾਦ ਕਰਵਾ ਕੇ ਸਤ ਰੇਖਾ-ਚਿੱਤਰਾਂ ਦੀ ਪੁਸਤਕ 'ਹੋਣੀ ਤੋਂ ਬਲਵਾਨ' ਛਾਪੀ ਹੈ।

ਪੰਜਾਬੀ ਸਾਹਿਤ 'ਚ ਸਭ ਤੋਂ ਪਹਿਲਾਂ ਪ੍ਰਿੰ. ਤੇਜਾ ਸਿੰਘ ਨੇ 'ਗੰਗਾਦੀਨ' ਤੇ 'ਪ੍ਰੀਤਮ ਸਿੰਘ ਦਾ ਸੁਭਾਅ' 'ਰੇਖਾ-ਚਿੱਤਰ ਲਿਖੇ ਸਨ। ਇਸੇ ਵਿਚਕਾਰ ਇਕਾ-ਦੁੱਕਾ ਲੇਖਕਾਂ ਨੇ ਰੇਖਾ-ਚਿੱਤਰ ਲਿਖੇ ਪਰ ਇਸ ਵਿਧਾ ਸੰਬੰਧੀ 1961 'ਚ ਬਲਵੰਤ ਗਾਰਗੀ ਦੀ ਪਹਿਲੀ ਪੁਸਤਕ 'ਨਿੰਮ ਦੇ ਪੱਤੇ' ਆਈ। ਇਸ ਪੁਸਤਕ ਦੇ ਛਪਣ ਉਪਰੰਤ ਇਸ ਵਿਧਾ ਦੀ ਅਕੈਡਮਿਕ ਪੱਧਰ 'ਤੇ ਚਰਚਾ ਸ਼ੁਰੂ ਹੋਈ। ਇਸ ਨੂੰ ਅਗਾਂਹ ਅਜੀਤ ਕੌਰ, ਕੁਲਬੀਰ ਸਿੰਘ ਕਾਂਗ ਤੇ ਗੁਰਬਚਨ ਨੇ ਪ੍ਰਫੁੱਲਤ ਕੀਤਾ।

ਰੇਖਾ-ਚਿੱਤਰ ਰਾਹੀਂ ਪਾਠਕ ਆਪਣੇ ਪ੍ਰਿਯ ਲੇਖਕ ਬਾਰੇ ਜਾਣਕਾਰੀ ਹਾਸਿਲ ਕਰਦਾ ਹੈ। ਰੇਖਾ-ਚਿੱਤਰ 'ਚ ਜ਼ਰੂਰੀ ਨਹੀਂ ਹੁੰਦਾ ਕਿ ਜੋ ਰੇਖਾਕਾਰ ਨੇ ਲਿਖਿਆ ਹੈ, ਉਹ ਸੌ ਪ੍ਰਤੀਸ਼ਤ ਸੱਚ ਹੀ ਹੋਵੇ। ਇਸ 'ਚ ਰੇਖਾਕਾਰ ਦੀ ਆਪਣੀ ਸਮਰੱਥਾ ਵੀ ਸਮੋਈ ਹੁੰਦੀ ਹੈ। ਜਿਵੇਂ ਕਹਾਣੀ ਜਾਂ ਕਵਿਤਾ ਲਿਖਦਿਆਂ ਕੋਈ ਲੇਖਕ, ਅਚੇਤ ਅਵਸਥਾ 'ਚ ਪਹੁੰਚ ਜਾਂਦਾ ਹੈ, ਇਵੇਂ ਦੀ ਹੀ ਸਥਿਤੀ ਰੇਖਾ-ਚਿੱਤਰ ਲਿਖਣ ਵੇਲੇ ਰੇਖਾਕਾਰ ਦੀ ਹੋ ਜਾਂਦੀ ਹੈ। ਕਈ ਵਾਰ ਰੇਖਾਕਾਰ ਉਹ ਗੱਲਾਂ ਵੀ ਕਰ ਜਾਂਦਾ ਹੈ ਜਿਸ ਬਾਰੇ ਲੇਖਕ ਨੇ ਖੁਦ ਵੀ ਨਹੀਂ ਸੋਚਿਆ ਹੁੰਦਾ। ਐਦਾਂ ਵੀ ਹੁੰਦਾ ਹੈ ਜਿਵੇਂ ਦੋ ਸ਼ਖ਼ਸੀਅਤਾਂ ਨੇ ਇਕ ਰੂਪ ਧਾਰ ਲਿਆ ਹੋਵੇ।

ਆਮ ਦੇਖਣ 'ਚ ਆਉਂਦਾ ਹੈ ਕਿ ਇਕ ਲੇਖਕ ਨੇ ਆਪਣੇ ਸਮਕਾਲੀ ਲੇਖਕਾਂ ਦੇ ਰੇਖਾ-ਚਿੱਤਰ ਹੀ ਲਿਖੇ ਹਨ। ਇਹ ਇਸ ਲਈ ਵੀ ਹੋਇਆ ਹੈ ਕਿ ਉਸਨੂੰ, ਜਿਹੜੇ ਲੇਖਕ ਬਾਰੇ ਉਹ ਲਿਖ ਰਿਹਾ ਹੁੰਦਾ ਹੈ, ਉਸ ਦੇ ਜੀਵਨ, ਉਸ ਦੀ ਸੋਚਣੀ, ਰਹਿਣ-ਸਹਿਣ ਤੇ ਵਿਚਾਰਧਾਰਾ ਦਾ ਪਤਾ ਹੁੰਦਾ ਹੈ। ਉਹ ਕਈ ਵਾਰ ਐਨੀ ਕੁ ਖੁੱਲ੍ਹ ਵੀ ਲੈ ਲੈਂਦਾ ਹੈ ਕਿ ਉਹ ਲੇਖਕ ਦੇ ਬੈੱਡ-ਰੂਮ ਤੱਕ ਜਾ ਵੜਦਾ ਹੈ। ਰੇਖਾਕਾਰ ਨੂੰ, ਜਿਸ ਬਾਰੇ ਉਹ ਲਿਖ ਰਿਹਾ ਹੁੰਦਾ ਹੈ, ਉਸ ਬਾਰੇ ਬਹੁਤ ਕੁਝ ਜਾਣਨਾ ਪੈਂਦਾ ਹੈ। ਕਈ ਵਾਰ ਉਹ ਲੇਖਕ ਦੀ ਇੰਟਰਵੀਊ ਕਰਦਾ ਹੈ, ਲੰਬੀਆਂ ਮੁਲਾਕਾਤਾਂ ਕਰਦਾ ਹੈ ਤੇ ਉਸ ਦੀ ਸ਼ਖ਼ਸੀਅਤ ਬਾਰੇ ਉਸ ਦੀ ਬੀਵੀ, ਬੱਚਿਆਂ, ਮਾਂ ਪਿਉ ਤੇ ਨੇੜਲੇ ਘੇਰੇ ਦੇ ਲੇਖਕਾਂ ਦੀ ਰਾਏ ਵੀ ਲੈਂਦਾ ਹੈ। ਹੁੰਦਾ ਤਾਂ ਇਹ ਵੀ ਹੈ ਕਿ ਜੋ ਉਹ ਲਿਖਦਾ ਹੈ, ਉਹ, ਉਸ ਦੀ ਲੇਖਕ ਬਾਰੇ ਆਪਣੀ ਬਣੀ ਧਾਰਨਾ ਨਹੀਂ ਹੁੰਦੀ, ਸਗੋਂ ਇਸ ਧਾਰਨਾ ਨੂੰ ਦੂਜੇ ਲੇਖਕਾਂ/ਲੋਕਾਂ ਨੇ ਵੀ ਪ੍ਰਭਾਵਤ ਕੀਤਾ ਹੁੰਦਾ ਹੈ। ਉਸ ਦੀ ਆਪਣੀ ਰਾਏ 'ਚ ਦੂਜਿਆਂ ਦੀ ਰਾਏ ਸ਼ਾਮਿਲ ਹੋ ਜਾਂਦੀ ਹੈ।

ਰੇਖਾ-ਚਿੱਤਰਾਂ 'ਚ ਕਲਪਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਕਲਪਨਾ ਬਿਨਾਂ ਤਾਂ ਸਾਹਿਤ ਦੀ ਕਿਸੇ ਵਿਧਾ 'ਚ ਲਿਖਿਆ ਹੀ ਨਹੀਂ ਜਾ ਸਕਦਾ। ਯਥਾਰਥ ਤੇ ਕਲਪਨਾ 'ਚ ਕਿਵੇਂ ਸੁਮੇਲ ਬੈਠੇ, ਇੱਥੇ ਕਿਤੇ ਹੀ ਰੇਖਾਕਾਰ ਦੀ ਕਲਾਕਾਰੀ ਸਮੋਈ ਹੁੰਦੀ ਹੈ। ਡਾ. ਹਰਿਭਜਨ ਸਿੰਘ 'ਬੱਦਲਾਂ ਦੇ ਰੰਗ' ਦੀ

ਭੂਮਿਕਾ 'ਚ ਸਪੱਸ਼ਟ ਕਰਦਾ ਹੈ ਕਿ, "ਰੇਖਾਕਾਰ ਨਾ ਨਿਰੋਲ ਸਿਰਜਕ ਹੈ, ਨਾ ਨਿਰੋਲ ਆਲੋਚਕ। ਉਹ ਦੋਹਾਂ ਦਾ ਸੁਮੇਲ ਹੈ। ਰੇਖਾ-ਚਿੱਤਰ ਵਿਚ ਵਾਸਵਿਕਤਾ ਤੇ ਕਾਲਪਨਿਕਤਾ ਦਾ, ਜੀਵਨ ਤੇ ਸਾਹਿਤ ਦਾ ਸੁਮੇਲ ਪ੍ਰਾਪਤ ਹੈ।" ਰੇਖਾ-ਚਿੱਤਰ 'ਚ ਝੂਠ ਦੇ ਵੀ ਕੁਝ ਅੰਸ਼ ਹੁੰਦੇ ਹਨ। ਮਨੋ-ਘੜਤ ਕਹਾਣੀਆਂ ਵੀ ਸ਼ਾਮਿਲ ਹੁੰਦੀਆਂ ਹਨ ਜਿਵੇਂ ਬਲਵੰਤ ਗਾਰਗੀ ਦੇ ਲਿਖੇ ਰੇਖਾ-ਚਿੱਤਰਾਂ 'ਚ ਹੋਇਆ ਹੈ।

ਸਾਹਿਤ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਰੇਖਾ-ਚਿੱਤਰ ਲਿਖਣਾ ਔਖਾ ਕਾਰਜ ਹੈ। ਰੇਖਾਕਾਰ ਲੇਖਕ ਬਾਰੇ ਖੁੱਲ੍ਹਾਂ ਲੈਂਦਾ ਹੈ ਤੇ ਕਈ ਵਾਰ ਉਹ, ਉਹ ਕੁਝ ਵੀ ਲਿਖ ਦਿੰਦਾ ਹੈ ਜਿਸ ਬਾਰੇ ਲੇਖਕ ਨਹੀਂ ਚਾਹੁੰਦਾ ਹੁੰਦਾ ਕਿ ਉਸ ਦੇ ਪਾਠਕ ਵਰਗ ਨੂੰ ਪਤਾ ਲੱਗੇ। ਖੁਸ਼ਵੰਤ ਸਿੰਘ ਵਰਗਾ ਲੇਖਕ ਤਾਂ ਕੋਈ ਲੁਕ-ਲੁਕੋ ਨਹੀਂ ਰੱਖਦਾ। ਉਹ ਅੰਮ੍ਰਿਤਾ ਸ਼ੇਰਗਿੱਲ ਬਾਰੇ ਇੱਥੋਂ ਤੱਕ ਲਿਖ ਦਿੰਦਾ ਹੈ, 'ਉਸ ਦੇ ਇਹ ਜਾਣਨ ਤੋਂ ਪਹਿਲਾਂ ਹੀ ਕਿ ਕੀ ਹੋ ਰਿਹਾ ਹੈ, ਅੰਮ੍ਰਿਤਾ ਨੇ ਆਪਣੇ ਕੱਪੜੇ ਲਾਹੇ ਤੇ ਗਲੀਚੇ 'ਤੇ ਅਲਫ਼ ਨੰਗੀ ਪੈ ਗਈ। ਉਸ ਦਾ ਐਵੇਂ ਸਮਾਂ ਨਸ਼ਟ ਕਰਨ ਵਿੱਚ ਵਿਸ਼ਵਾਸ ਨਹੀਂ ਸੀ। ਤੇ ਉਹ ਭਲਾ-ਮਾਣਸ ਬਦਰ-ਉਦ-ਦੀਨ ਵੀ ਉਸ ਦਾ ਸੰਕੇਤ ਸਮਝ ਗਿਆ।' ਲੇਖਕ ਨੇ ਕਈ ਰਾਜ਼ ਲੁਕੋ ਕੇ ਰੱਖੇ ਹੁੰਦੇ ਹਨ। ਜਦੋਂ ਇਹ ਰਾਜ਼ ਸਾਹਮਣੇ ਆਉਂਦੇ ਹਨ ਤਾਂ ਲੇਖਕ ਬੁਖਲਾ ਜਾਂਦਾ ਹੈ। ਉਸ ਦੇ ਨਾਲ ਹੀ, ਜਿਨ੍ਹਾਂ ਦੂਜੇ ਲੇਖਕਾਂ ਬਾਰੇ ਉਸ ਇਸ ਲੇਖਕ ਦੇ ਸੰਦਰਭ 'ਚ ਛੋਟੀਆਂ-ਛੋਟੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੁੰਦਾ ਹੈ, ਉਹ ਤੜਫ਼ ਉਠਦੇ ਹਨ। ਬਲਵੰਤ ਗਾਰਗੀ ਨੇ ਆਪਣੇ ਸਮਕਾਲੀ ਲੇਖਕਾਂ ਦੇ ਰੇਖਾ-ਚਿੱਤਰ ਲਿਖੇ। ਕਈ ਲੇਖਕ ਕੱਪੜਿਆਂ ਤੋਂ ਬਾਹਰ ਹੋਏ। ਕਿਤਾਬ ਤਿਆਰ ਕਰਨ ਲੱਗਾ ਤਾਂ ਸੰਤ ਸਿੰਘ ਸੇਖੋਂ ਨੂੰ ਪਤਾ ਲੱਗਾ ਕਿ ਕਿਤਾਬ 'ਚ ਉਸ ਬਾਰੇ ਵੀ ਰੇਖਾ-ਚਿੱਤਰ ਸ਼ਾਮਿਲ ਹੈ। ਗਾਰਗੀ ਦੇ ਰੇਖਾ-ਚਿੱਤਰ 'ਚ ਕਰਾਰਾਪਨ ਹੁੰਦਾ ਸੀ, ਸੋ ਸੇਖੋਂ ਨੇ ਕਿਸੇ ਦੇ ਹੱਥੀਂ ਗਾਰਗੀ ਨੂੰ ਸੁਨੇਹਾ ਭੇਜਿਆ ਕਿ ਉਸ ਨੂੰ ਕਹਿ ਦਿਉ ਕਿ ਜੇ ਸੇਖੋਂ ਬਾਰੇ ਊਟ-ਪਟਾਂਗ ਟਿਪਣੀਆਂ ਕੀਤੀਆਂ ਤਾਂ ਉਹ ਗਾਰਗੀ ਨੂੰ ਕੋਰਟ 'ਚ ਖੜੀਸੇਗਾ। ਗਾਰਗੀ ਨੇ ਸੇਖੋਂ ਦਾ ਭੈਅ ਮੰਨਿਆ। ਉਸ ਕਿਤਾਬ 'ਚੋਂ ਸੇਖੋਂ ਦਾ ਰੇਖਾ-ਚਿੱਤਰ ਕੱਢ ਦਿੱਤਾ ਪਰ ਗਾਰਗੀ ਦੇ ਲਿਖੇ ਰੇਖਾ-ਚਿੱਤਰ 'ਚ ਐਨੀ ਸ਼ਕਤੀ ਸੀ, ਸ਼ਬਦਾਂ ਦਾ ਜਾਦੂ ਸੀ, ਤਿੱਖੀ ਮਨੋਵਿਗਿਆਨਕ ਸੂਝ ਸੀ, ਚੁਸਤ ਨਾਟਕੀ ਸੰਵਾਦ ਤੇ ਕਟਾਖਸ਼ਮਈ ਸ਼ੈਲੀ ਸੀ ਕਿ ਕੁਝ ਹੀ ਚਿਰ ਬਾਅਦ ਸੇਖੋਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਹ ਚਾਹੁਣ ਲੱਗਿਆ ਕਿ ਗਾਰਗੀ ਉਸ ਬਾਰੇ ਲਿਖੇ ਪਰ ਗਾਰਗੀ ਨੇ ਉਸ ਬਾਰੇ ਲਿਖਿਆ ਹੀ ਨਹੀਂ। ਭਗਵੰਤ ਸਿੰਘ ਦੇ ਲਿਖੇ ਰੇਖਾ-ਚਿੱਤਰਾਂ ਵੇਲੇ ਵੀ ਕਈ ਤਰ੍ਹਾਂ ਦੀਆਂ ਅਫਵਾਹਾਂ ਸੁਣਨ ਨੂੰ ਮਿਲੀਆਂ ਸਨ। ਗੁਰਬਚਨ ਦੇ ਲਿਖੇ ਰੇਖਾ-ਚਿੱਤਰਾਂ ਨੇ ਕਈ ਲੇਖਕਾਂ ਦੀ ਨੀਂਦ ਉਡਾਈ ਸੀ। 'ਕਲਾ ਸਿਰਜਕ' 'ਚ ਛਪੇ ਸੰਤੋਖ ਸਿੰਘ ਸੰਤੋਖ ਦੇ ਸਵਰਨ ਚੰਦਨ ਬਾਰੇ ਰੇਖਾ-ਚਿੱਤਰ ਨੇ, ਚੰਦਨ ਨੂੰ ਕਾਫ਼ੀ ਚਿਰ ਪ੍ਰੇਸ਼ਾਨ ਕੀਤਾ ਤੇ ਉਸ ਮੁਕੱਦਮਾ ਦਰਜ ਕਰਵਾਉਣ ਤਕ ਦੀ ਧਮਕੀ ਦਿੱਤੀ। ਮੈਂ ਆਪ 2003-04 'ਚ ਕੁਝ ਲੇਖਕਾਂ ਦੇ ਰੇਖਾ-ਚਿੱਤਰ 'ਅਕਸ' ਲਈ ਲਿਖੇ ਸਨ। ਮੈਂ ਇਕ ਨਵੇਂ ਕਹਾਣੀਕਾਰ ਬਾਰੇ ਦੋ ਕੁ ਸਤਰਾਂ ਦੀ ਟਿੱਪਣੀ ਕੀਤੀ ਸੀ ਤੇ ਇਸੇ ਟਿੱਪਣੀ ਨੇ ਕਈ ਦਿਨ ਉਸ ਨੂੰ ਬੇਚੈਨ ਕਰੀ ਰੱਖਿਆ ਸੀ। ਬਾਅਦ 'ਚ ਉਹ ਕਾਫ਼ੀ ਤੱਤਾ ਹੋਇਆ ਮੈਨੂੰ ਜਲੰਧਰ ਮਿਲਿਆ ਤਾਂ ਮੈਂ ਉਸ ਨੂੰ ਸਮਝਾਇਆ। ਉਹ ਸ਼ਾਂਤ ਹੋ ਗਿਆ। ਇਸ ਕਰਕੇ ਹੀ ਬਹੁਤੇ ਲੇਖਕਾਂ ਨੇ ਇਸ ਵਿਧਾ ਨੂੰ ਨਹੀਂ ਅਪਣਾਇਆ।

ਰੇਖਾ-ਚਿੱਤਰ 'ਚ ਰੇਖਾਕਾਰ ਦਾ ਲੇਖਕ ਪ੍ਰਤੀ ਮੋਹ ਵੀ ਹੁੰਦਾ ਹੈ। ਉਹ ਉਸ ਦੀ ਜ਼ਿੰਦਗੀ 'ਚ ਵਾਪਰਨ ਵਾਲੀ ਹਰੇਕ ਘਟਨਾ 'ਤੇ ਨਜ਼ਰ ਰੱਖਦਾ ਹੈ। ਜਿਵੇਂ ਪ੍ਰੇਮ ਗੋਰਖੀ ਦਲਬੀਰ ਚੇਤਨ ਬਾਰੇ ਆਪਣੇ ਲਿਖੇ ਰੇਖਾ-ਚਿੱਤਰ 'ਮਹਿੰਦੀ ਬਾਜ਼ਾਰ ਵਾਲਾ ਦਲਬੀਰ ਚੇਤਨ' 'ਚ ਲਿਖਦਾ ਹੈ, 'ਚੇਤਨ,



ਮੇਰਾ ਮਨ ਦੁਖੀ ਹੋਇਆ, ਤੇਰੇ ਯਾਰਾਂ ਦਾ ਇਹ ਸਵੇਰ ਵਾਲਾ ਨਾਸ਼ਤਾ ਦੇਖ ਕੇ........ਇਹ ਕੀ ਹੋ ਗਿਆ ਤੁਹਾਨੂੰ.......? ਸ਼ਾਮ ਨੂੰ ਵੀ ਉਹੀ ਕੰਮ......ਰਾਤ ਨੂੰ ਉਹੀ ਤੇ ਫਿਰ ਸਵੇਰੇ ਵੀ ਅਜਿਹੇ ਯਾਰ ਆ ਗਏ.......ਕਰੋ ਤੇ ਕਰਾਉ ਨਾਸ਼ਤਾ.......ਹੱਦ ਹੋ ਗਈ ਯਾਰ, ਨਾ ਘਰਦਿਆਂ ਦਾ ਭਉ, ਦਾ ਬੱਚਿਆਂ ਦੀ ਸੰਗ-ਸ਼ਰਮ.......।' ਕੋਈ ਲੇਖਕ ਦੂਜੇ ਲੇਖਕ ਦੀ ਜਾਤ/ਅਹੁਦੇ ਪ੍ਰਤੀ ਵੀ ਚੇਤੰਨ ਹੈ। ਪ੍ਰੇਮ ਪ੍ਰਕਾਸ਼ ਕੁਲਵੰਤ ਸਿੰਘ ਵਿਰਕ ਦੀਆਂ ਕਮਜ਼ੋਰੀਆਂ 'ਤੇ ਉਂਗਲ ਰੱਖਦਾ ਹੈ, 'ਇਕ ਵਾਰ ਉਹ ਮਾਡਲ ਟਾਊਨ ਤੋਂ ਦਫ਼ਤਰ ਵੱਲ ਜਾਂਦਾ ਰਾਹ ਜਾਂਦੀ ਇਕ ਜਨਾਨੀ ਨੂੰ ਛੇੜ ਆਇਆ ਸੀ। ਦਫ਼ਤਰ 'ਚ ਉਹ ਹੌਂਕਦਾ ਤੇ ਘਬਰਾਇਆ ਹੋਇਆ ਆਇਆ ਸੀ। ਉਹਨੇ ਦਫ਼ਤਰ ਵਾਲਿਆਂ ਨੂੰ ਕਿਹਾ ਸੀ ਪਈ ਜੇ ਕੋਈ ਪੁੱਛੇ ਤਾਂ ਕਹਿ ਦੇਣਾ ਕਿ ਉਹ ਛੁੱਟੀ 'ਤੇ ਹੈ।' ਜਾਂ ਬਲਜੀਤ ਕੌਰ ਬਲੀ, ਬਲਵਿੰਦਰ ਕੌਰ ਬਰਾੜ ਦਾ ਰੇਖਾ-ਚਿੱਤਰ 'ਸ਼ਰਬਤੀ ਨੈਣਾਂ ਵਾਲੀ ਕੁੜੀ' 'ਚ ਉਸ ਦੇ ਪਿਛੋਕੜ ਬਾਰੇ ਦੱਸਦੀ ਹੈ, 'ਉਂਜ ਕਹਿਣ ਨੂੰ ਤਾਂ ਬਲਵਿੰਦਰ 'ਮੋਰਾਂਵਾਲੀ' ਦੇ ਚੋਣਵੇਂ ਸਰਦਾਰਾਂ ਦੀ ਕੁੜੀ ਹੈ। ਉਹ ਵੀ ਗੱਲ ਕਰਦੀ ਇਸ ਗੱਲ ਨੂੰ ਤਸਲੀਮ ਕਰਦੀ ਹੈ ਕਿ 'ਮੈਂ ਸਰਦਾਰਾਂ ਦੀ ਧੀ'। ਪਰ ਸੱਚ ਪੁੱਛੋ ਤਾਂ ਮੈਨੂੰ ਉਹ ਸਰਦਾਰਾਂ ਦੀ ਧੀ ਨਹੀਂ ਲੱਗਦੀ। ਉਸ ਦੀ ਰਹਿਣੀ ਬਹਿਣੀ, ਉਸ ਦੀ ਬੋਲਚਾਲ, ਗੱਲ ਕਰਨ ਦਾ ਢੰਗ ਤੇ ਤਰੀਕਾ ਉਸ ਨੂੰ ਸਰਦਾਰਾਂ ਦੀ ਧੀ ਨਾਲੋਂ ਤਕੜੇ ਜੱਟਾਂ ਦੀ ਕੁੜੀ ਸਿੱਧ ਕਰਦਾ ਹੈ।'

ਕੁਝ ਇਕ ਰੇਖਾਕਾਰਾਂ ਨੇ ਆਪਣੇ ਪਰਿਵਾਰ ਬਾਰੇ ਵੀ ਰੇਖਾ-ਚਿੱਤਰ ਲਿਖੇ ਹਨ। ਖੁਸ਼ਵੰਤ ਸਿੰਘ ਨੇ ਆਪਣੀ ਦਾਦੀ ਅਤੇ ਕੁੱਤੇ ਬਾਰੇ; ਕ੍ਰਿਸ਼ਨਾ ਸੋਬਤੀ ਨੇ ਨਾਨਬਾਈ ਤੇ ਰਿਕਸ਼ੇ ਵਾਲੇ ਬਾਰੇ, ਮਹਾਂਦੇਵੀ ਵਰਮਾ ਨੇ ਨੌਕਰ ਤੇ ਧੋਬੀ ਬਾਰੇ, ਸ਼ਿਵ ਵਰਮਾ ਨੇ ਕੈਦੀਆਂ ਬਾਰੇ, ਪ੍ਰੇਮ ਪ੍ਰਕਾਸ਼ ਨੇ ਕਾਮਰੇਡ ਘਨਸ਼ਾਮ ਬਾਰੇ, ਕਾਮਰੇਡ ਕੇਵਲ ਕੌਰ ਤੇ ਜਸਵੰਤ ਦੀਦ ਨੇ ਆਪਣੇ ਮਾਮੇ ਬਾਰੇ ਰੇਖਾ-ਚਿੱਤਰ ਲਿਖੇ ਹਨ। ਬਲਵੰਤ ਗਾਰਗੀ, ਜੀਤ ਸਿੰਘ ਸੀਤਲ, ਭਗਵੰਤ ਸਿੰਘ, ਗੁਰਮੇਲ ਮਡਾਹੜ ਨੇ ਆਪਣੇ ਰੇਖਾ-ਚਿੱਤਰ ਆਪ ਲਿਖੇ। ਸਭ ਤੋਂ ਜ਼ਿਆਦਾ ਰੇਖਾ-ਚਿੱਤਰ ਸ਼ਿਵ ਬਟਾਲਵੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਖੁਸ਼ਵੰਤ ਸਿੰਘ ਤੇ ਅਜੀਤ ਕੌਰ ਬਾਰੇ ਲਿਖੇ ਗਏ।

ਮੈਗਜ਼ੀਨਾਂ 'ਚ ਅਕਸਰ ਹੀ ਕਿਸੇ ਨਾ ਕਿਸੇ ਲੇਖਕ ਦਾ ਰੇਖਾ-ਚਿੱਤਰ ਛਪਦਾ ਰਹਿੰਦਾ ਹੈ। ਨਾਗਮਣੀ, ਆਰਸੀ, ਅਕਸ, ਸਿਰਜਣਾ, ਸ਼ਬਦ, ਪ੍ਰਵਚਨ, ਸੰਖ, ਸਰੋਕਾਰ ਅਤੇ ਪੰਜਾਬੀ ਟ੍ਰਿਬਿਊਨ ਤੇ ਦੇਸ ਸੇਵਕ ਅਖ਼ਬਾਰਾਂ ਨੇ ਇਸ ਵਿਧਾ ਨੂੰ ਫੈਲਾਉਣ 'ਚ ਆਪਣਾ ਬਣਦਾ ਯੋਗਦਾਨ ਪਾਇਆ ਹੈ। 'ਸਿਰਜਣਾ' 'ਚ ਛਪਿਆ ਨਿੰਦਰ ਘੁਗਿਆਣਵੀ ਦਾ ਸੰਤੋਖ ਸਿੰਘ ਧੀਰ ਬਾਰੇ, ਸਾਂਵਲ ਧਾਮੀ ਦਾ ਜੋਗਿੰਦਰ ਬਾਹਰਲਾ ਬਾਰੇ, 'ਸਰੋਕਾਰ' 'ਚ ਲਿਖਿਆ ਸਤਿੰਦਰ ਕੁੱਸਾ ਦਾ ਆਪਣੇ ਮਰਹੂਮ ਪਤੀ ਨਾਵਲਕਾਰ ਕਰਮਜੀਤ ਕੁੱਸਾ ਬਾਰੇ, ਜਸਵੰਤ ਦੀਦ ਦਾ 'ਸੰਖ' 'ਚ ਛਪਿਆ ਆਪਣੇ ਮਾਮੇ ਬਾਰੇ, ਭੂਸ਼ਨ ਦਾ 'ਸ਼ਬਦ' 'ਚ ਛਪਿਆ ਹਰਿਭਜਨ ਸਿੰਘ ਬਾਰੇ ਆਦਿ ਰੇਖਾ-ਚਿੱਤਰਾਂ ਨੇ, ਇਸ ਵਿਧਾ ਨੂੰ ਨਵਾਂ ਆਯਾਮ ਦਿੱਤਾ ਹੈ। ਉਂਝ ਤਾਂ ਲਗਭਗ ਹਰੇਕ ਲੇਖਕ ਨੇ ਕੋਈ ਨਾ ਕੋਈ ਰੇਖਾ-ਚਿੱਤਰ ਅਵੱਸ਼ ਹੀ ਲਿਖਿਆ ਹੈ ਪਰ ਜਿਨ੍ਹਾਂ ਦੇ ਰੇਖਾ-ਚਿੱਤਰਾਂ ਨੇ ਵਿਸ਼ੇਸ਼ ਬਿਆਨ ਖਿੱਚਿਆ ਹੈ, ਉਨ੍ਹਾਂ 'ਚ ਸ਼ਾਮਿਲ ਹਨ- ਬਲਵੰਤ ਗਾਰਗੀ, ਅਜੀਤ ਕੌਰ, ਭਗਵੰਤ ਸਿੰਘ, ਭੂਸ਼ਨ, ਦਰਸ਼ਨ ਸਿੰਘ, ਕੁਲਬੀਰ ਕਾਂਗ, ਪ੍ਰੋ. ਪ੍ਰੀਤਮ ਸਿੰਘ, ਗੁਰਬਚਨ, ਪ੍ਰੀਤਮ, ਮੋਹਨ ਭੰਡਾਰੀ, ਭੁਪਿੰਦਰ ਸਿੰਘ ਪੀ. ਸੀ. ਐਸ., ਜਸਬੀਰ ਭੁੱਲਰ, ਕਾਨਾ ਸਿੰਘ, ਪ੍ਰੇਮ ਪ੍ਰਕਾਸ਼। ਇਸ ਵਿਧਾ 'ਚ ਸੌ ਦੇ ਕਰੀਬ ਪੁਸਤਕਾਂ ਛਪੀਆਂ ਹਨ

ਭਵਿੱਖ ਵਿੱਚ ਅਸੀਂ ਹਿੰਦੀ ਕਹਾਣੀ ਵਿਸ਼ੇਸ਼ ਅੰਕ ਕੱਢਣ ਦੀ ਯੋਜਨਾ ਬਣਾ ਰਹੇ ਹਾਂ।

**- ਜਿੰਦਰ**

## ਸਪੀਕਰ ਕੌਰਨਰ

**ਸਾਹਿਤ ਅਕੈਡਮੀ ਅਵਾਰਡ 2005 ਲਈ ਚੁਣੀਆਂ ਗਈਆਂ ਅੰਤਮ ਦੌਰ ਦੀਆਂ ਪੁਸਤਕਾਂ**

(ਪ੍ਰਕਾਸ਼ਨ ਸਾਲ 2000 ਤੋਂ 2005)

1. ਗੁਰਬਚਨ ਸਿੰਘ ਭੁੱਲਰ (ਅਗਨੀ ਕਲਸ਼) ਇਸ ਪੁਸਤਕ ਨੂੰ ਸਾਹਿਤ ਅਕੈਡਮੀ ਅਵਾਰਡ ਮਿਲਿਆ। 2. ਮੋਹਨ ਕਾਹਲੋਂ (ਵਹਿ ਗਏ ਦਰਿਆ) 3. ਡਾ. ਅਜਮੇਰ ਸਿੰਘ ਔਲਖ (ਇਸ਼ਕ ਬਾਝੋਂ ਨਮਾਜ ਦਾ ਹੱਜ ਨਹੀਂ 4. ਸੁਖਵੰਤ ਕੌਰ ਮਾਨ (ਚਾਦਰ ਹੇਠਲਾ ਬੰਦਾ) 5. ਵਨੀਤਾ (ਖਾਰਜ ਨਾਦ) 6. ਸਵਰਾਜਬੀਰ (ਕਿਸ਼ਨ) 7. ਇੰਦਰ ਸਿੰਘ ਖਾਮੋਸ਼ (ਕਾਫ਼ਰ ਮਸੀਹਾ) 8. ਮਨਜੀਤਪਾਲ ਕੌਰ (ਆਬਸਾਰ) 9. ਸੁਖਵਿੰਦਰ ਅੰਮ੍ਰਿਤ (ਪਤਝੜ 'ਚ ਪੁੰਗਰਦੇ ਪੱਤੇ) 10. ਬੀ. ਐਮ. ਬੀਰ.

ਜਿਊਰੀ ਦੇ ਮੈਂਬਰ : ਮੈਡਮ ਦਲੀਪ ਕੌਰ ਟਿਵਾਣਾ, ਡਾ. ਜਗਬੀਰ ਸਿੰਘ ਅਤੇ ਡਾ. ਦਵਿੰਦਰ ਸਿੰਘ

ਦਸ ਐਕਸਪਰਟ ਕੋਲ ਪਹੁੰਚੀ ਸੂਚੀ 'ਚ ਹੇਠ ਲਿਖੀਆਂ ਕਿਤਾਬਾਂ ਸ਼ਾਮਿਲ ਹਨ–

1. ਚਾਦਰ ਹੇਠਲਾ ਬੰਦਾ (ਸੁਖਵੰਤ ਕੌਰ ਮਾਨ) 2. ਧਰਤੀ ਪੁੱਤਰ (ਪ੍ਰੇਮ ਗੋਰਖੀ) 3. ਇਸ਼ਕ ਬਾਝੋਂ ਨਮਾਜ ਦਾ ਹੱਜ ਨਹੀਂ (ਅਜਮੇਰ ਸਿੰਘ ਔਲਖ) 4. ਖਾਰਜ ਨਾਦ (ਵਨੀਤਾ) 5. ਕਿਸ਼ਨ (ਸਵਰਾਜਬੀਰ) 6. ਨਰ ਬਲੀ (ਮਨਮੋਹਨ ਬਾਵਾ) 7. ਪੰਜਾਬੀ ਕਹਾਣੀ ਸ਼ਾਸਤਰ (ਧਨਵੰਤ ਕੌਰ) 8. ਵਹਿ ਗਏ ਪਾਣੀ (ਮੋਹਨ ਕਾਹਲੋਂ)

* 'ਸ਼ਬਦ–32' ਅਕਤੂਬਰ–ਦਸੰਬਰ–2005 ਮਿਲ ਗਿਆ ਹੈ। ਤਕਰੀਬਨ ਪੂਰਾ ਪੜ੍ਹ ਵੀ ਲਿਆ। ਤੁਹਾਡੀ ਮਿਹਨਤ ਸਾਫ਼ ਝਲਕਦੀ ਹੈ। ਡਾ. ਗੁਰਮੀਤ ਕੱਲਰਮਾਜਰੀ ਨੇ ਕਿਤਾਬਾਂ ਦੇ ਬਹਾਨੇ ਚੰਗਾ ਲਿਖ ਦਿੱਤਾ ਹੈ। ਉਸਤੋਂ ਲਗਾਤਾਰ ਲਿਖਵਾਉਣ ਦੀ ਲੋੜ ਹੈ। ਮੈਨੂੰ ਲਗਦਾ ਹੈ ਕਿ ਬਿਨਾਂ ਵਾਜਬ ਸ਼ਾਬਾਸ਼ੇ ਦੇ ਕਈ ਲੇਖਕ ਹੱਥ ਪਿਛਾਂਹ ਖਿੱਚ ਲੈਂਦੇ ਹਨ। ਲਾਲ ਸਿੰਘ, ਪ੍ਰੇਮ ਗੋਰਖੀ ਅਤੇ ਗੁਰਦਿਆਲ ਦਲਾਲ ਦੀਆਂ ਕਹਾਣੀਆਂ ਚੰਗੀਆਂ ਹਨ। ਪ੍ਰੇਮ ਗੋਰਖੀ ਆਧੁਨਿਕ ਸ਼ਹਿਰ ਦੀ ਚਕਾਚੌਂਧ ਜ਼ਿੰਦਗੀ 'ਚ ਚੌਂਧੀ ਖਾ ਰਿਹਾ ਹੈ। ਅਜੇ ਚੰਡੀਗੜ੍ਹ, ਜਲੰਧਰ ਦੇ ਚੁਗਿਰਦੇ ਵਾਂਗ ਉਸਦੇ ਗੇੜ 'ਚ ਨੀ ਆਇਆ ਲੱਗਦਾ। ਲੀਡੀਆ ਏਵਿਲੋਵ ਦੇ ਚੈਖ਼ੋਵ ਬਾਰੇ ਅਹਿਸਾਸ ਟੁੰਬਦੇ ਹਨ।

**- ਗੁਲਜ਼ਾਰ ਮੁਹੰਮਦ ਗੋਰੀਆ, ਸਮਰਾਲਾ**

* 'ਸ਼ਬਦ' ਦਾ ਅਕਤੂਬਰ–ਦਸੰਬਰ ਅੰਕ ਮਿਲਿਆ–ਪੜ੍ਹਕੇ ਤਸੱਲੀ ਜਿਹੀ ਹੋਈ। ਪਹਿਲੀ ਨਜ਼ਰੇ ਮੇਰਾ ਧਿਆਨ ਕਹਾਣੀਆਂ ਨੇ ਖਿੱਚਿਆ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਇਸ ਪਰਚੇ ਦੀਆਂ ਚਾਰੇ ਕਹਾਣੀਆਂ ਮੈਂ ਇਕੋ ਬੈਠਕ ਵਿੱਚ ਪੜ੍ਹੀਆਂ ਹੋਣ, ਨਹੀਂ ਤਾਂ ਆਮ ਤੌਰ ਤੇ ਪਰਚਾ ਫਰੋਲ ਕੇ ਜਾਂ ਇਕ ਅੱਧ ਕਵਿਤਾ ਕਹਾਣੀ ਜਾਂ ਰੀਵੀਊ ਪੜ੍ਹਕੇ ਇਹ ਸੋਚਕੇ ਰੱਖ ਦੇਈਦਾ ਹੈ ਕਿ ਫੇਰ ਵੇਹਲੇ ਵੇਲੇ ਪੜ੍ਹਾਂਗੇ। ਪਰਚਿਆਂ ਦੀ ਦਿਨੋ ਦਿਨ ਵੱਧ ਰਹੀ ਗਿਣਤੀ ਨੇ ਅਜਿਹਾ ਸੋਚਣ ਲਾ ਦਿੱਤਾ ਹੈ। ਇਸ ਵਾਰ ਇਨ੍ਹਾਂ ਕਹਾਣੀਆਂ ਦੀ ਚੋਣ ਲਈ ਤੁਸੀਂ ਵਧਾਈ ਦੇ ਹੱਕਦਾਰ ਹੋ। ਚਾਰੇ ਕਹਾਣੀਆਂ ਮੈਨੂੰ ਚੰਗੀਆਂ ਲੱਗੀਆਂ। ਪਰਚੇ ਲਈ ਬੜੀ ਮਿਹਨਤ ਕਰ ਰਹੇ ਹੋ। ਇਹ ਕਹਾਣੀਆਂ ਵਿਸ਼ੇ ਅਤੇ ਤਕਨੀਕ ਪੱਖੋਂ ਤਾਂ ਕਹਾਣੀ ਵਿੱਚ ਨਵੀਂ ਵੰਨਗੀ ਲੈ ਕੇ ਆਈਆਂ ਹੀ ਨੇ ਇਸਦੇ ਨਾਲ ਹੀ ਇਹ ਕਹਾਣੀਆਂ ਇਕ ਧਰਾਤਲ ਤੇ ਆਪਸ ਵਿੱਚ ਮਿਲਦੀਆਂ ਵੀ ਨੇ ਤੇ ਖਹਿੰਦੀਆਂ ਵੀ। ਕਿਉਂਕਿ ਇਨ੍ਹਾਂ ਕਹਾਣੀਆਂ



ਵਿਚਲੀ ਸਥਿਤੀ ਹੈ ਬੜੀ ਭਿਆਨਕ। ਇਨ੍ਹਾਂ ਵਿੱਚ ਇਕ ਪਾਸੇ ਆਰਥਕ ਅਤੇ ਨੈਤਿਕ ਨਿਘਾਰ ਦੀ ਗੱਲ ਕੀਤੀ ਗਈ ਹੈ ਦੂਜੇ ਪਾਸੇ ਸੈਕਸ ਤਸੱਦਦ ਅਤੇ ਸੈਕਸ ਦੀ 'ਥਰਸ਼ਟ' ਦੀ। ਦੋਹਾਂ ਹਾਲਤਾਂ ਵਿੱਚ ਸਥਿਤੀ ਗੰਭੀਰ ਹੈ। 'ਥਰਸਟੀ ਕਰੋਅ' ਅਜੋਕੇ ਮਨੁੱਖ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਇਕ ਅਜਿਹੀ ਕਹਾਣੀ ਹੈ ਜਿਸ ਵਿੱਚੋਂ ਉਸਦਾ ਨਿਕਲਣਾ ਸੰਭਵ ਨਹੀਂ ਜਾਪਦਾ। ਲੈਸਨ ਵਿਚਲਾ 'ਥਰਸਟੀ ਕਰੋਅ' ਜਿਸਨੂੰ ਸਾਲਾਂ ਤੋਂ ਪੜ੍ਹਦੇ ਆ ਰਹੇ ਹਾਂ ਤੇ ਜਿਹੜਾ ਪਿਆਸ ਬੁਝਾਕੇ ਉਡਦਾ ਜਾਂਦਾ ਮਨੁੱਖ ਨੂੰ ਇਕ ਮੌਰਲ ਦੇ ਜਾਂਦਾ ਹੈ ਉਹ ਤਾਂ ਅਜੋਕੇ ਮਨੁੱਖ ਨੂੰ ਭੁੱਲ ਜਾਂਦਾ ਹੈ। ਪਰ ਅਜੋਕਾ 'ਥਰਸਟੀ ਕਰੋਅ' ਮਨੁੱਖ ਜਿਸਦੀ ਪਿਆਸ ਬੁਝਣ ਵਿਚ ਹੀ ਨਹੀਂ ਆਉਂਦੀ ਉਸਨੂੰ ਭੁੱਲਣਾ ਚਾਹੁਣ ਤੇ ਵੀ ਭੁੱਲ ਨਹੀਂ ਸਕਦਾ ਤੇ ਮੌਰਲ ? 'ਰੱਬ ਰਾਖਾ' ਜਾਂ 'ਪ੍ਰਸ਼ਨ ਚਿੰਨ' ਵਿੱਚ ਹੀ ਨਿਕਲ ਸਕਦਾ ਸੀ। ਗੁਰਦਿਆਲ ਦਲਾਲ ਦੀ ਕਹਾਣੀ ਵੀ ਇਹੀ ਦ੍ਰਿੜ ਕਰਾਉਂਦੀ ਹੈ ਕਿ ਭੁੱਖ ਭਾਵੇਂ ਸੈਕਸ ਦੀ ਹੋਵੇ ਜਾਂ ਕੋਈ ਹੋਰ ਇਹ ਬੁਝਦੀ ਨਹੀਂ 'ਲੂਣ ਦੀ ਖਾਣ' ਵਿੱਚ ਪਿਆਰ ਮਨੁੱਖ ਲੂਣ ਬਣ ਜਾਂਦਾ ਹੈ। ਇਸ ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਹਾਣੀ ਦਾ ਮੁੱਖ ਪਾਤਰ ਆਪਣੇ ਆਪਨੂੰ ਉਸ ਜਿਰਬਲ ਵਿੱਚ ਡਿੱਗਣ ਤੋਂ ਬਚਾ ਲੈਂਦਾ ਹੈ। ਕਹਾਣੀ ਵਿਚਲਾ ਮੁਹਾਵਰਾ ਠੇਠ ਤੇ ਵਿਅੰਗ ਭਰਪੂਰ ਹੋਣ ਕਰਕੇ ਦਿਲਚਸਪ ਲੱਗਦਾ ਹੈ। 'ਰੇਪ–ਕੇਸ' ਇਕ ਹਿਰਦੇਵੇਧਕ ਕਹਾਣੀ ਹੈ। ਮਰਦ ਅਤੇ ਔਰਤ ਦੋਵੇਂ ਆਰਥਕ ਸਥਿਤੀਆਂ ਦਾ ਸ਼ਿਕਾਰ ਨੇ ਪਰ ਇਸ ਵਿੱਚ ਮਰਦ ਦੀ ਮਾਨਸਿਕ ਸਥਿਤੀ ਵਿਗੜ ਕੇ ਸੈਕਸ ਤਸੱਦਦ ਵਿੱਚ ਬਦਲ ਜਾਂਦੀ ਹੈ ਜਿੱਥੇ ਉਹ ਫਨਾਹ ਹੋਣ ਤੱਕ ਪੁੱਜਦਾ ਹੈ। ਦੂਜੇ ਪਾਸੇ ਉਸਦੀ ਔਰਤ ਦੀ ਸਥਿਤੀ ਹੈ ਜਿਹੜੀ ਇਕ ਸੁਹਿਰਦ ਪਤਨੀ ਹੁੰਦਿਆਂ ਹੋਇਆਂ ਵੀ ਉਸ ਤਸ਼ੱਦਦ ਨੂੰ ਦੂਸਰੇ, ਤੀਹਰੇ ਰੂਪ ਵਿੱਚ ਸਹਿੰਦੀ ਹੈ। ਲੇਖਕ ਨੇ ਕਹਾਣੀ ਨੂੰ ਜੋ ਟਰੀਟਮੈਂਟ ਦਿੱਤਾ ਹੈ ਭਾਵੇਂ ਸਥਿਤੀਆਂ ਦੇ ਅਨੁਕੂਲ ਹੈ ਪਰ ਔਰਤ ਨਾਲ ਕੁਝ ਵਧੇਰੇ ਜ਼ਿਆਦਤੀ ਹੋਈ ਹੈ ? ਉਸਦੀ ਪੀੜ ਬਰਦਾਸ਼ਤ ਬਾਹਰੀ ਹੈ। ਪ੍ਰੇਮ ਗੋਰਖੀ ਦੀ ਕਹਾਣੀ ਬੜੀ ਦੇਰ ਪਿੱਛੋਂ ਪੜ੍ਹਨ ਨੂੰ ਮਿਲੀ, ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਖ਼ੁਸ਼ੀ ਇਸ ਗੱਲੋਂ ਦੀ ਕਿ ਉਸਨੇ ਅਸਲੋਂ ਨਵੇਂ ਮੁਹਾਂਦਰੇ ਵਾਲੀ ਔਰਤ ਨੂੰ ਸਾਹਿਤ 'ਚ ਪੇਸ਼ ਕੀਤਾ ਹੈ। ਪਰ ਹੈਰਾਨੀ ਇਸ ਗੱਲ ਦੀ ਹੋਈ ਕਿ ਕੀ ਸੱਚਮੁੱਚ ਅਜੋਕੀ ਪੜ੍ਹੀ ਲਿਖੀ ਔਰਤ ਦੇ ਅੰਦਰ ਐਨਾ ਖਿਲਾਅ ਹੈ। ਉਹ ਐਨੀ ਜੜ੍ਹਾਂ ਵਿਹੂਣੀ ਹੈ ? ਕੀ ਅਜੋਕੀ ਔਰਤ ਨੇ ਐਨਾ ਸਫ਼ਰ ਤਹਿ ਕਰ ਲਿਆ ਹੈ ? ਜਾਂ ਇਹ ਔਰਤ ਕਿਸ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੀ ਹੈ ? ਸੋ ਕਹਾਣੀ ਪੜ੍ਹਨ ਪਿੱਛੋਂ ਕੁਝ ਅਜਿਹੇ ਸੁਆਲ ਤੇ ਹੈਰਾਨੀਆਂ ਮੈਨੂੰ ਡਿਸਟਰਬ ਕਰਦੀਆਂ ਰਹੀਆਂ ਨੇ।

**-ਬਲਜੀਤ ਕੌਰ ਬਲੀ, ਪਟਿਆਲਾ**

* ਕਲ੍ਹ ਹੀ ਲੋਕਗੀਤ ਤੋਂ 'ਸ਼ਬਦ' ਲੈ ਆਈ। ਆਦਤ ਮੁਜਬ ਸੰਪਾਦਕੀ ਤੋਂ ਮਗਰੋਂ ਕਹਾਣੀਆਂ– ਹਾਲੀਂ ਕੇਵਲ 'ਨਦੀ ਦੇ ਆਰ ਆਰ' ਤੇ 'ਡਰ' ਹੀ ਪੜ੍ਹੀਆਂ ਤਾਂ ਸੋਚਿਆ ਲੇਖਕਾਂ ਨੂੰ ਖਤ ਪਾਵਾਂ। ਪਰ ਰਚਨਾ ਦੇ ਨਾਲ ਲੇਖਕ ਦਾ ਕਿਤੇ ਕੋਈ ਅਤਾ ਪਤਾ ਨਹੀਂ। ਕਾਰਣ ? ਭਾਵੇਂ ਇਹ ਵੀ ਸੱਚ ਹੈ ਕਿ ਅੰਦਰੋਂ ਪੰਨੇ ਫਰੋਲਣ ਉੱਤੇ ਕਿਧਰੇ ਗੁਰਮੀਤ ਤੇ ਬਲੀਜੀਤ ਵੀ ਮਿਲ ਜਾਣਗੇ–ਲੇਖਕ ਲਿਸਟ ਵਿੱਚ ਵੀ ਪਰ....ਏਨਾ ਸਮਾਂ....ਏਨਾ ਤਰਦੱਦ....। ਤੇ ਜ਼ਿੰਦਗੀ ਦੇ ਏਨੇ ਰੁਝੇਵੇਂ, ਖਲਜਗਣ। ਸੋ ਇਹੋ ਹੱਲ ਬਚਿਐ ਕਿ ਤੁਹਾਨੂੰ ਖਤ ਪਾਇਆ ਜਾਵੇ। ਕ੍ਰਿਪਾ ਕਰਕੇ ਰਚਨਾ ਦੇ ਨਾਲ–ਨਾਲ ਲੇਖਕ ਦਾ ਅਤਾ ਪਤਾ ਤੇ ਫੋਨ ਵੀ ਜ਼ਰੂਰ ਦਿਉ–ਇਹ ਵਾਇਆ ਬਠਿੰਡਾ ਲੇਖਕ ਤੱਕ ਪੁੱਜਣਾ ਕੁਝ ਚੰਗਾ ਨਹੀਂ ਲੱਗਦਾ। ਉਹ ਛਪ ਗਏ 'ਸ਼ਬਦ' ਵਿੱਚ ਤੇ ਸ਼ਬਦ ਤੋਂ ਮੁਕਤ ਹੋ ਗਏ, ਕੀ ਖਿਆਲ ਹੈ ? 'ਨਦੀ ਦੇ ਆਰ ਪਾਰ' ਨੇ ਬੜਾ ਟੁੰਭਿਆ, ਝੰਜੋੜਿਆ, ਸੋਚੀਂ ਪਾਇਆ ਪਰ ਇੰਜ ਲਗਾ ਇਹ Abrupt end ਹੈ ਭਾਵੇਂ ਇਸੇ ਵਿਚ ਹੀ ਕਹਾਣੀਕਾਰ ਦੀ ਕਲਾ ਹੈ ਕਿ ਪਾਠਕ ਕਹੇ 'ਹਾਇ ਹੋਰ......' ਬੜੇ ਦਿਨਾਂ ਮਗਰੋਂ ਘਰ ਚਿਕਨ ਪਕਿਆ ਸੀ ਤੇ 'ਡਰ' ਪਹਿਲਾਂ ਪੜ੍ਹ ਹੋ ਗਈ। ਬਚਪਨ ਵਿੱਚ ਅੱਖਾਂ ਸਾਹਵੇਂ ਤਿਤਰ,

ਬਟੇਰ ਕਟੀਂਦੇ ਸਨ, ਕੁਝ ਨਹੀਂ ਸੀ ਹੁੰਦਾ, ਸਭ ਮਕੈਨੀਕਲ ਜਿਹਾ ਲੱਗਦਾ ਸੀ ਤੇ ਹੁਣ ਉਹ ਸਾਰੇ ਤਿੱਤਰ, ਬਟੇਰ, ਮੁਰਗੇ ਤੇ ਬਕਰੇ ਜਿਉਣ ਲਈ ਡਰ ਲਿਆਉਂਦੇ ਅੱਖਾਂ ਸਾਹਣੇ ਆ ਖੜੋਏ ਹਨ, ਫਿਲਮ ਵਾਂਗ। ਤੇ ਲਗਦਾ ਹੈ ਮੈਂ ਹੀ, ਅਸੀਂ ਹੀ....ਮਹਿਰਾ ਵਿਚਾਰਾ ਤਾਂ ਆਪਣੀ ਦਾਲ ਰੋਟੀ ਲਈ ਹੀ....ਫ਼ੇਰ ਵੀ ਪਤਾ ਨਹੀਂ ਉਹਨੂੰ ਨਸੀਬ ਹੁੰਦੀ ਵੀ ਸੀ ਜਾਂ ਨਹੀਂ। ਅੱਜ ਦਾ ਮੌਸਮ ਖੁਸ਼ਨੁਮਾ, ਸਵੇਰ ਖਿੜੀ-ਖਿੜੀ, ਕੋਈ ਹਲਕਾ ਫੁਲਕਾ ਚੇਤਾ ਸੋਚ ਪਰੀਕ੍ਰਿਆ ਵਿੱਚ ਉਚੜਪੈੜੇ ਕਰ ਰਿਹਾ ਸੀ, ਕਲਮ ਫੜਨ ਤੋਂ ਪਹਿਲਾਂ 'ਸ਼ਬਦ' ਖੋਹਲ ਬੈਠੀ ਤੇ....ਰੁਤ 'ਜਿਉਣ ਅਸਾਡਾ' ਵੀ ਪਾਰ ਕਰ ਗਈ..ਲਗਦੈ ਅੱਜ ਦਾ ਦਿਨ 'ਸ਼ਬਦ' ਹੀ ਲੈ ਲਏਗਾ, ਕੁਝ ਨਹੀਂ ਲਿਖ ਹੋਣਾ, ਚਲੋ ਇੰਜ ਹੀ ਸਹੀ।

**-ਕਾਨਾ ਸਿੰਘ, ਮੋਹਾਲੀ**

*'ਸ਼ਬਦ' ਮਿਲਦਾ ਹੈ। ਕਦੀ ਕਦੀ। 'ਸ਼ਬਦ' ਦਾ ਮੈਟਰ ਪੜ੍ਹ ਕੇ ਅਜੀਬੋ ਗਰੀਬ ਜਿਹੀ ਹਾਲਤ ਹੋ ਜਾਂਦੀ ਹੈ। ਅੰਕ ਬੱਤੀ ਦੀ ਪ੍ਰੇਮ ਗੋਰਖੀ ਦੀ ਕਹਾਣੀ 'ਕੋਲਾਜ' ਤੇ 'ਰੇਪ ਕੇਸ' ਵੱਖਰੀ ਹੀ ਕਿਸਮ ਦੀਆਂ ਕਹਾਣੀਆਂ ਹਨ। ਕਵਿਤਾਵਾਂ, ਗ਼ਜ਼ਲਾਂ ਨੇ ਵੀ ਅਮਿੱਟ ਯਾਦ ਛੱਡੀ ਹੈ।

**-ਸਤਪਾਲ ਸੰਤੋਖਪੁਰੀ, ਪੈਰਿਸ**

*'ਸ਼ਬਦ 32' ਪੜ੍ਹਿਆ। ਗੁਰਪਾਲ ਲਿੱਟ ਨੇ 'ਰੇਪ ਕੇਸ' ਕਹਾਣੀ ਦੀ ਸਿਰਜਣ-ਪ੍ਰਕਿਰਿਆ ਵਿਚ ਆਪਣੀ ਜ਼ਿੰਦਗੀ ਦੇ ਉਨ੍ਹਾਂ ਸੰਕਟਕਾਲੀ-ਅਨੁਭਵਾਂ ਦੀ ਬੜੀ ਮਾਰਮਿਕ ਪੇਸ਼ਕਾਰੀ ਕੀਤੀ ਹੈ, ਜਿਨ੍ਹਾਂ ਤਲਖ-ਅਨੁਭਵਾਂ ਵਿੱਚੋਂ 'ਰੇਪ ਕੇਸ' ਵਰਗੀ ਸ਼ਾਨਦਾਰ ਕਹਾਣੀ ਜਨਮਦੀ ਹੈ। ਲਿੱਟ ਦੀ ਸਿਰਜਣ-ਪ੍ਰਕਿਰਿਆ ਦਾ ਸਿਰਲੇਖ 'ਸਰਦਾਰ ਘਰਾਂ ਦੇ ਦਲਿਤ ਦੀ ਕਹਾਣੀ' ਅਜੋਕੀ ਕਹਾਣੀ ਦੇ ਸੰਦਰਭ ਵਿੱਚ 'ਦਲਿਤ ਸਾਹਿਤ' ਦੇ ਮਾਮਲੇ ਵਿੱਚ ਇਕ ਪ੍ਰਸ਼ਨਵਾਚਕ-ਚਰਚਾ ਦੀ ਮੰਗ ਕਰਦਾ ਸਰੋਕਾਰ ਹੈ। ਦੂਜਾ ਲਾਲ ਸਿੰਘ ਦੀ ਕਹਾਣੀ 'ਥਰਸਟੀ ਕਰੋਅ' ਇਕ ਖ਼ੂਬਸੂਰਤ ਕਹਾਣੀ ਹੈ। ਤੇ ਪ੍ਰੇਮ ਗੋਰਖੀ ਦੀ ਕਹਾਣੀ 'ਕੋਲਾਜ' ਨੇ ਉਸਦੀ ਕਥਾਕਾਰੀ ਦਾ ਇਕ ਨਵਾਂ ਅਯਾਮ ਪ੍ਰਸਤੁੱਤ ਕੀਤਾ ਹੈ। ਆਧੁਨਿਕ 'ਜੀਵਨ-ਪੱਧਤੀ' ਦੇ ਸੰਦਰਭ ਵਿੱਚ ਔਰਤ-ਮਰਦ ਦੇ ਰਿਸ਼ਤਾ-ਪ੍ਰਬੰਧ ਦੀ ਗਰਾਮਰ ਦੀਆਂ ਗੁੰਝਲਦਾਰ ਬਰੀਕੀਆਂ ਵਿਚੋਂ ਕਿਸ ਕਿਸਮ ਦੀ ਰਿਸ਼ਤਗੀ ਦਾ ਬਿੰਬ ਉਸੱਰਦਾ ਹੈ, 'ਕੋਲਾਜ' ਇਸ ਦੀ ਇਕ ਚੰਗੀ ਉਦਾਹਰਨ ਹੈ। ਡਾ. ਰਵੀ ਰਵਿੰਦਰ ਤੇ ਵਿਕਾਸ ਕੁਮਾਰ ਦੇ ਆਰਟੀਕਲ ਚੰਗੇ ਨੇ। ਗੁਰਦਿਆਲ ਦਲਾਲ ਦੀ ਕਹਾਣੀ 'ਜਿਰਬਲ' ਵੀ ਉਹਦੀ ਕਥਾਕਾਰੀ ਦਾ ਪ੍ਰਮਾਣ ਹੈ। ਕਾਵਿ-ਭਾਗ ਵਿੱਚ ਵਿਸ਼ਾਲ , ਨੀਰੂ, ਐਸ.ਤਰਸੇਮ ਤੇ ਨਿਰਪਾਲਜੀਤ ਕੌਰ ਜੋਸਨ ਦੀਆਂ ਕਾਵਿ-ਰਚਨਾਵਾਂ ਨੇ ਪ੍ਰਭਾਵਿਤ ਕੀਤਾ ਹੈ। ਤੇ ਅਨੇਮਨ ਸਿੰਘ ਦੀ ਅਨੁਵਾਦ ਕੀਤੀ ਕਹਾਣੀ 'ਕੀ ਮੈਂ ਉਨ੍ਹਾਂ ਨੂੰ ਕਦੇ ਨਹੀਂ ਵੇਖ ਸਕਾਂਗੀ' ? ਲਈ ਉਹ ਵਧਾਈ ਦਾ ਹੱਕਦਾਰ ਹੈ। ਤੁਹਾਡੀ ਸੰਪਾਦਕੀ ਵਿਚਲਾ ਔਰਤ ਲੇਖਕਾਵਾਂ ਦਾ ਮਸਲਾ ਵੀ ਵਿਚਾਰ-ਚਰਚਾ ਦੀ ਮੰਗ ਕਰਦਾ ਹੈ।

**-ਜਸਵੀਰ ਸਿੰਘ ਰਾਣਾ, ਅਮਰਗੜ**

*'ਸ਼ਬਦ' ਮਿਲ ਗਿਆ। ਧੰਨਵਾਦ। ਜਨਾਨੀਆਂ ਦਾ ਬੜਾ ਹੇਜ ਜਾਗਿਆ ? ਪ੍ਰੇਮ ਪ੍ਰਕਾਸ਼ ਦਾ ਅਸਰ ਲੱਗਦਾ।

**-ਪ੍ਰੋ. ਜਗਦੀਪ ਸਿੰਘ, ਅੰਮ੍ਰਿਤਸਰ**

*ਮੇਰੀ ਕਵਿਤਾ ਤੁਸੀਂ ਛਾਪ ਤਾਂ ਦਿੱਤੀ ਪਰ ਇਸ ਦਾ ਕਤਲ ਕਿਉਂ ਕਰ ਦਿੱਤਾ ? ਕਵਿਤਾ ਦਾ ਨਾਂ ਵੀ ਬਦਲ ਦਿੱਤਾ। ਅੰਦਰ ਵੀ ਸਭ ਘਾਲਾ-ਮਾਲਾ। ਮੈਨੂੰ ਤਾਂ ਮੇਰੀ ਕਵਿਤਾ ਆਪ ਹੀ ਸਮਝ ਨਹੀਂ ਆਈ। ਲਾਲ ਸਿੰਘ ਦੀ 'ਥਰਸਟੀ ਕਰੋਅ' ਬੜੀ ਵਧੀਆ ਕਹਾਣੀ ਹੈ।

**-ਨੀਰੂ ਅਸੀਮ, ਚੰਡੀਗੜ੍ਹ**



*ਅਕਤੂਬਰ-ਦਸੰਬਰ ਦਾ 'ਸ਼ਬਦ' ਮਿਲਿਆ। ਪਰਚਾ ਖੋਲ੍ਹਦਿਆਂ ਹੀ ਮੇਰੀ ਨਜ਼ਰ ਵਿਮਲ ਬਾਰੇ ਉਸ ਫੈਸਲੇ 'ਤੇ ਪਈ ਜਿਸ ਅਨੁਸਾਰ ਉਸਦਾ ਤਕਰੀਬਨ ਸਮਾਜਕ/ਸਾਹਿਤਕ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਂਝ ਮੈਨੂੰ ਵੀ ਕਿਸੇ ਦਾ ਟੈਲੀਫੂਨ ਆਇਆ ਸੀ (ਡਲਹੌਜੀ 'ਚ) ਕਿ ਵਿਮਲ ਨੇ ਆਪਣੇ 'ਅਕਸ' ਦੇ ਇੰਟਰਵਿਊ 'ਚ ਬਹੁਤ ਸਾਰਿਆਂ ਪ੍ਰਤਿ ਅਤੇ ਮੇਰੇ ਪ੍ਰਤਿ ਵੀ ਕੁਝ ਊਟਪਟਾਂਗ ਗੱਲਾਂ ਕੀਤੀਆਂ ਹਨ। ਨਤੀਜੇ ਵੱਜੋਂ ਮੈਂ 'ਅਕਸ' 'ਚ ਛਪਿਆ ਉਹ ਇੰਟਰਵਿਊ ਪੜ੍ਹਨਾ ਹੀ ਠੀਕ ਨਾ ਸਮਝਿਆ। ਇਹ ਮੁੱਦੇ ਤੇ ਸਾਰਿਆਂ ਦਾ ਰੋਸ ਵਾਜਿਬ ਹੈ। ਪਰ ਵਿਮਲ/ਕੁਕਨੂਸ ਪ੍ਰਕਾਸ਼ਨ ਨੂੰ ਦਿੱਤੀ ਗਈ ਇਹ ਸਜ਼ਾ ਨਾਲ ਉਸ ਵਿਚਾਰੇ ਦੀ ਰੋਜ਼ੀ/ਰੋਟੀ ਤੇ ਮਾੜਾ ਅਸਰ ਪੈ ਸਕਦਾ ਹੈ। ਉਸਦਾ ਬਹਿਸ਼ਕਾਰ ਜ਼ਰਾ ਘਟ ਸਕੇਲ ਤੇ ਹੁੰਦਾ ਤਾਂ ਚੰਗਾ ਰਹਿੰਦਾ। ਖ਼ੈਰ, ਜੋ ਪੰਚਾਂ ਨੇ ਫੈਸਲਾ ਸੁਣਾਇਆ, ਉਹ ਸ਼ਾਇਦ ਠੀਕ ਹੋਵੇ। ਮੈਨੂੰ ਇਸ ਤਰ੍ਹਾਂ ਵੀ ਲੱਗਦਾ ਹੈ ਕਿ ਉਹ ਆਪਣੇ ਦੁਆਲੇ ਉੱਠਣ ਬੈਠਣ ਵਾਲਿਆਂ ਦੀ ਚੁੱਕ-ਚਕਾ ਤੇ ਇਸ ਤਰ੍ਹਾਂ ਦੀ ਮੂਰਖਤਾ ਕਰ ਬੈਠਿਆ। ਉਂਝ ਵੀ ਮੈਨੂੰ ਉਹ ਆਦਮੀ ਬੁੱਧੀ ਦਾ ਜ਼ਰਾ ਨਿਮਨ ਹੀ ਲੱਗਦਾ ਹੈ।

**-ਮਨਮੋਹਨ ਬਾਵਾ, ਦਿੱਲੀ**

*'ਸ਼ਬਦ' 32 ਪੜ੍ਹਿਆ। ਇਸ ਵਾਰ ਪ੍ਰੇਮ ਗੋਰਖੀ ਹੁਰਾਂ ਦੀ ਕਹਾਣੀ 'ਕੋਲਾਜ' ਚੰਗੀ ਲੱਗੀ ਹੈ। ਸੱਚਮੁੱਚ ਕਹਾਣੀ ਅੰਦਰ ਤੱਕ ਲਹਿ ਗਈ। ਜਿਵੇਂ ਉਨ੍ਹਾਂ ਦੀਆਂ ਪਹਿਲਾਂ ਕਈ ਕਹਾਣੀਆਂ ਪੜ੍ਹੀਆਂ ਹਨ। ਇਹ ਸਭ ਤੋਂ ਵੱਖਰੀ ਕਹਾਣੀ ਹੈ। 'ਥਰਸਟੀ ਕਰੋਅ' ਤੇ 'ਜਿਰਬਲ' ਵੀ ਵਧੀਆ ਕਹਾਣੀਆਂ ਸਨ। ਲਿੱਟ ਹੁਰਾਂ 'ਰੇਪ ਕੇਸ' ਬਾਰੇ ਚੰਗਾ ਲਿਖਿਐ।

**- ਅਨੇਮਨ ਸਿੰਘ, ਮਾਨਸਾ**

*'ਕੋਲਾਜ' ਗੋਰਖੀ ਦੀ ਕਹਾਣੀ ਨਹੀਂ ਲੱਗਦੀ। 'ਸਟੋਨ ਕਿੱਸ' ਵਰਗੀ ਹੈ। ਤਰਲ ਬਹੁਤ ਹੈ।

**-ਦੇਵਜੀਤ, ਮਾਨਸਾ**

* 'ਕੋਲਾਜ' ਕੋਈ ਵੱਖਰੀ ਕਹਾਣੀ ਨਹੀਂ। ਆਮ ਜਿਹੀ ਹੈ। ਪਹਿਲਾਂ ਇਸ ਤਰ੍ਹਾਂ ਦੀਆਂ ਕਿੰਨੀਆਂ ਕਹਾਣੀਆਂ ਲਿਖੀਆਂ ਜਾ ਚੁੱਕੀਆਂ ਹਨ। ਇਸ ਫਾਰਮ 'ਚ ਵੀ।

**-ਗੁਰਪ੍ਰੀਤ, ਮਾਨਸਾ**

*ਅਕਤੂਬਰ-ਦਸੰਬਰ, 2005 ਦਾ ਤ੍ਰੈਮਾਸਿਕ 'ਸ਼ਬਦ' ਦਾ ਅੰਕ ਪੜ੍ਹ ਕੇ ਰੂਹ ਖ਼ੁਸ਼ ਹੋ ਗਈ। ਐਸ. ਤਰਸੇਮ ਦੀਆਂ ਦੋ ਗ਼ਜ਼ਲਾਂ, ਨਿਰਪਾਲਜੀਤ ਕੌਰ ਜੋਸਨ ਦੀ ਕਵਿਤਾ 'ਜ਼ਿੰਦਗੀ ਦਾ ਨੀਂਹ ਪੱਥਰ' ਅਤੇ ਡਾ. ਰਵੀ ਰਵਿੰਦਰ ਦਾ ਲੇਖ 'ਦਲਿਤ ਸਾਹਿਤ, ਦਲਿਤ ਚੇਤਨਾ ਤੇ ਦਲਿਤ ਨਾਰੀ' ਪੜ੍ਹ ਕੇ ਅਹਿਸਾਸ ਹੋਇਆ ਕਿ ਇਸ ਅੰਕ 'ਚ ਮਿਆਰੀ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪ੍ਰੇਮ ਗੋਰਖੀ ਦੀ ਕਹਾਣੀ 'ਕੋਲਾਜ' ਪੜ੍ਹ ਕੇ ਇੰਜ ਜਾਪਿਆ ਜਿਵੇਂ ਇਹ ਹਕੀਕਤ 'ਤੇ ਆਧਾਰਤ ਹੋਵੇ। ਇੰਜ ਲੱਗਾ ਜਿਵੇਂ ਅਜਿਹੀ ਘਟਨਾ ਕਹਾਣੀਕਾਰ ਦੇ ਨਿੱਜੀ ਜੀਵਨ ਨਾਲ ਸੰਬੰਧਤ ਹੋਵੇ। ਅਕਸਰ ਅੱਜ ਕਲ੍ਹ ਇਹ ਰੁਝਾਨ ਹੈ ਕਿ ਸ਼ਹਿਰੀ ਔਰਤਾਂ ਜ਼ਿਆਦਾਤਰ ਇਹੀ ਧਾਰਨਾ ਰੱਖਦੀਆਂ ਹਨ ਕਿ 'ਰਿਲੇਸ਼ਨਜ਼ ਚੇਂਜ ਹੁੰਦੇ ਰਹਿਣੇ ਚਾਹੀਦੇ ਆ।' ਅਜਿਹੀ ਧਾਰਨਾ ਸਾਡੇ ਸਮਾਜਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਰਹੀ ਹੈ। ਮਰਦ ਅਤੇ ਔਰਤ ਦਾ ਇਖਲਾਕ ਗਿਰਦਾ ਜਾ ਰਿਹਾ ਹੈ। ਇਸ ਕਹਾਣੀ ਲਈ ਗੋਰਖੀ ਵਧਾਈ ਦਾ ਪਾਤਰ ਹੈ।

**-ਪ੍ਰੋ. ਜੇ. ਐਸ. ਬੇਦੀ, ਚੰਡੀਗੜ੍ਹ**

## ਪੰਜਾਬੀ ਸਾਹਿਤ ਦਾ ਵੈਟਰਨ ਅਥਲੀਟ ਜਸਵੰਤ ਸਿੰਘ ਕੰਵਲ

**-ਬਲਦੇਵ ਸਿੰਘ**

ਛੇ ਫੁੱਟ ਤੋਂ ਲੰਮਾ ਕੱਦ। ਪਤਲਾ ਛਾਂਟਵਾਂ ਸਰੀਰ। ਘੋਟ ਕੇ ਬੰਨ੍ਹੀ ਨਿੱਕੀ ਪੱਗ। ਖੁੱਲ੍ਹੀ ਸੰਵਰੀ ਹੋਈ ਦਾੜ੍ਹੀ। ਤੇਜ਼ ਦਗ਼ਦੀਆਂ ਅੱਖਾਂ। ਤੋਰ ਵਿੱਚ ਮੜਕ। ਪਹਿਲੀ ਤੱਕਣੀ ਉਹ ਕੋਈ ਵੈਟਰਨ ਅਥਲੀਟ ਜਾਪਦਾ ਹੈ। ਸਦਾ ਚੜ੍ਹਦੀ ਕਲਾ ਵਿੱਚ। ਚਿਹਰੇ ਉਪਰ ਮਾਯੂਸੀ ਨਾ-ਮਾਤਰ ਵੀ ਨਹੀਂ।.......ਇਹੀ ਹੈ ਜਸਵੰਤ ਸਿੰਘ ਕੰਵਲ। ਸ. ਨਾਨਕ ਸਿੰਘ ਤੋਂ ਬਾਅਦ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ।

ਜੇ ਕੰਵਲ ਦੀ ਰਹਾਇਸ਼ਗਾਹ ਤੱਕ ਲਉ। ........ਘਰ ਦੀ ਚਾਰ ਦੀਵਾਰੀ ਦੇ ਅੰਦਰ ਹੀ ਬਰਾਮਦੇ ਸਾਹਮਣੇ, ਕਦੇ ਮੱਕੀ, ਕਦੇ ਸਰ੍ਹੋਂ, ਕਦੇ ਬਰਸੀਮ ਤੇ ਕਦੇ ਚਰ੍ਹੀ ਲਹਿਰਾ ਰਹੀ ਹੁੰਦੀ ਹੈ। ਮੋਰਾਂ ਦੀ 'ਕਿਆ-ਕੋਅ' ਸੁਣਦੀ ਹੈ।.......ਬੱਦਲ ਵਾਈ ਹੋਵੇ ਤਾਂ ਮੋਰ ਪੈਲਾਂ ਵੀ ਪਾਉਂਦੇ ਹਨ। ਅੰਗੂਰਾਂ ਦੀ ਭਰਵੀਂ ਵੇਲ ਵਿੱਚੋਂ ਅੰਗੂਰਾਂ ਦੇ ਗੁੱਛੇ ਲਮਕਦੇ ਦਿੱਸਦੇ ਹਨ। ਸਦਾ ਬਹਾਰ ਅਮਰੂਦਾਂ ਨਾਲ, ਬੂਟਾ ਲੱਦਿਆ ਰਹਿੰਦਾ ਹੈ। ਅਨਾਰਾਂ ਨੇ ਸੁਰਖ ਫੁੱਲ ਕੱਢ ਲਏ ਹੁੰਦੇ ਹਨ। ਭਾਰੀ ਨਿੰਮ ਦੇ ਫੁੱਲਾਂ ਦੀ ਮਹਿਕ ਚੁਫ਼ੇਰੇ ਪਸਰੀ ਹੁੰਦੀ ਹੈ। ਸੰਘਣੀਆਂ ਡੇਕਾਂ ਅਤੇ ਉੱਚੇ ਸਫੈਦਿਆਂ ਵਿੱਚ ਘੁੱਗੀਆਂ ਗੁਟਕਦੀਆਂ ਹਨ, ਚਿੱੜੀਆਂ ਚਹਿਚਹਾਉਂਦੀਆਂ ਹਨ। ਵਰਡਜ਼ਵਰਥ ਕੁਦਰਤ ਦਾ ਕਵੀ ਸੀ। ਕੰਵਲ, ਕੁਦਰਤ ਦੀ ਗੋਦ ਵਿੱਚ ਰਹਿੰਦਾ ਹੈ।

ਬਿਨਾਂ ਸ਼ੱਕ ਪੰਜਾਬੀ ਦੇ ਲੇਖਕਾਂ ਵਿੱਚੋਂ, ਕੰਵਲ ਖਾਂਦਾ-ਪੀਂਦਾ ਲੇਖਕ ਹੈ। ਜ਼ਿੰਦਗੀ ਨੂੰ ਮਾਨਣ ਦੇ ਹਰ ਸਾਧਨ ਉਸ ਪਾਸ ਹਨ। ਨਾਮ, ਪੈਸਾ, ਸ਼ੁਹਰਤ ਤੇ ਖੁਦਦਾਰੀ ਦੇ ਉਸ ਕੋਲ ਖੁੱਲ੍ਹੇ ਭੰਡਾਰ ਹਨ। ਇਸ ਲਈ ਨਾ ਉਸਨੂੰ ਆਲੋਚਕਾਂ, ਸੰਸਥਾਵਾਂ ਦੀ ਪਰਵਾਹ ਹੈ, ਨਾ ਭਵਿੱਖ ਦੀ ਚਿੰਤਾ।....ਉਹ ਮਸਤ ਰਹਿੰਦਾ ਹੈ। ਆਪਣੀ ਮਰਜ਼ੀ ਨਾਲ ਸੌਂਦਾ ਹੈ, ਆਪਣੀ ਮਰਜ਼ੀ ਨਾਲ ਜਾਗਦਾ ਹੈ। ਦੁਪਹਿਰ ਇੱਕ ਵਜੇ ਤੱਕ ਉਸਦਾ ਲਿਖਣ ਸਮਾਂ ਹੈ। ਪਰ ਇਹ ਦਾ ਇਹ ਮਤਲਬ ਨਹੀਂ ਹੈ, ਉਹ ਬਾਹਰੋਂ ਆਏ ਕਿਸੇ ਪਾਠਕ, ਪ੍ਰਸੰਸਕ ਜਾਂ ਲੇਖਕ ਨੂੰ ਇਸ ਸਮੇਂ ਮਿਲਦਾ ਨਹੀਂ। ਪਰ ਇਸ ਸਮੇਂ ਜੇ ਕੋਈ ਆਵੇ ਤਾਂ ਉਹ ਬੇਚੈਨੀ ਜ਼ਰੂਰ ਮਹਿਸੂਸ ਕਰਦਾ ਹੈ।

ਮੈਂ ਜਸਵੰਤ ਸਿੰਘ ਕੰਵਲ ਦਾ ਪ੍ਰਸੰਸਕ ਰਿਹਾ ਹਾਂ। ਸਮੇਂ-ਸਮੇਂ ਕੰਵਲ ਸਾਹਬ ਨੇ ਮੇਰੀਆਂ ਰਚਨਾਵਾਂ ਬਾਰੇ ਬੜੇ ਮੁੱਲਵਾਨ ਉਸਾਰੂ ਸੁਝਾ ਦਿੱਤੇ ਹਨ। 1998-1999 ਵਿੱਚ 'ਪੰਜਾਬੀ ਟ੍ਰਿਬਿਊਨ' ਲਈ ਮੈਂ ਕੰਵਲ ਨਾਲ ਇਕ ਲੰਮੀ ਮੁਲਾਕਾਤ ਕੀਤੀ ਸੀ। ਕਦੇ ਸਮਾਗਮਾਂ ਵਿੱਚ ਸਬੱਬੀ 'ਕੱਠਿਆਂ ਹੋ ਜਾਣਾ, ਗੱਲ ਰਸਮੀ ਸਤਿ ਸ੍ਰੀ ਅਕਾਲ ਤੋਂ ਕਦੇ ਵੀ ਅਗਾਂਹ ਨਹੀਂ ਤੁਰਦੀ। ਪੰਜਾਬੀ ਨਾਵਲ ਖੇਤਰ ਵਿੱਚ ਏਡੇ ਵੱਡੇ ਕੱਦ ਦੇ ਲੇਖਕ ਦੀਆਂ ਨਿਗਾਹਵਾਂ ਅਤੇ ਸੋਚ ਵਿੱਚ ਸ਼ਾਇਦ ਮੈਂ, ਉਹਨਾਂ ਨਾਲ ਕੋਈ ਸੰਵਾਦ ਰਚਾਉਣ ਦੇ ਯੋਗ ਨਹੀਂ ਹਾਂ। ਇਹ ਮੇਰੇ ਆਪਣੇ ਅੰਦਰ ਦੇ ਹੀਣ-ਭਾਵ ਵੀ ਹੋ ਸਕਦੇ ਹਨ। ਮੈਂ ਹੀ ਉਨ੍ਹਾਂ ਨਾਲ ਗੱਲਾਂ ਕਰਨ ਤੋਂ ਸੰਕੋਚ ਕਰ ਜਾਂਦਾ ਹੋਵਾਂ।

ਹਰ ਮਿਲਣ ਆਏ ਨੂੰ, ਕੰਵਲ, 'ਆਉ ਮੇਰੇ ਮਾਲਕ', 'ਆਊ ਮੇਰੇ ਸ਼ਹਿਨਸ਼ਾਹ' ਜਾਂ ਅਜਿਹਾ



ਹੀ ਕੋਈ ਹੋਰ ਵਿਸ਼ੇਸ਼ਣ ਲਗਾ ਕੇ ਸੰਬੋਧਨ ਹੁੰਦੇ ਹਨ। ਚਿਹਰਾ ਖਿੜ੍ਹ ਜਾਂਦਾ ਹੈ। ਮਿਲਣ ਵਾਲੇ ਦੀ ਝਿਜਕ ਜਾਂਦੀ ਰਹਿੰਦੀ ਹੈ।

ਇਕ ਵਾਰ ਪਿੰਡ ਕਪੂਰੇ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੈਕਚਰਾਰ ਸੁਰਜੀਤ ਦੌਧਰ ਦੇ ਉਚੇਚੇ ਯਤਨਾਂ ਨਾਲ ਮੇਰਾ ਰੂ-ਬ-ਰੂ ਪ੍ਰੋਗਰਾਮ ਹੋਇਆ, ਵਿਦਿਆਰਥੀਆਂ ਨਾਲ। ਬਹੁਤਾ ਸਮਾਂ ਮੈਂ ਇਸ ਰੂ-ਬ-ਰੂ ਨੂੰ ਟਾਲਦਾ ਆ ਰਿਹਾ ਸੀ। ਮੈਂ ਜਾਣਦਾ ਸਾਂ, ਸ਼ਾਇਦ ਮੈਂ ਵਿਦਿਆਰਥੀਆਂ 'ਤੇ ਕੋਈ ਪ੍ਰਭਾਵ ਨਾ ਪਾ ਸਕਾਂ, ਤੇ ਵਿਦਿਆਰਥੀਆਂ ਦੇ ਪੱਧਰ 'ਤੇ ਜਾ ਕੇ ਕੋਈ ਬਹੁਤੀ ਸਿਆਣੀ ਗੱਲ ਨਾ ਕਰ ਸਕਾਂ..।

ਉਸ ਦਿਨ ਜਦੋਂ ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਉਠਿਆ ਤਾਂ ਸਭ ਤੋਂ ਪਹਿਲਾਂ ਪੁੱਛਿਆ-

- ਆਪਣੇ ਇਲਾਕੇ ਵਿੱਚ-ਪੰਜਾਬੀ ਦਾ ਇਕ ਬਹੁਤ ਵੱਡਾ ਲੇਖਕ ਰਹਿੰਦਾ ਹੈ। ਕੀ ਤੁਸੀਂ ਉਸਦਾ ਨਾਮ ਜਾਣਦੇ ਹੋ ?'

ਵਿਦਿਆਰਥੀ ਇਕ ਦੂਸਰੇ ਦੇ ਕੂਹਣੀਆਂ ਮਾਰਨ ਲੱਗੇ -ਤੇ ਨੀਵੀਆਂ ਪਾ ਗਏ।

ਮੈਂ ਬੜਾ ਹੈਰਾਨ ਹੋਇਆ। ਪਲੱਸ-ਵਨ, ਪਲੱਸ-ਟੂ ਦੇ ਵਿਦਿਆਰਥੀ ਵੀ ਸਨ। ਮੈਂ ਫਿਰ ਪੁੱਛਿਆ - 'ਖ਼ਿਮਾ ਕਰਨਾ, ਕੀ ਅਧਿਆਪਕਾਂ ਵਿੱਚੋਂ ਕੋਈ ਦੱਸ ਸਕਦਾ ਹੈ, ਸਾਡੇ ਇਲਾਕੇ ਦੇ ਉਸ ਲੇਖਕ ਦਾ ਨਾਮ ਕੀ ਹੈ ?'

ਅਧਿਆਪਕ ਵੀ ਚੁੱਪ ਰਹੇ।

ਮੈਂ ਦੱਸਿਆ - 'ਆਪਣੇ ਗੁਆਂਢ ਪਿੰਡ ਢੁੱਡੀਕੇ ਵਿਚ ਜਸਵੰਤ ਸਿੰਘ ਕੰਵਲ ਅੱਜ ਪੰਜਾਬੀ ਦੇ ਵੱਡੇ ਨਾਵਲਕਾਰ ਹਨ। ਇਕ ਧਾਰਨਾ ਹੈ ਕਿ ਉਹ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਨਾਵਲਕਾਰ ਹਨ। ਤੁਸੀਂ ਅੱਜ ਇਹ ਧਾਰਨਾ ਤੋੜ ਕੇ ਮੈਨੂੰ ਹੈਰਾਨ ਕਰ ਦਿੱਤਾ ਹੈ।'

ਬਾਅਦ ਵਿੱਚ ਇਕ ਅਧਿਆਪਕ ਨੇ ਸ਼ਰਮ ਜਿਹੀ ਮਹਿਸੂਸ ਕਰਦਿਆਂ ਕਿਹਾ- 'ਯਾਰ ਪਤਾ ਤਾਂ ਸੀ, ਮੌਕੇ 'ਤੇ ਯਾਦ ਹੀ ਨਹੀਂ ਆਇਆ।'

ਜਦੋਂ ਏਡੇ ਵੱਡੇ ਨਾਵਲਕਾਰ ਨੂੰ ਵਿਦਿਆਰਥੀ ਨਹੀਂ ਜਾਣਦੇ, ਮੇਰੇ ਨਾਲ ਵਿਦਿਆਰਥੀਆਂ ਦਾ ਰੂ-ਬ-ਰੂ ਕੀ ਅਰਥ ਰੱਖਦਾ ਹੈ।' ਮੈਂ ਕਿਹਾ।

ਭਾਵੇਂ ਕਪੂਰੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਸਵੰਤ ਸਿੰਘ ਕੰਵਲ ਬਾਰੇ ਜਾਣਕਾਰੀ ਨਹੀਂ ਹੈ। ਇਸਦੇ ਬਾਵਜੂਦ, ਜਵਾਨੀ ਵਿੱਚ ਪੈਰ ਧਰ ਰਹੇ, ਵਿਦਿਆਰਥੀਆਂ ਤੋਂ ਲੈ ਕੇ ਘਾਗ ਸਿਆਸਤਾਨਾਂ ਤੱਕ, ਉਸਦੀਆਂ ਰਚਨਾਵਾਂ ਅਤੇ ਨਾਵਲ ਬੜੀ ਦਿਲਚਸਪੀ ਨਾਲ ਪੜ੍ਹੇ ਜਾਂਦੇ ਹਨ। ਕਦੇ ਉਹ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹੇ ਖ਼ਤ ਲਿਖਦਾ ਹੈ, ਕਦੇ ਮੁੱਖ ਮੰਤਰੀ ਨੂੰ ਵੰਗਾਰ ਰਿਹਾ ਹੁੰਦਾ ਹੈ, ਕਦੇ ਸਿੱਖ ਜੁਝਾਰੂਆਂ ਨੂੰ ਸੰਬੋਧਨ ਕਰਦਾ ਹੈ। ਕਦੇ ਅਕਾਲੀ ਦਲ ਦੇ ਨੇਤਾਵਾਂ ਅਤੇ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਉਹਨਾਂ ਦੇ ਫਰਜ਼ਾਂ ਤੋਂ ਜਾਣੂ ਕਰਵਾ ਰਿਹਾ ਹੁੰਦਾ ਹੈ।

ਵਿੱਦਿਆ ਪੱਖੋਂ ਕੰਵਲ ਤੋਂ ਦਸਵੀਂ ਜਮਾਤ ਪਾਸ ਨਹੀਂ ਹੋਈ...ਪੈਸੇ ਕਮਾਉਣ ਦਾ ਲਾਲਚ ਉਸ ਨੂੰ ਮਲਾਇਆ ਲੈ ਗਿਆ। ਉੱਥੇ ਇਕ ਗੁਰਦੁਆਰੇ ਵਿੱਚ ਕਵਿਤਾ ਪੜ੍ਹਨ ਤੋਂ ਬਾਅਦ ਪ੍ਰਸਿੱਧ ਹੋਣ ਦੀ ਭੁੱਖ ਵੀ ਚਮਕ ਪਈ। ਉਹ ਬੜਾ ਭਾਵੁਕ ਹੋ ਕੇ ਪੁਰਾਣੇ ਸਮੇਂ ਨੂੰ ਯਾਦ ਕਰਦਾ ਹੈ, ਜਦੋਂ ਉਹ ਹੀਰ ਗਾ ਕੇ ਪੜ੍ਹਦਾ ਅਤੇ ਸੁਣਾਉਂਦਾ ਹੁੰਦਾ ਸੀ। ਮਲਾਇਆ ਵਿੱਚ ਉਹ ਤੁਕਬੰਦੀ ਵੀ ਕਰਨ ਲੱਗ ਪਿਆ..'ਭਾਈ ਕੇ ਫਫੜੇ' ਪਿੰਡ ਦੇ ਚੰਨਣ ਸਿੰਘ ਨੇ ਉਸਦੇ ਕੰਨ ਖਿੱਚੇ।

- ਤੈਨੂੰ ਤਾਂ ਕਵਿਤਾ ਲਿਖਣੀ ਨਹੀਂ ਆਉਂਦੀ।

– ਤੇਰੀ ਕਵਿਤਾ ਵਿੱਚ ਤਾਂ ਬੜੀਆਂ ਗਲਤੀਐ।

– ਤੈਨੂੰ ਤਾਂ ਤੋਲ–ਤੁਕਾਂਤ ਦਾ ਪਤਾ ਨੀ।

ਤੇ ਕੰਵਲ ਨੂੰ ਚੰਨਣ ਸਿੰਘ ਤੋਂ ਹੀ ਪਤਾ ਲੱਗਦਾ ਹੈ, ਇਕਹਰੀ ਮਾਤਰਾ ਕੀ ਹੁੰਦੀ ਹੈ ਤੇ ਡਬਲ ਮਾਤਰਾ ਕੀ ਹੁੰਦੀ ਹੈ। ਕਾਫ਼ੀਆ–ਰਦੀਫ਼ ਦਾ ਨਾਮ ਵੀ ਪਹਿਲੀ ਵਾਰ ਮਲਾਇਆ ਵਿੱਚ ਹੀ ਸੁਣਿਆ। ਉਹ ਆਪ ਆਖਦਾ ਹੈ–

– ਹੀਰ ਮੈਂ ਬਹੁਤ ਸੋਹਣੀ ਗਾ ਲੈਂਦਾ ਸਾਂ। ਲੋਕ ਮੈਨੂੰ ਜਾਨਣ ਲੱਗ ਪੇ। ਬੜਾ ਚੰਗਾ–ਚੰਗਾ ਲੱਗਿਆ। ਲੋਕ ਮੈਨੂੰ ਜਾਨਣ, ਮੈਂ ਮਸ਼ਹੂਰ ਹੋਵਾਂ। –ਮਨ ਵਿੱਚ ਇਹੀ ਰਹਿੰਦਾ ਸੀ। ਪਰ ਮੈਂ ਪੜ੍ਹਿਆ ਘੱਟ ਸਾਂ। ਇਹ ਝੋਰਾ ਲੱਗ ਗਿਆ। ਤਿੰਨ ਸਾਲਾਂ ਬਾਅਦ ਮਲਾਇਆ ਤੋਂ ਵਾਪਸ ਆ ਗਿਆ, ਹੋਰ ਪੜ੍ਹਨ ਲਈ। ਪਰ ਏਥੇ ਘਰੇਲੂ ਕਲੇਸ਼ ਪੈ ਗਿਆ। ਵੱਡਾ ਭਰਾ ਅੱਡ ਹੋ ਗਿਆ। ਖੇਤੀ 'ਚ ਪੰਗੇ। ਹੁਣ ਕੀਹਨੇ ਪੜ੍ਹਨਾ ਸੀ। ਪਰ ਪੜ੍ਹਨ–ਲਿਖਣ ਦੀ ਚਿਣਗ ਮੱਠੀ ਨੀ ਪਈ। ਮੈਂ ਮੋਗੇ ਤੋਂ ਲਾਹੌਰ ਮਾਲਵਾ ਬਸ 'ਤੇ ਜਾਂਦਾ ਸਾਂ। 14 ਆਨੇ ਟਿਕਟ ਲੱਗਦੀ ਸੀ। ਉਥੋਂ ਕਿਤਾਬਾਂ ਖਰੀਦਣੀਆਂ ਤੇ ਪਿੰਡ ਆ ਜਾਣਾ। ਡਾਨ ਵਹਿੰਦਾ ਰਿਹਾ, ਟਾਲਸਟਾਏ, ਗੋਰਕੀ, ਚੈਖ਼ਵ, ਵਿਕਟਰ ਹਿਊਗੋ...ਹਾਰਡੀ..... ਮੈਂ ਸਭ ਉਰਦੂ ਵਿੱਚ ਪੜ੍ਹੇ।.....

ਹੁਣ ਕੰਵਲ ਨੂੰ ਘੱਟ ਪੜ੍ਹੇ ਹੋਣ ਦਾ ਝੋਰਾ ਨਹੀਂ ਹੈ। ਸਗੋਂ ਘੱਟ ਪੜ੍ਹੇ ਹੋਣ ਦੇ ਬਾਵਜੂਦ ਉਸਦੇ ਨਾਵਲ ਐਮ. ਏ., ਬੀ. ਏ. ਦੇ ਸਿਲੇਬਸਾਂ ਵਿੱਚ ਲੱਗੇ ਹਨ। ਵਿਦਿਆਰਥੀ ਪੀ. ਐਚ. ਡੀ., ਐਮ. ਫਿਲ ਕਰ ਰਹੇ ਹਨ। ਇਸਦਾ ਉਸਨੂੰ ਗਰਵ ਹੈ।

ਜੇ ਉਹ ਨੂੰ ਕਹੀਏ–ਤੁਹਾਡੇ ਨਾਵਲਾਂ ਵਿੱਚ ਨਾਨਕ ਸਿੰਘ ਵਾਲੀ ਭਾਵੁਕਤਾ ਅਤੇ ਕਾਵਿਕਤਾ ਹੈ ਤਾਂ ਉਹ ਝੱਟ ਕਹੇਗਾ–'ਸੱਚ ਨੂੰ ਫਾਂਸੀ' ਮੇਰਾ ਪਹਿਲਾ ਯਥਾਰਥਵਾਦੀ ਨਾਵਲ ਹੈ। ਇਹ 1944 ਵਿੱਚ ਛਪਿਆ ਸੀ।

ਨਾਨਕ ਸਿੰਘ ਇਕ ਪਰੰਪਰਾ ਛੱਡ ਗਿਆ – ਜਜ਼ਬਾਤ ਦਾ ਪੂਰਾ ਵੇਗ, ਕਥਾਨਕ ਬੇਹੱਦ ਦਿਲਚਸਪ ਤੇ ਨੈਤਿਕ ਕਦਰਾਂ–ਕੀਮਤਾਂ ਪ੍ਰਤੀ ਉਚੇਚਾ ਮੋਹ। ਕੰਵਲ ਨੇ ਵੀ ਕੁਝ ਨਾਵਲਾਂ ਵਿੱਚ ਨਾਨਕ ਸਿੰਘ ਦੀ ਪਰੰਪਰਾ ਨੂੰ ਹੀ ਪੱਕਿਆਂ ਕੀਤਾ ਹੈ।

ਪਰ ਕੰਵਲ ਸਮਝਦਾ ਹੈ, 'ਮੈਂ ਇਹ ਪਰੰਪਰਾ ਤੋੜੀ ਹੈ। ਕਦੇ 'ਰਾਤ ਬਾਕੀ ਹੈ' ਲਿਖਣ ਵੇਲੇ ਉਹ ਮਾਰਕਸੀਆਂ ਦਾ ਚਹੇਤਾ ਲੇਖਕ ਬਣਿਆ ਤੇ ਫਿਰ ਮੂਲਵਾਦੀਆਂ ਨੇ ਉਸਨੂੰ ਆਪਣਾ ਲੇਖਕ ਮੰਨਿਆ।......ਉਹ ਕਹਿੰਦਾ ਹੈ, ਗੋਰਕੀ ਨੂੰ ਵੀ ਰੂਸ ਤੋਂ ਬਾਹਰ ਜਾਕੇ ਜ਼ਬਾਨ ਖੋਹਲਣੀ ਪਈ। ਮੈਂ ਵੀ ਓਦਾਂ ਬੇਗੁਨਾਹਾਂ ਲੋਕਾਂ ਨਾਲ ਖੜਾ ਹਾਂ। ਬੇਗੁਨਾਹਾਂ ਦਾ ਕਤਲ ਭਾਵੇਂ ਸਰਕਾਰ ਕਰੇ ਤੇ ਭਾਵੇਂ ਅੰਦੋਲਨਕਾਰੀ ਕਰਨ, ਮੈਂ ਲੋਕਾਂ ਦੇ ਨਾਲ ਹਾਂ।

ਇਹ ਲੋਕਾਂ ਦੇ ਨਾਲ ਖੜ੍ਹਨ ਵਾਲਾ 'ਬ੍ਰਹਮ ਅਸਤਰ' ਕੰਵਲ ਦੇ ਬੜਾ ਕੰਮ ਆਉਂਦਾ ਹੈ।....'ਰਾਤ ਬਾਕੀ ਹੈ' ਵੇਲੇ, ਖੱਬੀ ਧਿਰ ਦੀ ਵਿਚਾਰਧਾਰਾ ਵਾਲਿਆਂ ਵਿੱਚ ਕੰਵਲ ਦੀ ਬੱਲੇ ਬੱਲੇ ਹੋ ਗਈ। 'ਲਹੂ ਦੀ ਲੋਅ' ਵੇਲੇ ਨਕਸਲਬਾੜੀਆਂ ਨੇ ਉਸਨੂੰ ਹੱਥਾਂ ਉੱਤੇ ਚੁੱਕ ਲਿਆ। 'ਐਨਿਆਂ 'ਚ ਉਠੋ ਸੂਰਮਾ' ਵੇਲੇ ਉਹ ਖਾੜਕੂਆਂ ਦਾ ਚਹੇਤਾ ਬਣ ਗਿਆ। ਸਮੇਂ ਦੇ ਨਾਲ–ਨਾਲ ਕੰਵਲ ਵੀ ਵਿਚਾਰਧਾਰਕ ਪੱਖਾਂ ਤੋਂ ਪੈਂਤੜੇ ਬਦਲ ਰਿਹਾ।

ਮੈਂ ਉਦੋਂ ਬੀ. ਏ. ਵਿੱਚ ਪੜ੍ਹਦਾ ਸਾਂ। ਪ੍ਰੋ. ਕਿਰਪਾਲ ਸਾਗਰ ਪੰਜਾਬੀ ਦੇ ਲੈਕਚਰਾਰ ਸਨ। ਉਦੋਂ ਕੰਵਲ ਦਾ ਨਾਵਲ 'ਹਾਣੀ' ਛਪਿਆ ਸੀ। ਕਈ ਦਿਨ ਇਹ ਨਾਵਲ ਮੈਂ ਪ੍ਰੋਫੈਸਰ ਦੇ ਹੱਥਾਂ ਵਿੱਚ ਵੇਖਿਆ। ਕੰਵਲ ਵੀ ਗਾਹੇ ਬਗਾਹੇ 'ਸਾਗਰ' ਨੂੰ ਮਿਲਣ ਜਾਇਆ ਕਰਦਾ ਸੀ। ਸਾਗਰ ਕਦੇ ਕਦੇ



ਸਾਡੇ ਨਾਲ ਵਰਤਮਾਨ ਸਾਹਿਤ ਬਾਰੇ ਆਪਣੀ ਰਾਇ ਸਾਂਝੀ ਕਰਦੇ ਰਹਿੰਦੇ ਸਨ ਤੇ ਸਾਨੂੰ ਕੋਰਸਾਂ ਤੋਂ ਬਾਹਰ ਦੀਆਂ ਪੁਸਤਕਾਂ ਪੜ੍ਹਨ ਲਈ ਪ੍ਰੇਰਦੇ ਸਨ। ਇਕ ਦਿਨ ਉਨ੍ਹਾਂ ਦੱਸਿਆ–

– ਕੰਵਲ ਸਾਹਿਬ ਆਏ ਸਨ। ਮੈਂ 'ਹਾਣੀ' ਦੇ ਪਾਤਰਾਂ ਬਾਰੇ ਗੱਲ ਕੀਤੀ। ਮੈਂ ਕਿਹਾ, ਕੰਵਲ ਸਾਹਿਬ, ਇਸ ਨਾਵਲ ਵਿੱਚ ਨਾਇਕਾ ਮਜ਼੍ਹਬੀਆਂ ਦੀ ਲੜਕੀ ਹੈ, ਤੇ ਨਾਇਕ ਜੱਟਾਂ ਦਾ ਮੁੰਡਾ ਹੈ। ਜੇ ਤੁਸੀਂ ਲੜਕਾ ਮਜ਼੍ਹਬੀਆਂ ਦਾ ਤੇ ਲੜਕੀ ਜੱਟਾਂ ਦੀ ਸਿਰਜਦੇ ਤਾਂ.......।'

– ਇਹ ਕਿਵੇਂ ਹੋ ਜਾਊ।' ਕੰਵਲ ਨੇ ਮੈਨੂੰ ਟੋਕਿਆ।

ਮਗਰੋਂ ਕਿਰਪਾਲ ਸਾਗਰ ਨੇ ਹੱਸਦਿਆਂ ਕਿਹਾ, 'ਇਹ ਹੈ ਸਾਡੇ ਲੇਖਕਾਂ ਦੀ ਸੋਚਣੀ, ਉਹ ਇਹ ਮਿੱਥਾਂ ਆਪਣੇ ਨਾਵਲਾਂ ਵਿੱਚ ਵੀ ਤੋੜਨਾ ਨੀ ਚਾਹੁੰਦੇ। ਉਸਦੇ ਪਾਤਰ ਤਾਂ ਪਰੰਪਰਾ ਅਨੁਸਾਰ, ਪਿਆਰ ਲਈ ਕੁਰਬਾਨੀ ਕਰਦੇ ਹਨ। ਉਹ ਆਪਣੀਆਂ ਸਮਾਜਕ ਸੀਮਾਵਾਂ ਵੀ ਉਲੰਘਦੇ ਹਨ। ਪਾਠਕ ਵੀ ਇਹ ਤਵੱਕੋ ਕਰਦੇ ਹਨ, ਜਿਸ ਤਰ੍ਹਾਂ ਦਾ ਸੰਸਾਰ ਨਾਵਲ ਵਿੱਚ ਲੇਖਕ ਸਿਰਜਦਾ ਹੈ, ਉਸਦੀ ਆਪਣੀ ਜ਼ਿੰਦਗੀ ਵਿੱਚ ਫੈਸਲੇ ਵੀ ਉਸ ਤਰ੍ਹਾਂ ਦੇ ਲੈਣੇ ਚਾਹੀਦੇ ਹਨ। ਪਾਠਕਾਂ ਲਈ ਲੇਖਕ ਇਕ ਮਾਡਲ ਵਜੋਂ ਸਵੀਕਾਰੇ ਜਾਂਦੇ ਹਨ। ਲੇਖਣੀ ਅਤੇ ਜ਼ਿੰਦਗੀ ਦਾ ਸੁਮੇਲ, ਲੇਖਕ ਦੀ ਸ਼ਹਿਰਦਿਤਾ ਅਤੇ ਜੀਵਨ ਪ੍ਰਤੀ, ਸਮਾਜ ਪ੍ਰਤੀ ਪ੍ਰਤੀਬੱਧਤਾ ਦਾ ਲਖਦਾਇਕ ਹੁੰਦਾ ਹੈ।"

ਕੰਵਲ ਅੰਦਰਲਾ ਜੱਟਵਾਦ, ਕਿਸੇ ਦੀ ਪਰਵਾਹ ਨਹੀਂ ਕਰਦਾ। ਜਿਹੜੀ ਸੰਸਥਾ ਜਾਂ ਜੱਥੇਬੰਦੀ ਉਸਦੀ ਵਿਚਾਰਧਾਰਾ ਅਨੁਸਾਰ ਕਾਰਜ ਨਹੀਂ ਕਰਦੀ, ਤਾਂ ਇਹ ਜ਼ਰੂਰੀ ਨਹੀਂ ਹੈ, ਉਸ ਨਾਲ ਬੱਝਿਆ ਰਹੇ।

ਇਸੇ ਕਾਰਨ, ਕੰਵਲ ਕੇਂਦਰੀ ਲੇਖਕ ਸਭਾ ਦੇ ਇਕ ਧੜੇ ਦਾ ਪ੍ਰਧਾਨ ਹੈ। ਭਾਵੇਂ ਦੋਹਾਂ ਧੜਿਆਂ ਦੇ ਮੈਂਬਰਾਂ ਦੀ ਲਿਸਟ ਵਿੱਚ ਬਹੁਤੇ ਨਾਮ ਸਾਂਝੇ ਹਨ।

ਭਾਵੇਂ ਕੰਵਲ ਕਹਿੰਦਾ ਹੈ, 'ਮੈਂ ਦਿਲੋਂ ਚਾਹੁੰਨੈ ਦੋਵੇਂ ਸਭਾਵਾਂ ਇਕ ਹੋ ਜਾਣ। ਏਕਤਾ ਨੇਮਾਂ ਨਾਲੋਂ ਵੱਡੀ ਹੁੰਦੀ ਹੈ। ਸਾਹਿਤਕਾਰਾਂ ਨੂੰ ਰਾਜਸੀ ਧਿੜ ਵਿੱਚ ਕੁਚਲੇ ਨਹੀਂ ਜਾਣਾ ਚਾਹੀਦਾ। ਸਮਾਜ ਨੂੰ ਸੇਧ ਦੇਣ ਵਾਲੇ ਲੇਖਕ ਜੇ ਆਪਸ ਵਿੱਚ ਸਿਰ ਜੋੜ ਕੇ ਬੈਠ ਨੀ ਸਕਦੇ ਤਾਂ ਸ਼ਰਮਨਾਕ ਗੱਲ ਹੈ।' ਇਸਦੇ ਬਾਵਜੂਦ, ਦੂਸਰੀ ਕੇਂਦਰੀ ਲੇਖਕ ਸਭਾ, 'ਕੰਵਲ ਵਾਲੀ ਕੇਂਦਰੀ ਸਭਾ' ਕਹਿਲਾਉਂਦੀ ਹੈ।

ਪੱਤਰਕਾਰੀ ਨੂੰ ਕੰਵਲ ਬਹੁਤ ਮਾੜਾ ਸਮਝਦਾ ਹੈ। ਉਹ ਕਹਿੰਦਾ ਹੈ–'ਇਸ ਨਾਲ ਡੂੰਘਾਈ ਅਤੇ ਗੰਭੀਰਤਾ ਨੂੰ ਸੱਟ ਲੱਗਦੀ ਹੈ।' ਆਪ ਉਹ ਲੋੜ ਪੈਣ 'ਤੇ ਪੱਤਰਕਾਰੀ ਵੀ ਕਰਦਾ ਹੈ। ਸਮੇਂ ਸਮੇਂ ਰਾਜਸੀ ਲੀਡਰਾਂ ਨੂੰ ਸੁਝਾ ਦੇਣੇ ਆਪਣਾ ਕਰੱਤਵ ਸਮਝਦਾ ਹੈ। ਉਹ ਕਹਿੰਦਾ ਹੈ, 'ਅਕਾਲੀ ਭਾਜਪਾ ਦੇ ਹੱਥੀਂ ਚੜ੍ਹਕੇ ਵਰਤੇ ਜਾਣਗੇ। ਇਕ ਕਿਸਾਨਾਂ ਦੀ (ਭਾਵੇਂ ਇਸ ਵਿਚ ਬਾਦਲ ਵਰਗੇ ਰਜਵਾੜੇ ਵੀ ਹਨ।) ਜੱਥੇਬੰਦੀ ਹੈ, ਦੂਸਰੀ ਵਪਾਰੀਆਂ ਦੀ ਜਮਾਤ ਹੈ।'

ਕੰਵਲ ਕਹਿੰਦਾ ਹੈ, 'ਮੈਂ ਇਨਾਮਾਂ ਪਿੱਛੇ ਨਹੀਂ ਭੱਜਦਾ। ਭੱਜਣਾ ਚਾਹੀਦਾ ਵੀ ਨਹੀਂ। ਜਿਹੜੇ ਲੋਕ ਇਨਾਮ ਲੈਣ ਲਈ ਮੈਥੋਂ ਵੋਟ ਮੰਗਣ ਆਉਂਦੇ ਹਨ, ਤਾਂ ਮੈਨੂੰ ਸ਼ਰਮ ਆਉਂਦੀ ਹੈ।' ਉਸਦੇ ਆਪਣੇ ਹੱਥ ਇਕ ਵੱਕਾਰੀ ਇਨਾਮ ਹੈ। ਉਹ ਜਿਸਨੂੰ ਚੰਗਾ ਸਮਝਦਾ ਹੈ, ਉਸ ਨੂੰ ਇਨਾਮ ਦਿੰਦਾ ਹੈ। ਕੋਈ ਚੋਣ ਕਮੇਟੀ ਨਹੀਂ, ਕੋਈ ਪ੍ਰਤਿਭਾ ਸਰਵੇਖਣ ਨਹੀਂ। 'ਸਾਹਿਬ ਹੱਥ ਵਡਿਆਈਆ, ਜਿਸ ਭਾਵੇਂ ਤਿਸ ਦੇਹ।"

ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ, ਕੰਵਲ ਸਾਹਬ ਨੇ ਆਪਣੀ ਪ੍ਰਧਾਨਗੀ ਵਾਲੀ ਕੇਂਦਰੀ ਲੇਖਕ ਸਭਾ ਦੇ ਸਭ ਅਹੁਦੇਦਾਰਾਂ ਨੂੰ ਇਨਾਮ ਦੀ ਇਸ ਖ਼ੈਰਾਤ ਨਾਲ ਨਿਵਾਜ ਦਿੱਤਾ ਹੈ, ਤੇ ਜਿਸਨੇ ਵੀ ਉਸ ਅੱਗੇ ਆ ਕੇ ਝੋਲੀ ਅੱਡੀ ਹੈ, ਉਹ ਉਸ ਦੇ ਦਰ ਤੋਂ ਖ਼ਾਲੀ ਨਹੀਂ ਮੁੜਿਆ।

ਇਕ ਵਾਰ ਸਾਹਿਤ ਸਭਾ ਜਗਰਾਵਾਂ ਦੀ ਸੰਸਥਾ ਨੇ ਡਾ. ਅਨੂਪ ਵਿਰਕ ਨੂੰ ਸਨਮਾਨਿਤ ਕੀਤਾ। ਕੰਵਲ ਸਾਹਿਬ ਉਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ। ਜਦੋਂ ਅਨੂਪ ਵਿਰਕ ਦੋ ਸ਼ਬਦ ਬੋਲਣ ਲਈ ਉਠਿਆ ਤਾਂ ਉਸਨੇ ਆਪਣੇ ਅੰਦਾਜ਼ ਵਿੱਚ ਕਿਹਾ :

– ਕੰਵਲ ਸਾਹਿਬ ਬੈਠੇ ਹੋਏ ਨੇ। ਮੈਂ ਆਪਣੇ ਆਪ ਨੂੰ ਤਾਹੀਂ ਕਵੀ ਮੰਨਾਂਗਾ ਜੇ ਮੈਨੂੰ ਢੁੱਡੀਕੇ ਵਾਲਾ ਇਨਾਮ ਮਿਲ ਜਾਵੇ।'

ਸਮਾਗਮ ਵਿੱਚ ਬੈਠੇ ਸਰੋਤਿਆਂ ਕਾਨਾਫੂਸੀ ਕੀਤੀ –'ਲੈ ਅਗਲਾ ਇਨਾਮ ਵਿਰਕ ਨੂੰ ਮਿਲਣੈ..... ?'

ਤੇ ਸਚਮੁਚ ਹੀ ਅਗਲੇ ਵਰ੍ਹੇ ਦਾ ਪੁਰਸਕਾਰ ਵਿਰਕ ਦੀ ਝੋਲੀ ਪੈ ਗਿਆ।

ਸ਼ਾਇਦ ਦਰਜਾਬੰਦੀ ਵਿਚ ਕੁਤਾਹੀ ਕਾਰਨ ਹੀ ਬੰਬਈ ਦੇ ਖੁਦਦਾਰ ਲੇਖਕ ਸੁਖਬੀਰ ਨੇ ਕਵਿਤਾ ਦਾ ਇਹ ਇਨਾਮ ਲੈਣੋ ਇਨਕਾਰ ਕਰ ਦਿੱਤਾ ਸੀ।

ਇਹਨਾਂ ਸਾਰੀਆਂ ਗੱਲਾਂ ਤੋਂ ਬੇਪਰਵਾਹ, ਕੰਵਲ ਆਪਣੀ ਮਸਤੀ ਵਿੱਚ ਰਹਿੰਦਾ ਹੈ। ਲਗਾਤਾਰ ਲਿਖ ਰਿਹਾ ਹੈ। ਭਾਵੇਂ 'ਇਕ ਹੋਰ ਹੈਲਨ' ਲਿਖਕੇ ਕੰਵਲ ਨ ਲੁਧਿਆਣੇ ਪੰਜਾਬੀ ਭਵਨ ਵਿਚ ਕਿਹਾ ਸੀ–'ਇਹ ਮੇਰਾ ਆਖਰੀ ਨਾਵਲ ਹੈ।'

'ਤੌਸਾਲੀ ਦੀ ਹੰਸੋ' ਨਾਵਲ ਉਪਰ ਉਸ ਨੂੰ ਮਾਣ ਹੈ। ਉਹ ਕਹਿੰਦਾ ਹੈ, 'ਪਿਆਰ ਦੇ ਨਾਲ–ਨਾਲ ਜ਼ਿੰਦਗੀ ਦੀ ਵੀ ਸੰਪੂਰਨ ਗੱਲ ਹੋਣੀ ਚਾਹੀਦੀ ਹੈ। 'ਤੌਸਾਲੀ ਦੀ ਹੰਸੋ' ਲਿਖ ਕੇ ਰੂਹ ਦਾ ਰੱਜ ਆ ਗਿਆ ਹੈ। ਜ਼ਿੰਦਗੀ ਵਿੱਚ ਪਿਆਰ ਨਹੀਂ ਤਾਂ ਨਰਕ ਹੈ।'

ਕੰਵਲ ਨੇ ਆਪਣੀ ਜ਼ਿੰਦਗੀ ਵਿੱਚ ਦੋ ਇਸ਼ਕ ਕੀਤੇ ਹਨ। ਮਲਾਇਆ ਵਿਚ ਸੀ ਤਾਂ ਇਸ ਉੱਚੇ ਲੰਮੇ ਪੰਜਾਬੀ ਗੱਭਰੂ 'ਤੇ ਇਕ ਚੀਨੀ ਲੜਕੀ 'ਚਾਂਗ' ਮੋਹਿਤ ਹੋ ਗਈ। ਉਹ ਕੰਵਲ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਕੰਵਲ ਉਸਨੂੰ ਢੁੱਡੀਕੇ ਲਿਆਉਣਾ ਚਾਹੁੰਦਾ ਸੀ। ਦੋ ਸਭਿਆਚਾਰਾਂ ਦਾ ਟਕਰਾ ਸੀ। ਚੀਨਣ ਥਿੜਕ ਗਈ ਤੇ ਗੱਲ ਅੱਧਵਾਟੇ ਟੁੱਟ ਗਈ।

ਦੂਸਰਾ ਇਸ਼ਕ ਕੰਵਲ ਨੇ ਡਾ. ਜਸਵੰਤ ਗਿੱਲ ਨਾਲ ਕੀਤਾ। ਇਹ ਇਸ਼ਕ ਡਾ. ਜਸਵੰਤ ਗਿੱਲ ਦੇ ਅੰਤਮ ਸਵਾਸ ਤੱਕ ਨਿਭਿਆ। ਪਹਿਲਾਂ ਪਾਠਕ ਤੇ ਲੇਖਕ ਦੇ ਖਤਾਂ ਦਾ ਅਦਾਨ–ਪ੍ਰਦਾਨ ਹੋਇਆ। ਫਿਰ ਮੁਲਾਕਾਤਾਂ ਹੋਈਆਂ। ਕੰਨਿਆਂ ਕੁਮਾਰੀ ਤੋਂ ਕਸ਼ਮੀਰ ਤੱਕ ਭਾਰਤ ਘੁੰਮਿਆ ਤੇ ਅੰਤ ਇੱਕ ਗੁਰਦੁਆਰੇ ਵਿੱਚ ਲਾਵਾਂ ਲੈ ਲਈਆਂ।

ਡਾ. ਗਿੱਲ ਬਾਰੇ ਗੱਲਾਂ ਕਰਦਿਆਂ ਅਜੇ ਵੀ ਉਸਦਾ ਮਨ ਦ੍ਰਵਤ ਹੋ ਜਾਂਦਾ ਹੈ। ਢਿੱਲੀਆਂ ਚੂਲਾਂ ਵਾਲੇ ਮੇਜ਼ ਅਤੇ ਕੁਰਸੀ ਉਪਰ ਬੈਠਿਆਂ, ਉਹ ਬਹੁਤ ਡੂੰਘਾ ਲਹਿ ਜਾਂਦਾ ਹੈ। ਇਸੇ ਮੇਜ਼ ਕੁਰਸੀ ਉਪਰ ਉਸਨੇ ਆਪਣੇ ਸਾਰੇ ਨਾਵਲ ਲਿਖੇ ਹਨ। ਇਹ ਮੇਜ਼ ਕੁਰਸੀ ਨਾਲ ਉਸਦਾ ਖਾਸ ਲਗਾਉ ਹੈ। ਪਰ ਉਹ ਕਹਿੰਦਾ ਹੈ, 'ਇਹ ਧੁੱਪੇ ਛਾਵੇਂ ਕਰਨੇ ਸੌਖੇ ਹਨ, ਇਸ ਲਈ ਇਨ੍ਹਾਂ ਦੀ ਵਧੇਰੇ ਵਰਤੋਂ ਕਰਦਾ ਹਾਂ।'

ਉਹ ਇਤਰਾਜ਼ ਕਰਦਾ ਹੈ, 'ਅੱਜ ਕਲ੍ਹ ਦੇ ਨਵੇਂ ਲੇਖਕ ਬਹੁਤ ਕਾਹਲੇ ਹਨ। ਉਨ੍ਹਾਂ ਵਿੱਚ ਧੀਰਜ ਨਹੀਂ ਹੈ। ਕਿਤਾਬ ਮਗਰੋਂ ਲਿਖਦੇ ਹਨ, ਗੋਸ਼ਟੀਆਂ ਕਰਵਾਉਣ ਲਈ ਭੱਜ ਨੱਠ ਪਹਿਲਾਂ ਸ਼ੁਰੂ ਕਰ ਦਿੰਦੇ ਹਨ। ਆਲੋਚਕਾਂ ਅਤੇ ਸਾਹਿਤ ਸਭਾਵਾਂ ਵਾਲਿਆਂ ਕੋਲ ਨੱਠੇ ਫਿਰਦੇ ਹਨ। ਪੱਲਿਉਂ ਖਰਚਾ ਦਿੰਦੇ ਹਨ। ਦਾਰੂ ਪਿਆਉਂਦੇ ਹਨ। ਗੋਸ਼ਟੀਆਂ ਨਾਲ ਕਿਤਾਬ ਵੱਡੀ ਨਹੀਂ ਹੁੰਦੀ। ਚੰਗਾ ਸਾਹਿਤ ਸੋਨਾ ਹੈ। ਚਿਕੜ ਵਿਚ ਪਿਆ ਵੀ ਚਮਕੇਗਾ।'

ਦੋਸਤਾਂ ਦੀਆਂ ਗੈਰ–ਰਸਮੀ ਸਾਹਿਤਕ ਮਹਿਫ਼ਲਾਂ ਵਿੱਚ ਕੰਵਲ ਬਾਰੇ ਬੜਾ ਕੁਝ ਕਹਿਆ ਸੁਣਿਆ ਜਾਂਦਾ ਹੈ। ਅਜਿਹੀਆਂ ਮਹਿਫ਼ਲਾਂ ਵਿੱਚ ਹਰ ਗੈਰ–ਹਾਜ਼ਰ ਲੇਖਕ ਬਾਰੇ ਟਿੱਪਣੀਆਂ ਦੀ



ਰਵਾਇਤ ਆਮ ਹੈ। ਇਹ ਗੱਲਾਂ ਮੈਂ ਇੱਥੇ ਵੀ ਲਿਖ ਸਕਦਾ ਹਾਂ। ਪਰ ਮੇਰੀ ਆਪਣੀ ਸੀਮਾ ਹੈ। ਆਪਣੇ ਤੋਂ ਸੀਨੀਅਰ ਲੇਖਕ ਬਾਰੇ ਅਜਿਹੀਆਂ ਟਿੱਪਣੀਆਂ ਵਿਵਾਦ ਸਹੇੜਦੀਆਂ ਹਨ। ਇਸ ਵਿੱਚ ਬਹੁਤਾ ਨੁਕਸਾਨ ਲਿਖਣ ਵਾਲੇ ਲੇਖਕ ਦਾ ਹੀ ਹੁੰਦਾ ਹੈ। ਮੈਂ ਇਹ ਮੰਨਦਾ ਹਾਂ ਕਿ ਸ਼ਬਦ–ਚਿੱਤਰ ਕੇਵਲ ਪ੍ਰਸੰਸਾਮਈ ਨਹੀਂ ਹੋਣੇ ਚਾਹੀਦੇ। ਕਿਸੇ ਦਾ ਸਿਹਰਾ ਲਿਖਣਾ ਸਾਹਿਤ ਨਹੀਂ ਹੁੰਦਾ। ਪਰ ਮੈਂ ਕਿਸੇ ਦਾ ਹਾਜ਼ਮਾ ਵੀ ਖਰਾਬ ਨਹੀਂ ਕਰਨਾ ਚਾਹੁੰਦਾ। ਕੰਵਲ ਸਾਡਾ ਸਤਿਕਾਰ ਯੋਗ ਲੇਖਕ ਹੈ। ਉਹ ਕਹਿੰਦਾ ਹੈ, 'ਮੈਂ ਸਦਾ ਬੇਗੁਨਾਹ ਲੋਕਾਂ ਨਾਲ ਖੜ੍ਹਾ ਹਾਂ', ਤੇ ਮੈਂ ਉਸ ਦੇ ਬ੍ਰਹਮ ਆਸਤਰ ਦਾ ਆਸਰਾ ਲੈਂਦਾ ਹਾਂ।

– ਮੈਂ ਸੀਨੀਅਰ ਲੇਖਕਾਂ ਦਾ ਸਦਾ ਸਤਿਕਾਰ ਕਰਦਾ ਹਾਂ।'

## ਕੌੜੀ ਤੇ ਕੈਰੀ ਅਜੀਤ ਕੌਰ

**-ਤਾਰਨ ਗੁਜਰਾਲ**

ਪਿਆਰ ਦਾ ਹਾਲਾ ਹੈ ਅਜੀਤ ਕੌਰ ਦੁਆਲੇ, ਜਿਸ ’ਚੋਂ ਤਪਦੀ ਗਰਮੀ ਦੀ ਰੁੱਤੇ ਠੰਢੀ ਹਵਾ ਦੇ ਫਰ੍ਹਾਟੇ ਤੇ ਸਰਦੀਆਂ ਵਿੱਚ ਨਰਮ ਨਰਮ, ਕੂਲੀ ਕੂਲੀ ਧੁੱਪ ਨਿਕਲਦੀ ਏ। ਨਿੱਕੇ ਤੋਂ ਨਿੱਕੇ ਦੁੱਖ ਨੂੰ ਵੀ ਅੰਦਰੋਂ ਫਰੋਲ ਕੇ ਕੱਢ ਲੈਣ ਦੀ ਜਾਚ ਹੈ ਉਸਨੂੰ ਤੇ...ਸਾਰੇ ਕੰਡੇ ਚੁਣ ਚੁਣ ਜ਼ਖ਼ਮਾਂ ਨੂੰ ਸਹਿਲਾਉਣ ਦਾ ਵਲ ਵੀ ਆਉਂਦਾ ਹੈ ਉਸਨੂੰ। ਹਰ ਵਾਰ ਮੈਂ ਉਸਦੀ ਮੁਹੱਬਤ ਦੀਆਂ ਸ਼ੁਆਵਾਂ ’ਚੋਂ ਲਬਰੇਜ਼ ਹੋ ਕੇ ਪਰਤੀ ਹਾਂ।

ਇਕ ਵਾਰ ਆਪਣੀ ਅਕੈਡਮੀ ਵਿੱਚ ਕਹਾਣੀ ਪੜ੍ਹਨ ਲਈ ਉਨ੍ਹਾਂ ਮੈਨੂੰ ਬੁਲਾਇਆ। ਪਹਿਲੀ ਵਾਰ ਜਾਣਾ ਸੀ ਮੈਂ ਇਸ ਅਦਾਰੇ ਵਿੱਚ। ਦਿੱਲੀ ਵਰਗੇ ਸ਼ਹਿਰ ਵਿੱਚ ਤਾਂ ਮੈਂ ਹਰ ਵਾਰ ਰਾਹ ਭੁੱਲ ਜਾਂਦੀ ਹਾਂ, ਸੋ ਪਹੁੰਚ ਕੇ ਫ਼ੋਨ ਕੀਤਾ......।

“ਕਿਵੇਂ ਆਉਗੇ ?” ਉਸ ਪੁੱਛਿਆ।

ਮੈਂ ਦੱਸਿਆ ਕਿ ਥ੍ਰੀ ਵੀਲ੍ਹਰ ’ਤੇ ਹੀ ਆਵਾਂਗੀ, ਪਰ ਉਸ ਪਾਸੇ ਤਾਂ ਮੈਂ ਕਦੀ ਆਈ ਨਹੀਂ। ਰਸਤਾ ਸਮਝਾ ਦਿਓ। ਉਹ ਰਸਤਾ ਸਮਝਾਉਂਦੀ ਰਹੀ ਤੇ ਮੈਂ ਕਾਗਜ਼ ’ਤੇ ਲੀਕਾਂ ਵਾਹੁੰਦੀ ਰਹੀ। ਜਦੋਂ ਉਸ ਰੀਪੀਟ ਕਰਨ ਲਈ ਕਿਹਾ ਤਾਂ ਮੇਰੀ ਊਲ ਜਲੂਲ ਸੁਣਕੇ ਉਹ ਕੌੜੀ ਹੋ ਗਈ।

“ਬੱਸ, ਬੱਸ, ਰਹਿਣ ਦਿਓ...ਉਇ ਕਿਹੋ ਜਿਹੇ ਰਾਈਟਰ ਹੋ ਤੁਸੀਂ ? ਤੁਹਾਨੂੰ ਐਨਾ ਵੀ ਨਹੀਂ ਪਤਾ ਕਿ ਰਸਤਾ ਕਿਵੇਂ ਲੱਭਣਾ ਏਂ। ਦੱਸਣ ਨਾਲ ਵੀ ਪਤਾ ਨਹੀਂ ਲੱਗਦਾ। ਰਹਿਣ ਦਿਉ, ਮੈਂ ਆਪੇ ਕਰਨੀ ਆਂ ਕੁਝ। ਆਪ ਹੀ ਲੈਣ ਆ ਰਹੀ ਆਂ ਘੰਟੇ ਕੁ ਤੱਕ।”

ਮੈਂ ਹੈਰਾਨ ਵੀ ਸਾਂ ਤੇ ਸ਼ਰਮਿੰਦਾ ਵੀ। ਮੈਨੂੰ ਪਤਾ ਹੀ ਸੀ ਕਿ ਉਸਨੇ ਬਹੁਤ ਸਾਰੇ ਮਹਿਮਾਨ ਬੁਲਾਏ ਹੋਏ ਨੇ...ਚੰਗਾ ਤਕੜਾ ਇਕੱਠ ਕਰਦੀ ਹੈ। ਕਿਵੇਂ ਵਕਤ ਕੱਢ ਕੇ ਆਵੇਗੀ !

ਮੈਂ ਤਿਆਰ ਬੈਠੀ ਸਾਂ। ਅੰਮ੍ਰਿਤਸਰੋਂ ਡਾ. ਜਤਿੰਦਰਪਾਲ ਸਿੰਘ ਜੌਲੀ ਵੀ ਪਰਚਾ ਪੜ੍ਹਨ ਮੇਰੇ ਕੋਲ ਪਹੁੰਚ ਚੁੱਕਾ ਸੀ। ਦੋ ਘੰਟੇ ਹੋ ਚਲੇ ਸਨ ਉਡੀਕਦਿਆਂ। ਮੈਂ ਹਾਲੀ ਰਾਹ ’ਚੋਂ ਰੇਨੂ ਲਈ ਕੋਈ ਤੋਹਫ਼ਾ ਵੀ ਖਰੀਦਣਾ ਸੀ। ਐਵੇਂ ਤਾਂ ਨਹੀਂ ਨਾ ਉਹ ਮੈਨੂੰ ਘਰੋਂ ਨਿਕਲਣ ਦੀ ਇਜਾਜ਼ਤ ਦਿੰਦੀ। ਸੋ ਫ਼ੋਨ ਕੀਤਾ........

“ਆਉਣ ਈ ਲੱਗੀ ਸਾਂ ਕਿ ਮਨੋਹਰ ਸ਼ਿਆਮ ਜੋਸ਼ੀ ਆ ਗਏ....ਜਾਣਦੇ ਓ ਨਾ ਓਨ੍ਹਾਂ ਨੂੰ.....ਉਹੀ ‘ਹਮ ਲੋਗ’ ਤੇ ‘ਬੁਨਿਆਦ’ ਵਾਲੇ......ਲਉ ਕਰੋ ਗੱਲ ਉਨ੍ਹਾਂ ਨਾਲ ....ਓਨੀ ਦੇਰ ਮੈਂ ਤਿਆਰ ਹੋ ਜਾਨੀ ਆਂ।”

ਘੰਟੇ ਕੁ ਬਾਅਦ ਕਾਰ ਪਹੁੰਚ ਗਈ ਤੇ ਨਾਲ ਇਕ ਪਰਚੀ....“ਕਾਰ ਤੇ ਡਰਾਈਵਰ ਭੇਜ ਰਹੀ ਹਾਂ। ਨਾਲ ਖ਼ਾਦਮ ਭੇਜ ਰਹੀ ਹਾਂ। ਹਾਲੀ ਵਕਤ ਹੈ, ਰਾਹ ’ਚੋਂ ਬੇਟੀ ਲਈ ਸੂਟ-ਸ਼ੂਟ ਖਰੀਦ ਲੈਣਾ, ਹੋਰ ਕੋਈ ਕੰਮ ਹੋਵੇ ਤਾਂ ਉਹ ਵੀ ਕਰ ਲੈਣਾ, ਪਰ ਰੋਟੀ ਮੇਰੇ ਕੋਲ ਆ ਕੇ ਹੀ ਖਾਣੀ ਹੈ।”

ਹਾਲੀ ਤੱਕ ਉਹ ਪੁਰਜ਼ਾ ਮੇਰੇ ਕੋਲ ਸਾਂਭਿਆ ਪਿਆ ਹੈ। “ਜੇ ਤੈਨੂੰ ਕਦਰ ਕਰਨੀ ਆਉਂਦੀ ਹੈ



ਅਜੀਤ, ਤਾਂ ਮੈਨੂੰ ਕਦਰ ਸਾਂਭਣੀ ਵੀ ਆਉਂਦੀ ਹੈ।”

ਕਈ ਵਰ੍ਹੇ ਪਹਿਲਾਂ ਅਜੀਤ ਕੌਰ ਦੀਆਂ ਕਹਾਣੀਆਂ ਪੜ੍ਹੀਆਂ ਸਨ। ਗੁਲਬਾਨੋ, ਫ਼ਾਲਤੂ ਔਰਤ ਤੇ.... ਹੌਟ ਵਾਟਰ ਬੌਟਲ ਵਰਗੀਆਂ ਜਿਹੜੀਆਂ ਔਰਤ ਦੀ ਤ੍ਰਾਸਦੀ ਤੇ ਮਰਦ ਦੇ ਮਨੋਵਿਗਿਆਨ ਨੂੰ ਹੂ-ਬ-ਹੂ ਬਿਆਨਦੀਆਂ ਸਨ। ਫਿਰ ਅੰਮ੍ਰਿਤਾ ਦੀਦੀ ਨੇ ‘ਹਾਦਸਿਆਂ ਦਾ ਹਜੂਮ’ ਨਾਂ ਹੇਠਾਂ ਅਜੀਤ ਦੀ ਜੀਵਨੀ ਛਾਪਣੀ ਸ਼ੁਰੂ ਕੀਤੀ ਉਦੋਂ ਤੱਕ ਮੈਂ ਵੀ ‘ਨਾਗਮਣੀ’ ਪਰਿਵਾਰ ਵਿੱਚ ਸ਼ਾਮਿਲ ਹੋ ਚੁੱਕੀ ਹੋਈ ਸਾਂ ਤੇ ਪ੍ਰੀਤ ਲੜੀ, ਆਰਸੀ, ਲੋਅ ਤੇ ਹੋਰ ਕਈ ਮੈਗਜ਼ੀਨਾਂ ਵਿੱਚ ਛਪ ਰਹੀ ਸਾਂ।

‘ਹਾਦਸਿਆਂ ਦਾ ਹਜੂਮ’ ਰੂਹ ਨੂੰ ਹਲੂਣ ਰਿਹਾ ਸੀ। ਐਨਾ ਸੁਹਣਾ ਲਿਖਣ ਵਾਲੇ ਹੱਥ ਚੁੰਮਣ ਨੂੰ ਜੀਅ ਕਰਦਾ ਸੀ। ਜ਼ਿੰਦਗੀ ਤੋਂ ਲਗਾਤਾਰ ਮਾਰ ਖਾ ਕੇ ਵੀ ਉਡਣ ਦੀ ਸਮਰੱਥਾ ਰੱਖਣ ਵਾਲੀ ਬਲਵਾਨ ਔਰਤ ਨੂੰ ਵੇਖਣ ਦੀ ਡਾਢ੍ਹੀ ਹੀ ਭੁੱਖ ਸੀ। ਕਈ ਵਾਰੀ ਫੋਨ ਕੀਤਾ....ਕਦੀ ਨਹੀਂ ਮਿਲੀ। ਲੱਭਦੀ ਲਭਾਉਂਦੀ ਘਰ ਗਈ...ਤਾਂ ਵੀ ਨਦਾਰਦ। ਖ਼ਤ ਲਿਖੇ....ਸੁਨੇਹੇ ਘੱਲੇ-ਕੋਈ ਜਵਾਬ ਨਹੀਂ....ਪੱਕੀ ਚੁੱਪ....। ਪਰ ਮੇਰੇ ਅੰਦਰ ਤਾਂ ਖ਼ਾਹਮਖ਼ਾਹ ਦਾ ਆਸ਼ਕ ਜਾਗ ਬੈਠਾ ਸੀ।

‘ਖਾਨਾਬਦੋਸ਼’ ਦਾ ਪਹਿਲਾ ਹੀਰੋ ਪਾਤਰ ਬਲਦੇਵ, ਮੇਰੀ ਇਕ ਸਹੇਲੀ ਤੇ ਰਿਸ਼ਤੇਦਾਰ ਦੇ ਪਤੀ ਨਾਲ ਹੂ-ਬ-ਹੂ ਮੇਲ ਖਾਂਦਾ ਸੀ। ਉਸਦੇ ਪਾਤਰ ਬਲਦੇਵ ਤੋਂ ਵੀ ਜ਼ਿਆਦਾ ਸੁਹਣਾ, ਸਿਆਣਾ, ਸਜੀਲਾ, ਨਫ਼ੀਸ ਤੇ ਮਿੱਠ ਬੋਲੜਾ। ਉਨ੍ਹਾਂ ਦਿਨਾਂ ਵਿੱਚ ਉਹ ਦਿੱਲੀ ਹੀ ਸੀ ਤੇ ਮੈਂ ਅਕਸਰ ਉਨ੍ਹਾਂ ਨੂੰ ਮਿਲਦੀ ਵੀ...ਪਰ ਕਦੀ ਅਜੀਤ ਦਾ ਜ਼ਿਕਰ ਨਹੀਂ ਸੀ ਹੋਇਆ।

ਬਲਦੇਵ ਤੇ ਸਤਵੰਤ ਵਰ੍ਹਿਆਂ ਤੋਂ ਸਾਡੇ ਪਰਿਵਾਰਕ ਦੁੱਖ ਸੁੱਖ ਵਿੱਚ ਸ਼ਿਰਕਤ ਕਰਦੇ ਆਏ ਸਨ। ਅਜੀਤ ਦੇ ਪਾਤਰਾਂ ’ਚੋਂ ਮੈਨੂੰ ਇਸ ਬਲਦੇਵ ਦੀ ਖ਼ੁਸ਼ਬੂ ਆਉਂਦੀ ਸੀ, ਪਰ ਪੱਕਾ ਤਾਂ ਹੀ ਹੋਇਆ ਜਦੋਂ ਇਕ ਵਾਰ ਮੈਂ ਉਨ੍ਹਾਂ ਨੂੰ ਮਿਲਣ ਗਈ ਤਾਂ ਬਹੁਤ ਸਾਰੀਆਂ ਨਾਗਮਣੀਆਂ ਅੰਮ੍ਰਿਤਾ ਜੀ ਕੋਲੋਂ ਇਕੱਠੀਆਂ ਹੀ ਚੁੱਕ ਲਿਆਈ। ਕਾਨ੍ਹਪੁਰ ਕਿਸੇ ਸਟਾਲ ਤੋਂ ਪੰਜਾਬੀ ਦਾ ਕੋਈ ਮੈਗਜ਼ੀਨ ਨਹੀਂ ਸੀ ਮਿਲਦਾ। ਡਾਕ ਰਾਹੀਂ ਹੀ ਮੰਗਵਾਉਂਦੀ ਤੇ ਉਹ ਬਹੁਤੀ ਵਾਰੀ ਚੋਰੀ ਹੋ ਜਾਂਦੇ। ਜਾਂ ਗੁਆਚ ਜਾਂਦੇ। ‘ਨਾਗਮਣੀ’ ਗੁਆਚਣ ’ਤੇ ਬਹੁਤ ਤਕਲੀਫ਼ ਹੁੰਦੀ, ਫਿਰ ਅਜੀਤ ਕੌਰ ਦੀ ‘ਹਾਦਸਿਆਂ ਦਾ ਹਜੂਮ’ ਦੀ ਤਾਂ ਇਕ ਵੀ ਕੜੀ ਖੁੰਝਾਉਣ ਵਾਲੀ ਨਹੀਂ ਸੀ।

ਉਸ ਵਾਰ ਬਲਦੇਵ ਦੀ ਵਹੁਟੀ ਸਤਵੰਤ ਦਾ ਵੀ ਜ਼ਿਕਰ ਸੀ ‘ਨਾਗਮਣੀ’ ਵਿੱਚ। ਬਲਦੇਵ ਤਾਂ ਐਹੋ ਜਿਹਾ ਰੁਮਾਂਟਿਕ ਦਿੱਸਦਾ ਨਹੀਂ ਸੀ। ਮਾਸੂਮ ਜਿਹਾ....ਨਿਹਾਇਤ ਸ਼ਰੀਫ਼ ਤੇ ਸਿਰਫ਼ ਆਪਣੀ ਵਹੁਟੀ ਦੁਆਲੇ ਗੇੜੇ ਕੱਢਣ ਵਾਲਾ। ਸੋ ਮੈਂ ਹਾਸੇ ਹਾਸੇ ’ਚ ਹੀ ਪੁੱਛ ਲਿਆ ਬਲਦੇਵ ਨੂੰ, “ਕਿਧਰੇ ਤੁਸੀਂ ਹੀ ਤਾਂ ਨਹੀਂ ਅਜੀਤ ਕੌਰ ਦੇ ਬਲਦੇਵ ?”

ਬਲਦੇਵ ਉਸ ਵੇਲੇ ਸਤਵੰਤ ਦੇ ਹੱਥੋਂ ਟਿਫ਼ਨ ਫੜਕੇ ਬਾਹਰਲੇ ਦਰਵਾਜ਼ੇ ਦੀਆਂ ਬਰੂਹਾਂ ਟੱਪ ਰਿਹਾ ਸੀ। ਮੇਰਾ ਸਵਾਲ ਸੁਣਕੇ ਇਕ ਦਮ ਪਿਛਾਂਹ ਪਰਤਿਆ ਤੇ ਮੇਰੇ ਹੱਥੋਂ ਸਾਰੀਆਂ ਨਾਗਮਣੀਆਂ ਫੜ ਲਈਆਂ।

“ਜ਼ਰਾ ਅਸੀਂ ਵੀ ਵੇਖੀਏ ਕੀ ਲਿਖਦੀ ਏ ਅਜੀਤ ਕੌਰ”, ਤੇ ਉਹ ਮੈਨੂੰ ਸਕਤੇ ਵਿੱਚ ਛੱਡ ਕੇ ਬਾਹਰ ਨਿਕਲ ਗਿਆ।

ਉਹ ਤਾਂ ਲੈ ਗਿਆ ਨਾਗਮਣੀਆਂ, ਪਰ ਮੇਰੇ ’ਤੇ ਟੂਣਾ ਹੋ ਗਿਆ....ਉਸ ਵਿੱਚੋਂ ਅਜੀਤ ਜੁ ਦਿੱਸਦੀ ਏ ਮੈਨੂੰ। ਹੱਥ ਵਿੱਚ ਜਾਮ ਫੜ ਕੇ ਵਿਆਹਾਂ ਵਿੱਚ ਨੱਚ ਰਿਹਾ ਬਲਦੇਵ...ਨਾਲ ਅਜੀਤ ਕੌਰ ਨੱਚ ਰਹੀ ਹੈ। ਠਹਾਕੇ ਮਾਰ ਕੇ ਹੱਸ ਰਿਹੈ ਬਲਦੇਵ....ਨਾਲ ਹੱਸ ਹੱਸ ਸੂਹੀ ਹੋ ਰਹੀ ਅਜੀਤ ਕੌਰ।

ਉਦਾਸ ਬੈਠਾ ਬਲਦੇਵ...ਤੇ ਨਾਲ ਨਿਮੋਝੂਨੀ ਬੈਠੀ ਉਹੀ ਅਜੀਤ....।

ਆਪਣੇ ਕਾਰੋਬਾਰ ਦੇ ਸਿਲਸਿਲੇ ਵਿੱਚ ਇਕ ਵਾਰ ਗਗਨ ਜੀ ਨਾਲ ਦਿੱਲੀ ਗਈ ਤਾਂ ਹਰ ਵਾਰ ਵਾਂਗ ਫੋਨ ਮਿਲਾਇਆ। ਮਿਲ ਗਈ ਅਜੀਤ ਕੌਰ ਇਸ ਵਾਰ!......."ਆ ਜਾਉ, ਮੈਂ ਉਡੀਕ ਰਹੀ ਹਾਂ। ਨਾਸ਼ਤਾ ਇਕੱਠੇ ਹੀ ਖਾਵਾਂਗੇ....ਕੀ ਖਾਓਗੇ ? ਗੋਭੀ ਦੇ ਪਰੌਂਠੇ ?"

ਉਦੋਂ ਉਹ ਇਕ ਫਲੈਟ ਵਿਚ ਰਹਿੰਦੀ ਸੀ (ਥਾਂ ਮੈਨੂੰ ਯਾਦ ਨਹੀਂ) ਥ੍ਰੀ ਵੀਲ੍ਹਰ ਤੋਂ ਉਤਰਦਿਆਂ ਹੀ ਭਾਪਾ ਪ੍ਰੀਤਮ ਸਿੰਘ ਵੀ ਮਿਲ ਗਏ ਤੇ ਅਸੀਂ ਇਕੱਠੇ ਹੀ ਅਜੀਤ ਕੌਰ ਦੀਆਂ ਪੌੜੀਆਂ ਚੜ੍ਹੇ।

ਘੁੱਟ-ਘੁੱਟ ਕੇ ਮਿਲੀ ਅਜੀਤ। ਬੜੀਆਂ ਗੱਲਾਂ ਹੋਈਆਂ, ਦਸਤਰਖ਼ਾਨ ਸਜ ਗਿਆ। ਅਜੀਤ ਦੇ ਹੱਥੀਂ ਬਣਾਏ ਨਰਮ-ਨਰਮ ਪਰੌਂਠੇ, ਤਾਜ਼ਾ ਮੱਖਣ, ਦਹੀਂ, ਲੱਸੀ। ਥੋੜ੍ਹੀ-ਥੋੜ੍ਹੀ ਦੇਰ ਪਿੱਛੋਂ ਸਾਡੀਆਂ ਪਲੇਟਾਂ ਵਿੱਚ ਕੁਝ ਨਾ ਕੁਝ ਪਰੋਸੀ ਜਾਂਦੀ....ਸ਼ਰਤ ਚੰਦਰ ਦੇ ਨਾਵਲਾਂ ਦੀ ਨਾਇਕਾ ਵਾਂਗ।

ਪਹਿਲੀ ਮਿਲਣੀ ਵਿੱਚ ਹੀ ਲਗ ਰਿਹਾ ਸੀ ਜਿਵੇਂ ਅਸੀਂ ਜਨਮਾਂ ਜਨਮਾਂਤਰਾਂ ਤੋਂ ਇਕ ਦੂਜੇ ਨੂੰ ਜਾਣਦੇ ਹੋਈਏ। ਦੋ ਢਾਈ ਘੰਟੇ ਦੀ ਸੰਗਤ ਮਾਣ ਕੇ ਤੇ ਆਤਮਾ ਤੱਕ ਰੱਜ ਕੇ ਕਈ ਦਿਨ ਉਸ ਮਿਲਣੀ ਦੇ ਨਸ਼ੇ ਵਿੱਚ ਰਹੇ ਅਸੀਂ। ਉਸਦੀ ਸੰਗਤ ਵਿੱਚ ਦਿੱਤੀ ਕਿਤਾਬ 'ਖ਼ਾਨਾਬਦੋਸ਼' ਜਿਸਦੇ ਪਹਿਲੇ ਪੰਨੇ 'ਤੇ ਉਸ ਲਿਖ ਕੇ ਦਿੱਤਾ ਸੀ, "ਤ੍ਰੇਹ ਲਾਹੁਣ ਵਾਲੀ ਤਾਰਨ ਨੂੰ" ਮੈਂ ਕੀਮਤੀ ਖ਼ਜ਼ਾਨੇ ਵਾਂਗ ਸਾਂਭੀ ਰੱਖੀ......ਉਸਨੇ ਸਚਮੁੱਚ ਮੇਰੀ ਜਨਮਾਂ ਜਨਮਾਂਤਰਾਂ ਦੀ ਤ੍ਰੇਹ ਮਿਟਾ ਦਿੱਤੀ ਸੀ.....ਪਰ ਫਿਰ ਕਿਸੇ ਦਿਨ ਲੋਰ ਵਿੱਚ ਆ ਕੇ ਕਿਸੇ ਅਹਿਮਕ ਨੂੰ ਦੇ ਬੈਠੀ ਤੇ ਉਸਦੀ ਕੋਈ ਉੱਘ ਸੁੱਘ ਅੱਜ ਤੱਕ ਨਹੀਂ ਮਿਲੀ, ਪਰ ਦੁਬਾਰਾ ਅਜੀਤ ਕੋਲੋਂ ਦਾਈਏ ਨਾਲ ਲੈ ਕੇ ਸਾਂਭ ਲਈ ਹੈ।

****

ਬੜੇ ਔਖੇ ਦਿਨ ਸਨ ਮੇਰੇ। ਐਨੀ ਇਕੱਲ.....ਕਿ ਹੁਣ ਸੋਚ ਕੇ ਕੰਬ ਜਾਂਦੀ ਹਾਂ ਕਿ ਕਿਵੇਂ ਉਸ ਜ਼ਮਾਨੇ ਵਿੱਚ ਵੀ ਮੈਂ ਹੱਸਦੀ ਤੇ ਗਾਉਂਦੀ ਸਾਂ ਤੇ ਹਰ ਪਲ ਸਲੀਬ ਤੇ ਲਟਕਣ ਦਾ ਤੌਖਲਾ ਲੈ ਕੇ ਵੀ ਕਿਰਨਾਂ ਫੜਦੀ ਸਾਂ।

ਉਨ੍ਹਾਂ ਦਿਨਾਂ ਵਿੱਚ ਹੀ ਮਿਲੀ ਸੀ ਅਜੀਤ ਕੌਰ। ਘੰਟਿਆਂ ਬੱਧੀ ਮੈਂ ਉਹਦੇ ਨਾਲ ਰਹਿੰਦੀ। ਆਪਣੇ ਕੰਮ 'ਚੋਂ ਜਿੰਨਾ ਵੀ ਵਕਤ ਬਚਦਾ ਉਸ ਕੋਲੋਂ ਊਰਜਾ ਲੈਂਦੀ।

ਉਨ੍ਹਾਂ ਦਿਨਾਂ ਵਿੱਚ ਇਕ ਮੈਗਜ਼ੀਨ ਕੱਢਦੀ ਹੁੰਦੀ ਸੀ ਉਹ 'ਰੂਪੀ ਟ੍ਰੇਡ'। ਮੈਂ ਹੈਰਾਨ ਸਾਂ ਐਨੀ ਸੁਹਣੀ ਔਫਸੈੱਟ ਪ੍ਰਿੰਟ ਦੀ ਮੈਗਜ਼ੀਨ ਵੇਖਕੇ।

"ਭਲਾ ਇਹ ਕੀ ਹੁੰਦੀ ਏ 'ਰੂਪੀ ਟ੍ਰੇਡ'..ਕਿੰਝ ਹੁੰਦੀ ਏ ?"

ਤੇ ਉਸ ਮੈਨੂੰ ਦੱਸਿਆ ਕਿ ਕਿਵੇਂ ਉਹ ਕਈ ਮੁਲਕਾਂ ਦਾ ਘਰ ਬੈਠਿਆਂ ਹੀ ਵਪਾਰ ਕਰਵਾਉਂਦੀ ਸੀ।

ਨਿੱਕੇ ਜਿਹੇ ਸਿਰ ਵਿੱਚ ਕਿੰਨਾ ਵੱਡਾ ਦਿਮਾਗ ਹੈ ਉਸਦਾ। ਕੋਈ ਹੱਦ ਬੰਨਾ ਨਹੀਂ...ਉਸੇ ਦਿਮਾਗ 'ਚੋਂ ਕਾਰੋਬਾਰ, ਪਰਿਵਾਰ, ਵਿਹਾਰ, ਬੇਸ਼ੁਮਾਰ ਕਹਾਣੀਆਂ, ਬਹਿਸਾਂ ਤੇ ਤਜ਼ਕਰੇ ਸਭ ਇਕੋ ਵਾਰ ਸਮਾਏ ਹੋਏ ਨੇ। ਕਾਰ ਭਜਾਈ ਜਾਂਦੀ ਹੈ ਤੇ ਵੰਨ ਸਵੰਨੇ ਲੋਕਾਂ ਨੂੰ ਮਿਲਦੀ ਜਾਂਦੀ ਹੈ। ਕਿਸੇ ਨੂੰ ਪਿਆਰ ਨਾਲ ਜੱਫ਼ੀਆਂ ਪਾਉਂਦੀ ਤੇ ਆਪਣੀ ਗੱਲ ਮੰਨਵਾ ਲੈਂਦੀ। ਕਿਸੇ ਨੂੰ ਗੱਲਾਂ ਤੇ ਦਲੀਲਾਂ ਨਾਲ ਕਾਇਲ ਕਰਦੀ ਤੇ ਕਿਸੇ ਨੂੰ ਉਸਦੀ ਨਾਲਾਇਕੀ ਤੇ ਝਾੜਦੀ......ਫ਼ੁੰਡਦੀ।

ਮੈਂ ਹੈਰਾਨ ਹਾਂ। ਉਸਦੀ ਸੂਝ ਨੂੰ ਵੇਖਕੇ ਤੇ ਕਾਇਲ ਹਾਂ ਉਸਦੇ ਸਿਰੜ ਦੇ ਜਿਵੇਂ ਦਿਨ ਰਾਤ ਉਹ ਕੰਮ ਕਰਦੀ ਹੈ। ਸਰੀਰਕ ਵੀ ਤੇ ਜ਼ਿਹਨੀ ਵੀ।

ਉਦੋਂ ਵੀ ਦਫ਼ਤਰ ਘਰ ਵਿੱਚ ਹੀ ਸੀ ਉਸਦਾ। ਉਹ ਕੰਮ ਕਰਨ ਵਾਲਿਆਂ ਨੂੰ ਆਦੇਸ਼ ਵੀ ਦੇਈ



ਜਾਂਦੀ....ਪਲ ਪਲ ਮਗਰੋਂ ਆਉਣ ਵਾਲੀ ਹਰ ਫੋਨ ਕਾਲ ਦਾ ਸਹਿਜ ਨਾਲ ਜਵਾਬ ਵੀ ਦੇਈ ਜਾਂਦੀ...ਮੇਰੇ ਨਾਲ ਗੱਲਾਂ ਵੀ ਕਰੀ ਜਾਂਦੀ ਤੇ ਆਪਣੀ ਪਿਆਰੀ ਧੀ ਅਰਪਨਾ ਦੀ ਭੁੱਖ ਦਾ ਫ਼ਿਕਰ ਵੀ ਕਰੀ ਜਾਂਦੀ। ਤੇ ਮੈਂ ਹੈਰਾਨ ਹੋ ਕੇ ਵੇਖਦੀ...ਇਕੋ ਵੇਲੇ ਕਿੰਨੇ ਟ੍ਰੈਕ ਤੇ ਦੌੜ ਸਕਦੀ ਹੈ ਇਹ ਮਰਜੀਵੜੀ.....।

"ਬੜੀ ਵਧੀਆ ਬੰਗਲਾ ਫ਼ਿਲਮ ਲੱਗੀ ਹੈ, ਚਲੋ ਵੇਖੀਏ।"

"ਪਰ ਮੈਨੂੰ ਤਾਂ ਬੰਗਲਾ ਸਮਝ ਨਹੀਂ ਆਉਣੀ।" ਮੈਂ ਡਰ ਰਹੀ ਸਾਂ ਕਿ ਐਨਾ ਫਾਲਤੂ ਵਕਤ ਤਾਂ ਹੈ ਨਹੀਂ ਮੇਰੇ ਕੋਲ, ਕਿੰਨੀ ਤਾਂ ਹਾਲੀ ਖਰੀਦਦਾਰੀ ਕਰਨੀ ਸੀ, ਐਵੇਂ ਬੋਰ ਹੀ ਨਾ ਹੋ ਜਾਵਾਂ...ਪਰ ਜਿੰਨੇ ਪਿਆਰ ਤੇ ਅਪਣੱਤ ਨਾਲ ਉਹ ਕਹਿ ਰਹੀ ਸੀ, "ਸਮਝ ਕਿਉਂ ਨਹੀਂ ਆਵੇਗੀ....ਜ਼ਰਾ ਧਿਆਨ ਨਾਲ ਵੇਖਣਾ ਤਾਂ ਸਹੀ। ਮੈਂ ਤਾਂ ਦੁਨੀਆਂ ਦੀ ਹਰ ਭਾਸ਼ਾ ਦੀ ਕਲਾਸਿਕ ਵੇਖਦੀ ਹਾਂ। ਜੇ ਟੀ.ਵੀ. 'ਤੇ ਆਉਂਦੀ ਹੋਵੇ ਤਾਂ ਕਿਸੇ ਮਿਲਣ ਵਾਲੇ ਨੂੰ ਅਟੈਂਡ ਨਹੀਂ ਕਰਦੀ। ਨੌਕਰ ਨੂੰ ਹਦਾਇਤ ਹੈ ਕਹਿ ਦੇਵੇ ਕਿ ਮੈਂ ਘਰ ਨਹੀਂ। ਪਿਕਚਰ-ਹਾਊਸਾਂ ਵਾਲੇ ਵੀ ਸਾਰੇ ਮੈਨੂੰ ਜਾਣਦੇ ਨੇ.....ਹਾਊਸ ਫੁੱਲ ਦੂਜਿਆਂ ਲਈ ਹੈ...ਮੇਰੇ ਲਈ ਨਹੀਂ।" ਤੇ ਸਚਮੁੱਚ ਪੂਰੀ ਫਿਲਮ ਮੈਨੂੰ ਸਮਝ ਆ ਗਈ। ਉਸ ਤੋਂ ਪਿੱਛੋਂ ਇਹ ਕਦੀ ਨਹੀਂ ਲਗਾ ਕਿ ਦੁਨੀਆਂ ਦੀ ਕੋਈ ਵੀ ਬੋਲੀ ਓਪਰੀ ਹੈ।

****

ਸੰਨ 1984 ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੀ ਤ੍ਰਾਸਦੀ ਜਿਸ ਸ਼ਿੱਦਤ ਨਾਲ ਉਸਨੇ ਦਿੱਲੀ ਹੰਢਾਈ, ਉੱਨੀ ਹੀ ਮੈਂ ਕਾਨ੍ਹਪੁਰ ਆਪਣੀਆਂ ਅੱਖਾਂ ਨਾਲ ਵੇਖਕੇ ਹੰਢਾਈ। ਕੈਂਪਾਂ ਤੇ ਘਰਾਂ ਵਿੱਚ ਜਾ ਜਾ ਤੱਥ ਇਕੱਠੇ ਕੀਤੇ। ਕਰਫ਼ਿਊ ਵਿੱਚ ਮੈਂ ਇਕੱਲੀ ਸੜਕਾਂ 'ਤੇ ਬਾਵਰਿਆਂ ਵਾਂਗ ਰਜਿਸਟਰ ਫੜੀ ਡੈੱਥ ਲਿਸਟਾਂ ਬਣਾਉਂਦੀ ਤੇ ਘਰੋਂ ਮਾਰਿਆਂ, ਲੁੱਟਿਆਂ ਨਾਲ ਬਹਿ ਦੁੱਖ ਸਾਂਝੇ ਕਰਦੀ ਤੇ ਲਿਖਦੀ। ਮਿੱਥ ਕੇ ਤਾਂ ਕੁਝ ਕੀਤਾ ਨਹੀਂ ਸੀ, ਪਰ ਇਹ ਹੋ ਗਿਆ ਕਿ ਇਕ ਕਿਤਾਬ ਦਾ ਮਸੌਦਾ ਤਸਵੀਰਾਂ ਸਣੇ ਇਕੱਠਾ ਹੋ ਗਿਆ। ਇਕ ਵਕੀਲ ਦੋਸਤ ਨੂੰ ਡਿਕਟੇਸ਼ਨ ਦੇ ਕੇ ਉਸਨੂੰ ਹਿੰਦੀ ਵਿੱਚ ਉਲਥਾਇਆ ਤੇ ਇਕ ਸੰਸਥਾ ਪੀ. ਯੂ. ਸੀ. ਐਲ. ਵੱਲੋਂ ਛਪਵਾ ਦਿੱਤਾ....ਭਾਵੇਂ ਉਸਤੇ ਮੈਂ ਆਪਣਾ ਨਾਂ ਨਹੀਂ ਛਪਵਾਇਆ। ਕਿਉਂਕਿ ਜਿਨ੍ਹਾਂ ਗੁੰਡਿਆਂ ਦੇ ਨਾਂ ਲਿਸਟ ਵਿੱਚ ਲਿਖੇ ਸਨ, ਉਹ ਸਾਨੂੰ ਨੁਕਸਾਨ ਪੁਚਾ ਸਕਦੇ ਸਨ।

ਹਿੰਦੀ ਵਿੱਚ ਤਾਂ 'ਦੋਸ਼ੀ ਕੌਣ' ਛਪ ਗਿਆ, ਪਰ ਪੰਜਾਬੀ ਵਿੱਚ ਹਾਲੀ ਤੱਕ ਨਹੀਂ ਛਪ ਸਕਿਆ। 1986 ਦੀ ਹੀ ਗੱਲ ਹੈ ਸ਼ਾਇਦ। ਦਿੱਲੀ ਜੰਗਪੁਰੇ ਠਹਿਰੀ ਹੋਈ ਸਾਂ। ਸਵੇਰੇ ਸਵੇਰੇ ਅਜੀਤ ਨੂੰ ਫ਼ੋਨ ਕੀਤਾ। ਘਰ ਹੀ ਮਿਲ ਗਈ। ਮੈਂ ਦੱਸਿਆ ਕਿ ਖਰੜਾ ਲੈ ਕੇ ਆਈ ਹਾਂ, ਮੈਨੂੰ ਨਹੀਂ ਪਤਾ ਕੀ ਕਰਨੈ ਇਸਦਾ....ਤੁਸੀਂ ਹੀ ਕਰੋ ਜੋ ਕਰਨਾ ਹੈ।

"ਚੰਗਾ, ਮੈਂ ਆ ਰਹੀ ਹਾਂ। ਪਹਿਲਾਂ ਇਕ ਜਲਸੇ ਵਿੱਚ ਜਾਣੈ........ਐਜੀਟੇਸ਼ਨ ਏਂ। ਉਸਤੋਂ ਪਿੱਛੋਂ ਵਕਤ ਲੈ ਲੈਂਦੀ ਹਾਂ ਕੌਮੀ ਏਕਤਾ ਵਾਲੇ ਰਾਜਿੰਦਰ ਸਿੰਘ ਕੋਲੋਂ। ਤੁਸੀਂ ਤਿਆਰ ਰਹਿਣਾ...ਮੈਂ ਬਾਰਾਂ ਵਜੇ ਆਵਾਂਗੀ।"

ਤੇ ਉਹ ਵੇਲੇ ਸਿਰ ਆ ਗਈ। ਜ਼ਮੀਨ 'ਤੇ ਟੁਰਦੀ...ਇਕ ਨਿਹਾਇਤ ਦਰਦਮੰਦ ਤੇ ਖ਼ੂਬਸੂਰਤ ਇਨਸਾਨ।

ਅਰੁਣਾ ਆਸਿਫ਼ ਅਲੀ ਦੀ ਅਗਵਾਈ ਵਿੱਚ ਦਿੱਲੀ ਦੀ ਕ੍ਰੀਮ ਸੋਸਾਇਟੀ ਦੀਆਂ ਬੀਬੀਆਂ ਦਾ ਇਕੱਠ ਸੀ, ਜਿਹੜੀਆਂ ਸੋਸ਼ਲ ਵਰਕਰ ਸਨ। ਸਤੀ ਹੋਈ ਜਾਂ ਜ਼ਬਰਦਸਤੀ ਪਤੀ ਨਾਲ ਸਾੜ ਦਿੱਤੀ ਗਈ ਰੂਪ ਕੰਵਲ ਦੇ ਰੋਸ ਵਿੱਚ ਰੈਲੀ ਸੀ।

ਅਜੀਤ ਕੌਰ ਬੈਰੀਕੇਡ ਦੇ ਨਾਲ ਡੱਠੇ ਸਟੂਲ 'ਤੇ ਚੜ੍ਹ ਗਈ ਤੇ ਧੂੰਆਂਧਾਰ ਭਾਸ਼ਨ ਦੇ ਦਿੱਤਾ। ਮੈਨੂੰ ਵੀ ਖਿੱਚ ਕੇ ਸਟੂਲ 'ਤੇ ਖੜ੍ਹਾ ਕਰ ਦਿੱਤਾ, "ਯੇ ਕਾਨ੍ਹਪੁਰ ਸੇ ਪੰਜਾਬੀ ਕੀ ਬਹੁਤ ਮਸ਼ਹੂਰ ਲੇਖਿਕਾ ਹੈ..ਇਨਸੇ ਸੁਨੀਏਂ ਕਾਨ੍ਹਪੁਰ ਮੇਂ ਕਿਆ ਹੋ ਰਹਾ ਹੈ।"

ਮੈਂ ਤੇ ਭਾਸ਼ਨ ? ਮੇਰੇ ਹੱਥ ਪੈਰ ਠੰਢੇ ਹੋ ਰਹੇ ਸਨ, ਪਰ ਹੁਕਮ ਅਦੂਲੀ....ਤੇ ਉਹ ਵੀ ਮਲਿਕਾ ਅਜੀਤ ਕੌਰ ਦੀ ?

ਸੋ ਮੈਂ ਵੀ ਆਪਣੀ ਜ਼ਿੰਦਗੀ ਦਾ ਪਹਿਲਾ ਭਾਸ਼ਨ ਝਾੜ ਹੀ ਦਿੱਤਾ ਤੇ ਦੱਸਿਆ ਕਿ ਕਾਨ੍ਹਪੁਰ ਤਾਂ ਸਤੀ ਮੰਦਰ ਬਣ ਵੀ ਗਿਐ ਜਿੱਥੇ ਔਰਤਾਂ ਪਰਿਕਰਮਾ ਕਰਦੀਆਂ ਤੇ ਪਰਸ਼ਾਦ ਚੜ੍ਹਾਉਂਦੀਆਂ ਨੇ।

ਬੱਸ ਦਸ ਪੰਦਰਾਂ ਮਿੰਟਾਂ ਵਿੱਚ ਉਹ ਉਸ ਉਬਲਦੇ ਉਫ਼ਨਦੇ ਤੂਫਾਨ 'ਚੋਂ ਮੇਰਾ ਹੱਥ ਫੜਕੇ ਬਾਹਰ ਕਾਰ ਕੋਲ ਖਿੱਚ ਲਿਆਈ। "ਚਲੋ, ਰਾਜਿੰਦਰ ਸਿੰਘ ਉਡੀਕ ਰਿਹਾ ਹੋਣੈ।" ਤੇ ਅਸੀਂ ਇਕ ਕਾਫ਼ੀ ਹਾਊਸ ਵਿੱਚ ਜਾ ਬੈਠੀਆਂ, ਜਿਥੇ ਹੋਰ ਵੀ ਕਈ ਜਾਣੂ ਲੇਖਕ ਤੇ ਪੱਤਰਕਾਰ ਬੈਠੇ ਗੱਪਸ਼ਪ ਕਰ ਰਹੇ ਤੇ ਕਾਫ਼ੀ ਪੀ ਰਹੇ ਸਨ।

ਸਾਰਾ ਰਾਹ ਉਹ ਮੈਨੂੰ ਸਮਝਾਉਂਦੀ ਆਈ, "ਐਵੇਂ ਖਰੜਾ ਉਹਦੇ ਹੱਥ ਨਾ ਫੜਾ ਦੇਣਾ, ਇਹ ਆਪ ਬੇਸ਼ੁਮਾਰ ਪੈਸੇ ਕਮਾਣਗੇ ਇਸ ਵਿੱਚੋਂ। ਤੁਸਾਂ ਐਨੀ ਮਿਹਨਤ ਕੀਤੀ ਹੈ। ਆਪਣਾ ਵਕਤ ਦਿੱਤਾ ਹੈ, ਪੈਸੇ ਪਰਚੇ ਨੇ। ਪਹਿਲਾਂ ਮੈਨੂੰ ਗੱਲ ਕਰ ਲੈਣ ਦੇਣੀ ਕਿ ਦੇਵੇਗਾ ਕੀ ?"

ਮੈਂ ਤਾਂ ਐਥੋਂ ਤੱਕ ਸੋਚ ਵੀ ਨਹੀਂ ਜਾ ਸਕਦੀ। ਇਸ ਕਰਕੇ ਤਾਂ ਮੈਂ ਲਿਖਿਆ ਵੀ ਨਹੀਂ ਸੀ...ਪਰ ਅਜੀਤ ਕੌਰ ਕਿੰਨਾ ਸੱਚ ਕਹਿ ਰਹੀ ਸੀ। ਠੀਕ ਵੀ ਕਹਿ ਰਹੀ ਸੀ ਕਿ ਕਿਸੇ ਲੇਖਕ ਦਾ ਇੰਜ ਸ਼ੋਸ਼ਣ ਕਿਉਂ ਹੋਵੇ।

ਮੈਂ ਉਸਦੀ ਗੱਲ ਕਰਨ ਦਾ ਤਰੀਕਾ ਤੇ ਵਿਹਾਰ ਵੇਖਕੇ ਦੰਗ ਰਹਿ ਗਈ। ਕਿੰਨੀ ਸਿਆਣੀ ਹੈ ਉਹ.....ਕਿੰਨੀ ਜ਼ਹੀਨ, ਤਿੱਖੀ ਵਿਹਾਰਨ ਹੈ ਉਹ......।

ਰਾਜਿੰਦਰ ਸਿੰਘ ਨੇ ਖਰੜਾ ਵੇਖਿਆ...."ਦੇ ਦਿਉ, ਮੈਂ ਛਾਪਾਂਗਾ।"

"ਪਰ ਪਹਿਲਾਂ ਦੱਸੋ ਦਿਓਗੇ ਕੀ ?"

"ਉਹ ਹੋ ਜਾਏਗਾ....ਖਰੜਾ ਤਾਂ ਦਿਓ।"

"ਕਲ੍ਹ ਸਵੇਰੇ ਇਸਦੇ ਘਰੋਂ ਜੰਗ ਪੁਰੇ ਤੋਂ ਲੈ ਲੈਣਾ ਤੇ ਨਾਲੇ ਦੱਸ ਵੀ ਦੇਣਾ ਕਿ ਤੁਸਾਂ ਕੀ ਸੋਚਿਐ।"

ਰਾਤੀਂ ਰਾਜਿੰਦਰ ਸਿੰਘ ਹੁਰਾਂ ਦੀ ਫੋਨ 'ਤੇ ਲੜਖੜਾਉਂਦੀ ਹੋਈ ਆਵਾਜ਼ ਸੁਣਕੇ ਮੈਂ ਫੋਨ ਰੱਖ ਦਿੱਤਾ ਤੇ ਆਪਣੀ ਉਸ ਕਿਤਾਬਚੀ ਦਾ ਖਰੜਾ ਵੀ।

*****

ਉਦੋਂ ਹਰ ਸਾਲ ਚੌਵੀ ਜਨਵਰੀ ਲਾਲ ਕਿਲ੍ਹੇ ਦੇ ਕਵੀ ਦਰਬਾਰ ਵਿੱਚ ਬੁਲਾਈ ਜਾਂਦੀ ਸਾਂ ਤੇ ਹੋਰ ਵੀ ਬਹੁਤ ਸਾਰੇ ਦਿੱਲੀ ਵਿੱਚ ਹੁੰਦੇ ਕਵੀ ਦਰਬਾਰਾਂ ਵਿੱਚ ਸ਼ਿਰਕਤ ਕਰਦੀ।

"ਇਹ ਅਕੈਡਮੀ ਵਾਲੇ ਕਹਾਣੀ ਦਰਬਾਰ ਵੀ ਕਰਦੇ ਰਹਿੰਦੇ ਨੇ, ਤੁਸੀਂ ਕਿਉਂ ਨਹੀਂ ਕਦੀ ਆ ਕੇ ਕਹਾਣੀ ਪੜ੍ਹੀ ?"

"ਮੈਨੂੰ ਕੋਈ ਬੁਲਾਉਂਦਾ ਹੀ ਨਹੀਂ ? ਹੋ ਸਕਦੈ ਹਾਲੀ ਮੇਰੀ ਕਹਾਣੀ ਇਨ੍ਹਾਂ ਦੇ ਪੈਮਾਨੇ ਦੀ ਹੀ ਨਾ ਹੋਵੇ।"

"ਚਲੋ ਜ਼ਰਾ ਅਕੈਡਮੀ ਤੱਕ ਹੋ ਆਈਏ।"

ਤੇ ਉਹ ਦਨਦਨਾਉਂਦੀ ਹੋਈ ਸਿੱਧੀ ਡਾਇਰੈਕਟਰ ਸਾਹਿਬ ਦੇ ਕਮਰੇ ਵਿੱਚ ਕੁਰਸੀ ਖਿੱਚ ਕੇ



ਬਹਿ ਗਈ। ਮੈਂ ਵੀ ਬੈਠ ਗਈ। ਮਨੋਹਰ ਸਿੰਘ ਬਤਰਾ ਸਨ ਉਸ ਵੇਲੇ ਡਾਇਰੈਕਟਰ ਤੇ ਹੁਣ ਵਾਲੇ ਸ. ਰਵੇਲ ਸਿੰਘ ਬੇਹੱਦ ਮਸਰੂਫ਼ ਸਹਾਇਕ ਸਨ। ਮੁਸਕਰਾਉਂਦਾ ਚਿਹਰਾ ਤੇ ਸੁਆਗਤੀ ਸੁਭਾਅ।

ਸੋ ਬਹਿੰਦਿਆਂ ਹੀ ਉਸ ਡਾਇਰੈਕਟਰ ਸਾਹਿਬ 'ਤੇ ਪਹਿਲਾ ਗੋਲਾ ਦਾਗਿਆ..."ਕਿਉਂ ਜੀ, ਤੁਸੀਂ ਤਾਰਨ ਗੁਜਰਾਲ ਨੂੰ ਕਹਾਣੀਕਾਰ ਨਹੀਂ ਸਮਝਦੇ ? ਕਦੀ ਪੜ੍ਹਿਐ ਇਸਨੂੰ..ਕਿਉਂ ਨਹੀਂ ਬੁਲਾਉਂਦੇ ਕਹਾਣੀ ਦਰਬਾਰਾਂ ਤੇ ? ਕਿਤਾਬ ਛਾਪੋ ਇਹਦੀ।" ਤੇ ਹੋਰ ਕਈ ਕੁਝ...।

ਮੈਂ ਨੀਵੀਂ ਪਾਈ ਬੈਠੀ ਸਾਂ। ਅੰਦਰੋਂ ਗੁਰਬਾਣੀ ਦੀ ਤੁੱਕ ਫੁੱਟ ਰਹੀ ਸੀ....ਸਜਣੁ ਸੇਈ ਨਾਲ ਮੈਂ ਚਲਦਿਆਂ ਨਾਲ ਚਲੰਨ੍ਹ.....

ਕੀ ਲੋੜ ਪਈ ਸੀ ਉਸਨੂੰ ਮੇਰੇ ਲਈ ਇੰਝ ਖਹਿਬੜਨ ਦੀ। ਕੀ ਮਿਲਦਾ ਹੈ ਉਸ ਜਿਹੀ ਵਿਹਾਰਨ ਨੂੰ ਏਹਦੇ ਵਿਚੋਂ ? ਕੌਣ ਯਾਦ ਰੱਖਦਾ ਹੋਵੇਗਾ ਕਿ ਉਹ ਉਸ ਵੇਲੇ ਵੀ ਨਾਲ ਖੜ੍ਹੀ ਸੀ ਜਦੋਂ ਹੋਰ ਕੋਈ ਵੀ ਨਾਲ ਨਹੀਂ ਸੀ ਖਲੋਂਦਾ।

ਤੇ ਫਿਰ ਜਦੋਂ ਉਸ ਆਪ ਕਹਾਣੀ ਦਰਬਾਰ ਕੀਤਾ, ਅਕੈਡਮੀ ਵੱਲੋਂ ਤਾਂ ਮੈਨੂੰ ਉਚੇਚਾ ਸੱਦਿਆ। ਪੰਜਾਬ, ਪਾਕਿਸਤਾਨ ਤੇ ਬਾਕੀ ਸੂਬਿਆਂ 'ਚੋਂ ਆਏ ਪੰਜਾਬੀ, ਹਿੰਦੀ ਤੇ ਉਰਦੂ ਦੇ ਕਹਾਣੀ ਮੇਲੇ ਵਿੱਚ ਮੈਂ ਵੀ ਆਪਣੀ ਕਹਾਣੀ ਪੜ੍ਹੀ, ਜਿਸ ਬਾਰੇ ਬਾਅਦ ਵਿੱਚ ਬਲਵੰਤ ਗਾਰਗੀ ਨੇ ਮੈਨੂੰ ਉਚੇਚੀ ਵਧਾਈ ਦਿੱਤੀ। ਉਸ ਸੈਸ਼ਨ ਦੀ ਉਹ ਪ੍ਰਧਾਨਗੀ ਰਹੇ ਸਨ।

ਐਨੀ ਸ਼ਸ਼ੋਭਤ ਸਸ਼ੱਕਤ ਕਹਾਣੀਕਾਰ ਜਿਹੜੀ ਆਪ ਲਿਖਦਿਆਂ ਨਿੱਕੀ ਤੋਂ ਨਿੱਕੀ ਡੀਟੇਲ ਵਿਚ ਜਾਂਦੀ ਹੈ, ਸੁਣਨ ਲੱਗਿਆਂ ਬਹੁਤ ਥੋੜ੍ਹੇ ਲਫ਼ਜ਼ਾਂ ਵਿੱਚ ਸੁਣਨਾ ਪਸੰਦ ਕਰਦੀ ਹੈ।

"ਕਹਾਣੀ ਸਿਰਫ਼ ਸੱਤ ਮਿੰਟ ਦੀ ਹੋਵੇ, ਉਸਤੋਂ ਵੱਧ ਨਹੀਂ।"

ਕਮਾਲ ਹੈ ਉਸਦੀ ਇਸ ਸੋਚ ਦਾ। ਵੱਡੇ ਵੱਡੇ ਗੋਲੇ ਵਲ ਕੇ ਉਹ ਬਾਰਾਂ ਪੰਨਿਆਂ ਦੀ ਕਹਾਣੀ 'ਚੋਂ ਨੌਂ ਪੰਨਿਆਂ ਦਾ ਸੱਤ ਕੱਢ ਸਕਦੀ ਹੈ। ਗੀਤਾਂ ਲਈ ਵੀ ਉਸਨੇ ਇਹ ਹੀ ਸੁਝਾਅ ਦਿੱਤਾ ਕਿ ਇਕ ਲਾਈਨ ਦੁਬਾਰਾ ਨਹੀਂ ਗਾਉਣੀ ਚਾਹੀਦੀ....ਇਕ ਵਾਰ ਗਾਈ ਹੀ ਕਾਫ਼ੀ ਹੁੰਦੀ ਹੈ।

ਇਸਤੋਂ ਪਹਿਲਾਂ ਮੈਂ ਕਦੀ ਨਹੀਂ ਸੁਣਿਆਂ ਕਿ ਗੀਤ ਜਾਂ ਗ਼ਜ਼ਲ ਵਿੱਚ ਗਾਉਂਦਿਆਂ ਦੁਹਰਾਅ ਨਹੀਂ ਹੋਣਾ ਚਾਹੀਦਾ। ਗਾਉਣ ਦੇ ਵੀ ਕਾਇਦੇ ਨੇ, ਪਰ ਕੌਣ ਸਮਝਾਏ ਅਜੀਤ ਕੌਰ ਨੂੰ ਜਿਹੜੀ ਨਿੱਤ ਨਵੀਆਂ ਮਹਿਫ਼ਲਾਂ ਦੀ ਜਾਨ ਹੈ। ਕਈ ਮਿਊਜ਼ਕ ਕਨਸਰਟਾਂ ਵਿੱਚ ਟੀ. ਵੀ. ਤੇ ਝੂੰਮਦਿਆਂ ਵੇਖਿਐ ਉਸਨੂੰ।

****

'ਨਾਗਮਣੀ' 'ਚ ਉਸ 'ਅਜੀਤ ਕੌਰ ਤੇ ਅਜੀਤ ਕੌਰ/ਇਕ ਜ਼ਾਬਤ ਸ਼ੁਦਹ ਚੀਖ' ਸਿਰਲੇਖ ਹੇਠ ਆਪਣੇ ਆਪ ਨਾਲ ਗੱਲਾਂ ਕੀਤੀਆਂ ਸਨ।

ਇਕ ਬੰਦਾ ਸੀ। ਉਹਨੂੰ ਮੈਂ 'ਓਮਾਂ' ਕਹਿੰਦੀ ਸਾਂ। ਉਹਨੇ ਮੇਰਾ ਦਿਲ ਜਿੱਤਣ ਵਾਸਤੇ ਡੇੜ ਸਾਲ ਮਿਹਨਤ ਕੀਤੀ। ਮੈਨੂੰ ਚੰਗੀਆਂ ਕਿਤਾਬਾਂ ਪੜ੍ਹਨੀਆਂ ਤੇ ਨਵੀਆਂ ਕਿਤਾਬਾਂ ਬਾਰੇ ਗੱਲਾਂ ਸੁਣਨਾ ਚੰਗਾ ਲੱਗਦਾ ਸੀ, ਉਹ ਦਿੱਲੀ ਦੇ ਹਰ ਥੀਏਟਰ ਵਿੱਚ ਹੋਣ ਵਾਲੇ ਹਰ ਡਰਾਮੇ ਦੀਆਂ ਟਿਕਟਾਂ ਖਰੀਦ ਕੇ ਮੇਰੇ ਪਿੱਛੇ ਫਿਰਦਾ ਰਹਿੰਦਾ। ਮੈਨੂੰ ਮਿਊਜ਼ਿਕ ਚੰਗਾ ਲੱਗਦਾ ਸੀ, ਉਹਨੇ ਵੀ ਇਹ ਸ਼ੌਕ ਪਾਲ ਲਿਆ ਸੀ। ਚੰਗੀਆਂ ਫ਼ਿਲਮਾਂ ਦਾ ਸ਼ੌਕ ਸੀ, ਉਹ ਹਰ ਸ਼ਾਮ ਮੈਨੂੰ ਫਿਲਮ ਲਿਜਾਣ ਲਈ ਤਿਆਰ ਰਹਿੰਦਾ। ਉਹ ਸਕੂਲਾਂ ਦੇ ਬੱਚਿਆਂ ਲਈ ਗਾਈਡਾਂ ਛਾਪ ਕੇ ਵੇਚਣ ਦਾ ਧੰਦਾ ਕਰਦਾ ਸੀ। ਜਲੰਧਰ ਵਿੱਚ। ਮੈਨੂੰ ਉਹਦਾ ਇਹ ਕੰਮ ਪਸੰਦ ਨਹੀਂ ਸੀ (ਜਿਵੇਂ ਬੱਚਿਆਂ ਨਾਲ ਕੋਈ ਪ੍ਰਾਸਟੀਚੀਊਸ਼ਨ ਕਰ ਰਿਹਾ ਹੋਵੇ)। ਉਹਨੇ ਹੌਲੀ ਹੌਲੀ ਆਪਣੇ ਉਹ ਕੰਮ ਨੂੰ ਬੰਦ ਕਰ ਦਿੱਤਾ, ਵਧੀਆ ਰੀਸਰਚ ਦੀਆਂ ਕਿਤਾਬਾਂ ਤੇ

ਲਿਟਰੇਚਰ ਛਾਪਣਾ ਸ਼ੁਰੂ ਕਰ ਦਿੱਤਾ। (ਅੱਜ ਵੀ ਕਦੇ ਕੋਈ ਉਹਦੀਆਂ ਛਪੀਆਂ ਕਿਤਾਬਾਂ ਦੀ ਤਾਰੀਫ਼ ਕਰਦਾ ਏ, ਤਾਂ ਮੈਨੂੰ ਲੱਗਦਾ ਏ ਮੇਰੀ ਤਾਰੀਫ਼ ਹੋ ਰਹੀ ਏ।) ਓਮਾਂ ਪਹਿਲਾ ਮਰਦ ਸੀ, ਜਿਸਨੇ ਮੇਰੇ ਜਿਸਮ ਦੀ ਪਿਆਸ ਨੂੰ ਤੇ ਰੂਹ ਦੀ ਭਟਕਣ ਨੂੰ ਸਮਝਿਆ। ਸੈਕਸ ਦੇ ਪੱਖੀ ਮੇਰੀ ਜ਼ਿੰਦਗੀ ਦਾ ਇਹ ਪਹਿਲਾ ਮਰਦ ਸੀ, ਤੇ ਅੱਜ ਦੀ ਤਾਰੀਖ ਤਕ ਆਖਰੀ ਮਰਦ। ਉਹਦੇ ਜਾਣ ਤੋਂ ਮਗਰੋਂ ਮੈਂ ਹਰ ਮੂੰਹ ਵਿੱਚ ਉਹਦੀ ਤਾਲਾਸ਼ ਕਰਦੀ ਰਹੀ ਹਾਂ।

ਇਹ ਇਕ ਹੋਰ ਟੁਕੜਾ ਏ ਮੇਰਾ ਜਿਹੜਾ ਰੋਟੀ ਲਈ ਕੰਮ ਕਰਦਾ ਏ। ਪਰ ਇਹਨੇ ਵੀ ਆਪਣੀ ਪਰਸਥਿਤੀ ਨਾਲ ਸਮਝੌਤਾ ਨਹੀਂ ਕੀਤਾ ਹੋਇਆ। ਤੈਨੂੰ ਭੁਲੇਖਾ ਲੱਗਾ ਏ। ਇਸ ਟੁਕੜੇ ਤੋਂ ਮੈਨੂੰ ਨਫ਼ਰਤ ਵੀ ਏ ਤੇ ਇਹਦੇ 'ਤੇ ਮੈਨੂੰ ਤਰਸ ਵੀ ਔਂਦਾ ਏ। ਲੋਕ ਕਹਿੰਦੇ ਨੇ ਮੈਂ ਬੜੀ ਕਾਮਯਾਬ ਬਿਜ਼ਨੈੱਸ ਵੁਮਨ ਹਾਂ। ਪਰ ਉਹ ਮੇਰਾ ਟੁਕੜਾ ਜਿਹੜਾ ਬਿਜ਼ਨੈੱਸ ਕਰਦਾ ਏ, ਮੈਨੂੰ ਸਭ ਤੋਂ ਘਟੀਆ ਤੇ ਜ਼ਲੀਲ ਲੱਗਦਾ ਏ। ਇਹਦਾ ਇਹ ਮਤਲਬ ਨਹੀਂ ਕਿ ਮੈਨੂੰ ਕੰਮ ਕਰਨਾ ਚੰਗਾ ਨਹੀਂ ਲੱਗਦਾ। ਕੰਮ ਤਾਂ ਮੈਂ ਦਿਨ ਰਾਤ ਕਰ ਸਕਦੀ ਹਾਂ। ਤੇ ਜ਼ਿੰਦਗੀ ਵਿੱਚ ਮੈਂ ਬਥੇਰੀ ਹੱਡ-ਭੰਨਵੀਂ ਮਿਹਨਤ ਕੀਤੀ ਏ। ਪਰ ਇਹ ਮਿਹਨਤ ਹੋਰ ਤਰ੍ਹਾਂ ਦੀ ਏ। ਇਸ ਟੁਕੜੇ ਨੂੰ ਬਹੁਤ ਐਕਟਿੰਗ ਕਰਨੀ ਪੈਂਦੀ ਏ। ਘਟੀਆ ਲੋਕਾਂ ਨਾਲ ਹੱਸ ਕੇ ਗੱਲ ਕਰਨੀ ਹੁੰਦੀ ਏ। ਜਿਨ੍ਹਾਂ ਲੋਕਾਂ ਨੂੰ ਮਿਲਣ 'ਤੇ ਦਿਲ ਨਹੀਂ ਕਰਦਾ, ਉਹਨਾਂ ਨੂੰ ਮਿਲਣਾ ਪੈਂਦਾ ਏ, ਪਾਰਟੀਆਂ 'ਤੇ ਜਾਣਾ ਪੈਂਦਾ ਏ, ਖਾਸ ਕਰਕੇ ਐਂਬੈਸੀਆਂ ਦੀਆਂ ਨਿਹਾਇਤ ਬੋਰ ਪਾਰਟੀਆਂ 'ਤੇ। ਕਦੇ ਕਦਾਈਂ ਘਰ ਵੀ ਪਾਰਟੀਆਂ ਕਰਨੀਆਂ ਪੈਂਦੀਆਂ ਨੇ। ਤੇ ਮੈਨੂੰ ਹੰਗਾਮੇ ਤੋਂ ਸਖ਼ਤ ਨਫ਼ਰਤ ਏ। ਮਹਿਜ਼ ਵਾਕਫ਼ ਚਿਹਰਿਆਂ ਦੀ ਭੀੜ ਵਿੱਚ ਦਮ ਘੁੱਟਦਾ ਏ। ਸਿਰਫ਼ ਉਹਦੇ ਨਾਲ ਗੱਲ ਕਰਨ 'ਤੇ ਜੀਅ ਕਰਦਾ ਏ ਜਿਹੜਾ ਬੰਦਾ ਮੈਨੂੰ ਚੰਗਾ ਲੱਗੇ। ਪਰ ਮੁਸੀਬਤ ਇਹ ਐ ਪਈ ਲੱਖਾਂ ਵਿੱਚ ਕੋਈ ਇਕ ਅੱਧ ਬੰਦਾ ਈ ਚੰਗਾ ਲੱਗਦਾ ਏ, ਬੱਸ। ਇਹ ਚੂਜ਼ੀਨੈੱਸ ਮੇਰੀ ਨਾਬਰੀ ਨਹੀਂ, ਮੇਰੀ ਮਜ਼ਬੂਰੀ ਏ। ਪਰ ਨਾ ਚੰਗੇ ਲੱਗਣ ਵਾਲੇ ਬੰਦਿਆਂ ਨੂੰ ਵੀ ਮਿਲਣਾ ਮੇਰੇ ਉਸ ਟੁਕੜੇ ਦੀ ਮਜ਼ਬੂਰੀ ਏ। ਭੀੜ ਤੋਂ ਮੈਨੂੰ ਨਫ਼ਰਤ ਏ, ਪਰ ਏਸ ਟੁਕੜੇ ਨੂੰ ਭੀੜ ਵਿੱਚ ਰਲਣਾ ਪੈਂਦਾ ਏ। ਜੇ ਉਹ ਕਦੇ ਭੀੜ ਵਿੱਚ ਗੁਆਚ ਜਾਂਦਾ, ਜਾਂ ਭੀੜ ਨੂੰ ਐਨਜੁਆਏ ਕਰਨ ਲੱਗ ਪੈਂਦਾ, ਤਾਂ ਮੈਂ ਉਹਨੂੰ ਵੱਢ ਕੇ ਸੁੱਟ ਦੇਣਾ ਸੀ। ਪਰ ਮੈਨੂੰ ਉਹਦੇ 'ਤੇ ਰਹਿਮ ਔਂਦਾ ਏ, ਕਿਉਂਕਿ ਬਿਜ਼ਨੈੱਸ ਦੇ ਦਸਾਂ ਵਰ੍ਹਿਆਂ ਤੋਂ ਬਾਅਦ ਵੀ ਉਹ ਜ਼ਿਬਹ-ਖਾਨੇ ਵੱਲ ਜਾਂਦੇ ਮੇਮਣੇ ਵਾਂਗ ਡਡਿਆਂਦਾ ਏ, ਤੇ ਬੜੀਆਂ ਕਾਤਰ ਤੇ ਪੁਰ-ਨਮ ਅੱਖਾਂ ਨਾਲ ਮੇਰੇ ਵੱਲ ਤੱਕਦਾ ਏ।

****

ਅਜੀਤ ਕੌਰ ਦੀ ਸੰਗਤ ਵਿਚ ਬਿਤਾਏ ਪਾਕਿਸਤਾਨ ਫੇਰੀ ਦੇ ਅੱਠ ਦਿਨ ਕਦੀ ਨਾ ਭੁੱਲਣ ਵਾਲੇ ਹਨ। ਦਿੱਲੀ ਤੋਂ ਉਹਦੇ ਨਾਲ ਚਿਤਰਾ ਮੁਦਗਲ, ਕਮਲ ਕੁਮਾਰ ਤੇ ਮਨੋਹਰ ਸ਼ਿਆਮ ਜੋਸ਼ੀ ( 2005 ਦੇ ਸਾਹਿਤਯ ਅਕੈਡਮੀ ਅਵਾਰਡ ਜੈਤੂ ਹਿੰਦੀ ਦੇ ਲੇਖਕ), ਜੀਲਾਨੀ ਬਾਨੋ ਤੇ ਸਈਅਦਾ ਹਮੀਦ, ਸ਼ਹਿਪੁਰ ਰਸੂਲ (ਉਰਦੂ ਨੇ ਨਾਵਲਿਸਟ ਤੇ ਸ਼ਾਇਰ) ਤੇ ਗਿਆਨ ਪੀਠ ਇਨਾਮ ਜੇਤੂ ਅਸਮੀਆ ਦੀ ਲੇਖਿਕਾ ਇੰਦਰਾ ਗੋਸੁਆਮੀ ਸਨ। ਡਾ. ਜਗਤਾਰ ਜਲੰਧਰ ਤੋਂ ਅਤੇ ਮੈਂ ਮੋਹਾਲੀ ਤੋਂ। ਆਖਿਰੀ ਦਿਨ ਸੀ ਸਾਡਾ ਪਾਕਿਸਤਾਨ ਵਿੱਚ। ਇਨ੍ਹਾਂ ਅੱਠਾਂ ਦਿਨਾਂ ਵਿੱਚ ਮਸਾਂ ਚਾਰ ਪੰਜ ਘੰਟੇ ਹੀ ਰੋਜ਼ ਆਰਾਮ ਕਰਨ ਜਾਂ ਸੌਣ ਲਈ ਮਿਲ ਸਕੇ। ਅਸੀਂ ਸਾਰੇ ਤਾਂ ਆਰਾਮ ਕਰਦੇ ਪਰ ਆਫ਼ਰੀਨ ਹੈ ਅਜੀਤ ਕੌਰ ਦੇ....ਉਹ ਬਾਕੀ ਰਾਤ ਅਖ਼ਬਾਰਾਂ 'ਚੋਂ ਲੱਭ ਲੱਭ ਕੇ ਕਾਤਰਾਂ ਸਾਂਭਦੀ। ਜ਼ਰੂਰ ਡਾਇਰੀ ਵੀ ਲਿਖਦੀ ਹੀ ਹੋਵੇਗੀ ਤੇ ਅਗਲੇ ਦਿਨ ਦਾ ਪ੍ਰੋਗਰਾਮ ਵੀ ਤੈਅ ਕਰਦੀ।

ਵਕਤ ਤੇਜ਼ੀ ਨਾਲ ਹੱਥੋਂ ਖਿਸਕ ਰਿਹਾ ਸੀ। ਆਖਿਰੀ ਰਾਤ ਸੀ ਸਾਡੀ ਪਾਕਿਸਤਾਨ ਵਿੱਚ।



ਅਨਾਰਕਲੀ ਬਜ਼ਾਰ ਵਾਲਿਆਂ ਤੋਂ ਉਚੇਚਾ ਪਿਆਰ, ਸਤਿਕਾਰ ਤੇ ਤੋਹਫ਼ੇ ਲੈ ਕੇ ਅਸੀਂ ਕਿਸ਼ਵਰ ਨਾਹੀਦ ਦੇ ਭਾਈ ਸਾਹਿਬ ਦੇ ਘਰ ਰਾਤ ਦਾ ਖਾਣਾ ਖਾਣ ਜਾਣ ਲਈ ਕੈਂਪ ਵਿੱਚ ਰਹਿ ਗਏ। ਇਹ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਇਕੋ ਵਾਰੀ ਤਿਆਰ ਹੋ ਕੇ ਨਿਕਲਣਾ ਹੈ। ਕੱਪੜੇ ਤਾਂ ਠੀਕ ਹੀ ਸਨ...ਆਪਣੇ ਆਪਣੇ ਪਰਸ 'ਚੋਂ ਕੰਘੀਆਂ, ਲਿਪਸਟਿਕ ਤੇ ਸ਼ੀਸ਼ੇ ਕੱਢ ਕੇ ਬੀਬੀਆਂ ਨੇ ਆਪਣੇ ਵਾਲ ਸਵਾਰੇ ਤੇ ਹੁਲੀਆ ਠੀਕ ਕੀਤਾ। ਅਜੀਤ ਨੇ ਵੀ ਸਵੇਰੇ ਸਿਲਕ ਦਾ ਨਵਾਂ ਚੋਲਾ ਪਾਇਆ ਹੋਇਆ ਸੀ ਤੇ ਉੱਤੇ ਵੱਡਾ ਸਾਰਾ ਲਾਕਿਟ....ਲੱਗਦੈ ਕਿਸੇ ਪੀਰ ਫ਼ਕੀਰ ਕੋਲੋਂ ਮੰਤਰਾਅ ਕੇ ਲਿਆਈ ਹੋਈ ਹੈ.....ਤਾਂਹੀਏ ਸਾਰੇ ਕੀਲੇ ਜਾ ਰਹੇ ਸਨ....ਉਹਦੇ ਦੁਆਲੇ ਗਿੜਦੇ ਜਾ ਰਹੇ ਸਨ, ਜੋ ਕਹਿ ਰਹੀ ਸੀ ਹਾਂ ਜੀ.....ਹਾਂ ਜੀ......ਕਰਦੇ ਜਾ ਰਹੇ ਸਨ।

ਉਸਨੂੰ ਵੀ ਸ਼ਾਇਦ ਉਚੇਚਾ ਤਿਆਰ ਹੋਣਾ ਯਾਦ ਆਇਆ, ਉਸ ਚਿਤ੍ਰਾ ਮੁਦਗਲ ਵੱਲ ਵੇਖਿਆ। ਚਿਤ੍ਰਾ ਵੱਡੀ ਸਾਰੀ ਲਾਲ ਬਿੰਦੀ ਮੱਥੇ 'ਤੇ ਲਾਉਂਦੀ ਹੈ।

"ਕੋਈ ਫ਼ਾਲਤੂ ਬਿੰਦੀ ਹੈ ਆਪਕੇ ਪਾਸ ?"

ਚਿਤ੍ਰਾ ਨੇ ਪਰਸ 'ਚੋਂ ਬਿੰਦੀ ਕੱਢਕੇ ਦਿੱਤੀ ਤਾਂ ਅਜੀਤ ਕੌਰ ਨੇ ਬਿਨਾਂ ਸ਼ੀਸ਼ਾ ਵੇਖਿਆਂ ਮੂੰਹ ਜ਼ੁਬਾਨੀ ਹੀ ਮੱਥੇ 'ਤੇ ਟਿਕਾਅ ਲਈ..ਦਮ ਦਮ ਦਮਕ ਰਿਹਾ ਸੀ ਅਜੀਤ ਦਾ ਮੱਥਾ ਤੇ ਰੂਪ ਦੂਣ ਸਵਾਇਆ ਹੋ ਗਿਆ ਸੀ। ਐਨੀ ਸੁਹਣੀ ਅਜੀਤ ਤਾਂ ਇਸਤੋਂ ਪਹਿਲਾਂ ਕਦੀ ਵੀ ਨਹੀਂ ਸੀ ਵੇਖੀ।

ਮਿੱਠੀ ਤੇ ਛਾਂ ਦਾਰ ਅਜੀਤ ਤਾਂ ਮੈਂ ਵਰ੍ਹਿਆਂ ਤੋਂ ਵੇਖਦੀ ਆ ਰਹੀ ਸਾਂ, ਪਰ ਕੌੜੀ ਤੇ ਕੈਰੀ ਇਸ ਵਾਰ ਵੇਖੀ।

ਇਸਲਾਮਾਬਾਦ ਰਾਤ ਦਾ ਖਾਣਾ ਇਰਫ਼ਾਨ ਅਹਿਮਦ ਸਦੀਕੀ ਦੇ ਘਰ ਸੀ। ਸਾਡੇ ਵਫ਼ਦ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੇਖਕ, ਚਿੰਤਕ, ਡਿਪਲੋਮੈਟ ਤੇ ਹਾਈ ਫ਼ਾਈ ਸੁਸਾਇਟੀ ਦੇ ਲੋਕ ਆਏ ਹੋਏ ਸਨ। ਇਕ ਟੇਬਲ 'ਤੇ ਮੈਂ, ਅਜੀਤ ਕੌਰ, ਫ਼ਹਿਮੀਦਾ ਰਿਆਜ਼ ਤੇ ਪੰਜ ਛੇ ਹੋਰ ਲੇਖਕ ਬੈਠੇ ਹੋਏ ਸਾਂ। ਡ੍ਰਿੰਕਸ, ਸਨੈਕਸ ਦੇ ਨਾਲ ਗੱਪ ਸ਼ੱਪ ਵੀ ਚਲ ਰਹੀ ਸੀ। ਡਿਨਰ ਲੱਗ ਚੁੱਕਾ ਸੀ, ਤੇ ਮੈਂ ਬਰਿਆਨੀ ਹੌਲੀ ਹੌਲੀ ਸੁਆਦ ਲੈ ਕੇ ਖਾ ਰਹੀ ਸਾਂ ਜਿਹੋ ਜਿਹੀ ਅੱਜ ਤੱਕ ਨਹੀਂ ਸੀ ਖਾਧੀ.......

ਕਿ ਅਚਾਨਕ ਬੰਬ ਫਟਿਆ ਅਜੀਤ ਕੌਰ ਵਾਲੇ ਪਾਸਿਉਂ....ਪਤਾ ਨਹੀਂ ਕੀ ਹੋਇਆ ਕਿ ਉਸ ਤੋਪ ਦਾ ਮੂੰਹ ਫ਼ਹਿਮੀਦਾ ਵੱਲ ਘੁਮਾ ਦਿੱਤਾ ਤੇ ਉਸਦੀ ਚੰਗੀ ਲਾਹ ਪਾਹ ਕੀਤੀ...ਦਿੱਲੀ ਦੇ ਠਹਿਰਾਅ ਦੌਰਾਨ ਉਸ 'ਤੇ ਖ਼ਰਚ ਕੀਤੇ ਲੱਖਾਂ ਰੁਪਏ ਗਿਣਾ ਦਿੱਤੇ......"ਕੁਝ ਪਤੈ ਤੈਨੂੰ ਕਿ ਜਿਸ ਹੋਟਲ ਵਿੱਚ ਠਹਿਰਾਂਦੀ ਰਹੀ ਹਾਂ, ਕਿੰਨੇ ਹਜ਼ਾਰ ਰੋਜ਼ ਦਾ ਕਿਰਾਇਆ ਸੀ, ਕਿ ਰੋਟੀ ਦਾ ਹੀ ਐਨਾ ਖਰਚਾ ਕਰਦੀ ਰਹੀ"........ਵਗੈਰਾ ਵਗੈਰਾ..। ਫ਼ਹਿਮੀਦਾ ਨੂੰ ਰਾਹ ਨਹੀਂ ਸੀ ਲੱਭ ਰਿਹਾ। ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਰਹੀ ਸਾਂ ਕਿ ਮੇਰੇ ਸਾਹਮਣੇ ਉਸਦੀ ਪੱਤ ਲੱਥ ਰਹੀ ਸੀ। ਮੈਂ ਕੀ ਬੋਲਦੀ ਮੈਨੂੰ ਤਾਂ ਪਤਾ ਹੀ ਨਹੀਂ ਸੀ, ਕਿ ਅਚਾਨਕ ਹੋਇਆ ਕੀ।

ਫ਼ਹਿਮੀਦਾ ਦੇ ਹੱਥ ਦਾ ਜਾਮ ਟੇਬਲ 'ਤੇ ਹੀ ਰਹਿ ਗਿਆ ਤੇ ਉਹ ਰੋਂਦੀ ਹੋਈ ਪਾਰਟੀ ਛੱਡ ਕੇ ਚਲੀ ਗਈ। ਮੇਰੇ ਮੂੰਹੋਂ ਐਨਾ ਹੀ ਨਿਕਲ ਸਕਿਆ, "ਤੁਸੀਂ ਜ਼ਿਆਦਾ ਨਹੀਂ ਕਹਿ ਗਏ ਅਜੀਤ ?" ਮੈਂ ਤਾਂ ਸੋਚ ਵੀ ਨਹੀਂ ਸਕਦੀ ਕਿ ਕਿਸੇ ਦੀ ਖ਼ਾਤਿਰਦਾਰੀ ਕਰਕੇ ਯਾਦ ਵੀ ਰੱਖਿਆ ਜਾਂਦਾ ਹੈ ਕਿ ਕਿੰਨਾ ਖੁਆਇਆ ਸੀ ਤੇ ਕਿੰਨਾ ਖਰਚ ਕੀਤਾ ਸੀ......ਪਰ ਅਜੀਤ ਕੌਰ ਨੂੰ ਕੋਈ ਅਫ਼ਸੋਸ ਨਹੀਂ ਸੀ ਤੇ ਨਾ ਹੀ ਕੋਈ ਸ਼ਿਕਨ ਉਹਦੇ ਚਿਹਰੇ 'ਤੇ ਸੀ। ਉਸਨੂੰ ਤਾਂ ਸ਼ਾਇਦ ਇਹ ਵੀ ਇਲਮ ਨਹੀਂ ਸੀ ਕਿ ਕਦੋਂ ਉਹ ਕਿਸੇ ਨੂੰ ਪਹਾੜ 'ਤੇ ਚੜ੍ਹਾਉਂਦੀ ਹੈ ਤੇ ਕਦੋਂ ਖੱਡ ਵਿੱਚ ਧੱਕਾ ਦੇ ਦਿੰਦੀ ਹੈ। ਉਸਨੇ ਬੱਸ ਏਨਾ ਹੀ ਕਿਹਾ, "ਤੁਹਾਨੂੰ ਨਹੀਂ ਪਤਾ ਇਨ੍ਹਾਂ ਲੋਕਾਂ ਦਾ..." ਤੇ ਉਹ ਉਥੋਂ ਉਠਕੇ ਦੂਜੇ ਇਕੱਠ ਵਿੱਚ ਹੱਸਦੀ

ਹੋਈ ਸ਼ਾਮਿਲ ਹੋ ਗਈ।

****

ਕੁਝ ਮਹੀਨੇ ਪਹਿਲਾਂ 'ਟ੍ਰਿਬਿਊਨ' ਵਿੱਚ ਖ਼ਬਰ ਛਪੀ ਕਿ ਅਜੀਤ ਕੌਰ ਕੁਝ ਲੇਖਕਾਂ ਤੇ ਬੁੱਧੀਜੀਵੀਆਂ ਦਾ ਵਫ਼ਦ ਲੈ ਕੇ ਪਾਕਿਸਤਾਨ ਜਾ ਰਹੀ ਹੈ ਤਾਂ ਮੈਂ ਉਸ ਵੇਲੇ ਦਿੱਲੀ ਫ਼ੋਨ ਮਿਲਾਇਆ ਤੇ ਅਜੀਤ ਨੂੰ ਕਿਹਾ ਕਿ ਮੇਰੇ ਬਿਨਾਂ ਨਾ ਜਾਣਾ ਪਲੀਜ਼...ਮੈਂ ਮਰਨ ਤੋਂ ਪਹਿਲਾਂ ਇਕ ਵਾਰ ਜ਼ਰੂਰ ਪਾਕਿਸਤਾਨ ਜਾਣਾ ਚਾਹੁੰਦੀ ਹਾਂ...ਆਪਣੇ ਘਰ।

ਤੇ ਜਦੋਂ ਦਿੱਲੀਉਂ ਬੁਲਾਵੇ ਦਾ ਖ਼ਤ ਆਇਆ ਤਾਂ ਆਪਣੇ 'ਤੇ ਹੀ ਰਸ਼ਕ ਹੋਣ ਲੱਗਾ। ਕੋਈ ਤਸ਼ਬੀਹ ਰਾਸ ਨਹੀਂ ਸੀ ਆ ਰਹੀ। ਮੇਰਾ ਮੱਕਾ..ਮੇਰਾ ਕਾਅਬਾ....ਮੇਰਾ ਤੀਰਥ..........ਮੇਰਾ ਪਿਛਲੇ ਛਪਿੰਜਾ ਸਾਲਾਂ ਤੋਂ ਵਿਛੜਿਆ ਪੇਕਾ। ਮੇਰਾ ਨਾਨਕਾ......ਦਾਦਕਾ...ਮੇਰੀ ਚੜ੍ਹਦੀ ਜਵਾਨੀ ਤੇ ਉੱਛਲ ਉੱਛਲ....ਉਮ੍ਹਲ ਉਮ੍ਹਲ ਪੈਂਦੀ ਨੂੰ ਘੁੱਟ ਘੁੱਟ ਵਲ੍ਹੇਟ ਵਲ੍ਹੇਟ ਰੱਖਦੀ ਮੇਰੀ ਮਾਂ.....।

ਉਸੇ ਹੀ ਸ਼ਹਿਰ.....ਉਸੇ ਹੀ ਗਰਾਂ......ਇਸਲਾਮਾਬਾਦ ਤੋਂ ਸਿਰਫ਼ ਵੀਹ ਪੰਝੀ ਕਿਲੋਮੀਟਰ...ਗੁਜਰਖ਼ਾਨ.....ਸ਼ਾਇਦ ਉਥੇ ਵੀ ਜਾਣ ਦਾ ਸਬੱਬ ਬਣ ਜਾਵੇ। ਜਵਾਰਭਾਟਾ ਉੱਠ ਰਿਹਾ ਸੀ ਇਸ ਸ਼ਾਂਤ ਸਮੁੰਦਰ ਵਿੱਚ...ਕਈ ਕਈ ਮੀਟਰ ਉੱਚੀ ਛੱਲ ਧੜਾਂਹ ਕਰਕੇ ਕਿਨਾਰੇ ਨਾਲ ਸਿਰ ਪਟਕਦੀ ਤੇ ਢੇਰ ਸਾਰੀ ਝੱਗ ਤੇ ਘੋਗੇ ਸਿੱਪੀਆਂ ਵਿਛਾ ਕੇ ਵਾਪਸ ਜਾਂਦੀ ਹੋਈ..ਪਾਕਿਸਤਾਨ ਤੋਂ ਬਾਅਦ ਦਾ ਸਾਰਾ ਅਰਸਾ ਉਨ੍ਹਾਂ ਨੂੰ ਹੀ ਤਾਂ ਸਾਂਭ ਰਹੀ ਸਾਂ।

ਜਾਣ ਦੀ ਤਿਆਰੀ ਸ਼ੁਰੂ ਹੋਈ। ਰੋਜ਼ ਦੇ ਤਿੰਨ ਫ਼ੋਨ ਦਿੱਲੀਓਂ ਆਉਂਦੇ....ਦੋ ਤਿੰਨ ਮੁਹਾਲੀਓਂ ਜਾਂਦੇ। ਰੋਜ਼ ਕੋਰੀਅਰ ਆਉਂਦੇ, ਉਰਦੂ ਤੇ ਹਿੰਦੀ ਵਿੱਚ ਟ੍ਰਾਂਸਲੇਟ ਕਰਵਾਉ....ਕੰਪਿਊਟਰ 'ਚੋਂ ਪ੍ਰਿੰਟ ਕਢਵਾਉ......ਫ਼ਲਾਪੀਆਂ ਤਿਆਰ ਕਰਵਾਉ। ਇਕ ਹਫ਼ਤੇ ਜਾਂ ਦਸ ਦਿਨਾਂ ਦੇ ਅੰਦਰ ਅੰਦਰ ਭੇਜ ਦਿਉ......ਜਾਣਾ ਹੈ ਤਾਂ ਹੋਮ ਵਰਕ ਤਾਂ ਕਰਨਾ ਹੀ ਪਵੇਗਾ....ਉਥੇ ਜਾ ਕੇ ਆਪਣੇ ਮੁਲਕ ਦਾ ਨਾਂ ਵੀ ਤਾਂ ਉੱਚਾ ਕਰਨਾ ਹੈ।

ਮੈਂ ਅਕੈਡਮਿਕ ਅਦਾਰਿਆਂ ਨਾਲ ਦੂਰੋਂ ਦੂਰੋਂ ਤਾਂ ਵਾਬਸਤਾ ਰਹੀ ਹਾਂ, ਪਰ ਟ੍ਰਾਂਸਲੇਟਰ ਕਿਥੋਂ ਲੱਭਣਾ ਹੈ.....ਕੌਣ ਕੌਣ ਲਿਖੇ ਤੇ ਕੌਣ ਟ੍ਰਾਂਸਲੇਟ ਕਰੇਗਾ, ਕਹਾਣੀਆਂ ਐਨੇ ਘਟ ਵਕਤ ਵਿੱਚ ਤੇ ਫਿਰ ਕਿਥੋਂ ਪ੍ਰਿੰਟਰ ਲੱਭਾਂਗੀ ਤੇ ਫ਼ਲਾਪੀਆਂ ਕੀ ਹੁੰਦੀਆਂ ਨੇ ਭਲਾ ?

ਦੌੜ ਦੌੜ ਹਫ਼ ਗਈ ਮੈਂ। ਜਿਵੇਂ ਕਿਵੇਂ ਕਰਕੇ ਟ੍ਰਾਂਸਲੇਸ਼ਨ ਕਰਵਾਈਆਂ ਕਹਾਣੀਆਂ ਪ੍ਰਿੰਟ ਹੋ ਗਈਆਂ.......ਫ਼ਲਾਪੀਆਂ ਤਿਆਰ ਹੋ ਗਈਆਂ। "ਹੁਣ ਭੇਜਾਂ ?"

"ਨਹੀਂ ਨਹੀਂ......ਆਪਣੇ ਕੋਲ ਹੀ ਰੱਖੋ....ਨਾਲ ਹੀ ਲਈ ਆਉਣੀਆਂ। ਪੇਪਰ ਲਿਖਣ ਲਈ ਛੇਤੀ ਹੀ ਸਬਜੈਕਟ ਭੇਜ ਰਹੀ ਹਾਂ। ਕਿਸੇ ਵੀ ਇਕ ਵਿਸ਼ੇ 'ਤੇ ਲਿਖ ਦਿਉ।"

"ਪਰ ਮੈਂ ਤਾਂ ਕਦੀ ਪੇਪਰ ਲਿਖਿਆ ਨਹੀਂ...ਕਹਾਣੀ, ਕਵਿਤਾ ਲਿਖਦੀ ਹਾਂ। ਗੀਤ ਗਾ ਦਿਆਂਗੀ। ਜੋ ਮੈਂ ਹਾਂ, ਉਹੀ ਹਾਂ, ਪੇਪਰ ਲੇਖਕ ਨਹੀਂ.....ਉਹ ਨਹੀਂ ਹੋ ਸਕੇਗਾ..ਪਲੀਜ਼।"

"ਉਹ ਤਾਂ ਲਿਖਣਾ ਹੀ ਪਵੇਗਾ, ਉਸਤੋਂ ਬਿਨਾਂ ਜਾ ਨਹੀਂ ਸਕਦੇ।"

ਤੇ ਹਰ ਫੋਨ 'ਤੇ ਇਹ ਤਾਕੀਦ ਹੁੰਦੀ ਰਹੀ.....ਮੈਂ ਟੈਨਸ਼ਨ ਨਾਲ ਕਲਵਲ ਹੁੰਦੀ ਰਹੀ......ਪੇਪਰ ਇਕ ਹਊਆ ਬਣ ਗਿਆ ਸੀ। ਮੇਰੇ ਲਈ......ਲੇਖ ਵੀ ਤਾਂ ਲਿਖਦੀ ਹੀ ਹਾਂ..ਹੋਰ ਕੀ ਹੁੰਦਾ ਏ ਪੇਪਰ....ਪਰ ਪਤਾ ਨਹੀਂ ਕੀ ਹੋ ਰਿਹਾ ਸੀ ਕਿ ਇਕ ਅੱਖਰ ਵੀ ਨਹੀਂ ਸੀ ਉੱਗ ਰਿਹਾ ਮੇਰੇ ਅੰਦਰ। ਮੈਂ ਕੀ ਕਰਦੀ।

ਪਰ ਇਹ ਤਾਂ ਐਵੇਂ ਇਕ ਬਹਾਨਾ ਹੀ ਸੀ।



ਜਿਹੜੇ ਵੀਜ਼ਾ ਫਾਰਮ ਮੈਨੂੰ ਤੇ ਮੇਰੇ ਵਰਗੇ ਹੋਰਨਾਂ ਨੂੰ ਵੀ ਭੇਜੇ ਗਏ ਸਨ, ਉਹ ਡੁਪਲੀਕੇਟ ਸਨ, ਜਿਹੜੇ ਜਾਣ ਤੋਂ ਇਕ ਦਿਨ ਪਹਿਲਾਂ ਵੀਜ਼ਾ ਲੁਆਉਣ ਵੇਲੇ ਨਕਾਰੇ ਗਏ....ਕਿ ਔਰਿਜਿਨਲ ਫਾਰਮ ਭਰਕੇ ਦਿਉ। ਸ਼ਾਮੀਂ ਸੱਤ ਵਜੇ ਮੋਹਾਲੀ ਫੋਨ ਆਇਆ ਕਿ ਦੁਪਹਿਰੇ ਬਾਰਾਂ ਵਜੇ ਤੱਕ ਐਂਬੈਸੀ ਪਹੁੰਚ ਕੇ ਫਾਰਮ ਭਰੋ ਤੇ ਵੀਜ਼ਾ ਲਵਾਉ, ਨਹੀਂ ਤਾਂ ਜਾ ਨਹੀਂ ਸਕਦੇ।

ਹਾਲੀਂ ਤਾਂ ਪੂਰੀ ਪੈਕਿੰਗ ਵੀ ਮੈਂ ਨਹੀਂ ਸੀ ਕੀਤੀ ਹੋਈ। ਸੋਲਾਂ ਤਾਰੀਖ਼ ਦੁਪਹਿਰ ਦੀ ਬਸ ਫੜ ਕੇ ਅੰਮ੍ਰਿਤਸਰ ਜਾਣਾ ਸੀ ਤੇ ਰਾਤ ਉਥੇ ਆਰਾਮ ਕਰਕੇ ਸਤਾਰਾਂ ਤਾਰੀਖ਼ ਇਕ ਵਜੇ ਸਟੇਸ਼ਨ ਤੋਂ ਅਜੀਤ ਤੇ ਉਨ੍ਹਾਂ ਦੇ ਸਾਥੀਆਂ ਨੂੰ ਰੀਸੀਵ ਕਰਕੇ ਤਿੰਨ ਵਜੇ ਤੱਕ ਵਾਘਾ ਬਾਰਡਰ ਵੀ ਪਾਰ ਕਰਨਾ ਸੀ..ਹੁਣ ਮੈਂ ਦਿੱਲੀ ਕਿਸ ਵੇਲੇ ਜਾਵਾਂ....ਅੱਧੀ ਰਾਤੀਂ ਕਿੱਥੇ ਪਹੁੰਚਾਂ ? ਸਾਮਾਨ ਨਾਲ ਲੈ ਕੇ ਜਾਵਾਂ ? ਵੀਜ਼ੇ ਲਈ ਕਿੰਨਾ ਵਕਤ ਲੱਗੇ....ਫਿਰ ਸਟੇਸ਼ਨ 'ਤੇ ਜਾ ਕੇ ਬਿਨਾਂ ਰੀਜ਼ਰਵੇਸ਼ਨ ਦੇ ਗੱਡੀ ਚੜ੍ਹਾਂ ਤੇ ਦੁਪਹਿਰੇ ਅੰਮ੍ਰਿਤਸਰ ਪਹੁੰਚ ਕੇ ਵੇਲੇ ਸਿਰ ਬਾਰਡਰ ਵੀ ਪਾਰ ਕਰ ਸਕਾਂ।

ਜਿਵੇਂ ਐਨੇ ਦਿਨਾਂ ਤੋਂ ਉਸਾਰਿਆ ਚਾਵਾਂ ਦਾ ਪਹਾੜ ਡੈਨਾਮਾਈਟ ਲਗ ਕੇ ਢੇਰੀ ਹੋ ਰਿਹਾ ਹੋਵੇ। ਮੈਂ ਉਦਾਸ ਹੋ ਗਈ। ਨਹੀਂ ਹੀ ਜਾ ਸਕਣਾ ਮੈਂ......ਕਿੰਨੇ ਦਿਨਾਂ ਤੋਂ ਦੌੜ ਦੌੜ ਹਫ਼ੀ ਪਈ ਸਾਂ।....ਇਹ ਕਿਸੇ ਤਰ੍ਹਾਂ ਵੀ ਮੁਮਕਿਨ ਨਹੀਂ ਸੀ। ਅਫ਼ਸੋਸ ਆ ਰਿਹਾ ਸੀ ਕਿ ਪੰਦਰਾਂ ਦਿਨ ਪਹਿਲਾਂ ਦੇ ਭੇਜੇ ਹੋਏ ਫਾਰਮਾਂ 'ਤੇ ਅੱਜ ਤਕ ਵੀਜ਼ਾ ਕਿਉਂ ਨਹੀਂ ਸੀ ਲਾਇਆ ਗਿਆ। ਹੁਣ ਐਨ ਮੌਕੇ 'ਤੇ..... ?

ਜੌਲੀ ਮਿਲਣ ਆਇਆ ਹੋਇਆ ਸੀ। ਮੈਨੂੰ ਉਦਾਸ ਵੇਖਕੇ ਉਸ ਹਿੰਮਤ ਬੰਨ੍ਹਾਈ, "ਦਿਲ ਨਾ ਹਾਰੋ...ਚਲੋ, ਮੈਂ ਚਲਦਾਂ ਤੁਹਾਡੇ ਨਾਲ। ਅਸੀਂ ਰਾਤੀਂ ਸਾਢੇ ਬਾਰਾਂ ਵਜੇ ਕਾਲਕਾ ਫੜਕੇ ਸਵੇਰੇ ਦਿੱਲੀ ਪਹੁੰਚ ਜਾਵਾਂਗੇ। ਛੇਤੀ ਪੈਕਿੰਗ ਕਰੋ।"

ਪਰ ਪਾਸਪੋਰਟ ਤੇ ਫੋਟੋ ਆਦਿ ਤਾਂ ਅਜੀਤ ਦੇ ਦਫ਼ਤਰ ਵਿੱਚ ਸਨ..। ਸੋ ਫੋਨ ਕੀਤਾ।

"ਤੁਸੀਂ ਰੇਨੂੰ ਦੀ ਐਂਬੈਸੀ ਵਿੱਚ ਸਿੱਧੇ ਪਹੁੰਚ ਜਾਣਾ। ਉਸਨੂੰ ਫੋਨ ਕਰੋ ਕਿ ਫਾਰਮ ਮੰਗਵਾ ਰੱਖੇ, ਤੇ ਉਥੇ ਬਹਿਕੇ ਉਸ ਕੋਲੋਂ ਭਰਵਾ ਲੈਣਾ। ਇਕ ਸੁਹਣਾ ਜਿਹਾ ਸਰਦਾਰ ਮੁੰਡਾ ਪਾਕਿਸਤਾਨ ਐਂਬੈਸੀ ਵਿੱਚ ਠੀਕ ਬਾਰਾਂ ਵਜੇ ਤੁਹਾਨੂੰ ਉਡੀਕਦਾ ਹੋਵੇਗਾ। ਉਸ ਕੋਲੋਂ ਆਪਣੇ ਡਾਕੂਮੈਂਟਸ ਲੈ ਲੈਣਾ ਤੇ ਵੀਜ਼ਾ ਲੁਆ ਲੈਣਾ।"

"ਤੇ ਗੱਡੀ ਕਿਵੇਂ ਫੜਨੀ ਏਂ ? ਮੇਰੇ ਕੋਲ ਤਾਂ ਸੀਟ ਹੀ ਨਹੀਂ ?"

"ਉਹਦਾ ਮੈਂ ਕੀ ਕਰ ਸਕਦੀ ਹਾਂ.....ਤੁਸੀਂ ਸਟੇਸ਼ਨ 'ਤੇ ਵੇਲੇ ਸਿਰ ਪਹੁੰਚ ਜਾਣਾ। ਬਾਰਡਰ 'ਤੇ ਇਕੱਠਿਆਂ ਹੀ ਜਾਣਾ ਹੈ। ਸਾਡੀ ਰੀਜ਼ਰਵੇਸ਼ਨ ਤਾਂ ਹੋਈ ਪਈ ਹੈ, ਤੁਸੀਂ ਆਪਣੀ ਸੋਚੋ ?"

ਮੈਂ ਦਿੱਲੀ ਰੇਨੂੰ ਨੂੰ ਫੋਨ ਮਿਲਾ ਕੇ ਦੱਸਿਆ ਕਿ ਮੈਂ ਸਵੇਰੇ ਉਸਦੇ ਦਫ਼ਤਰ ਪਹੁੰਚ ਰਹੀ ਹਾਂ, ਫਾਰਮ ਮੰਗਵਾ ਰੱਖੇ। ਰੇਨੂੰ ਮੇਰੀ ਬੜੀ ਪਿਆਰੀ ਮੂੰਹ ਬੋਲੀ ਧੀ ਹੈ ਤੇ ਨਾਰਵੀਜੀਅਨ ਐਂਬੈਸੀ ਵਿੱਚ ਬੜੇ ਉੱਚੇ ਅਹੁਦੇ 'ਤੇ ਹੈ। ਮੈਂ ਹੀ ਉਸਦੀ ਅਜੀਤ ਹੁਰਾਂ ਨਾਲ ਜਾਣ-ਪਛਾਣ ਕਰਵਾਈ ਸੀ ਤੇ ਬਾਅਦ ਵਿੱਚ ਇਨ੍ਹਾਂ ਦੀ ਅਕੈਡਮੀ ਨਾਲ ਵੀ ਉਹ ਵਾਬਸਤਾ ਰਹਿ ਰਹੀ ਹੈ। ਉਹ ਤੇ ਅਜੀਤ ਆਪਸ ਵਿੱਚ ਮਿਲਦੀਆਂ ਵੀ ਰਹਿੰਦੀਆਂ ਨੇ। ਪਿਆਰ ਵੀ ਕਰਦੀਆਂ ਨੇ।

ਮੇਰੀ ਗੱਲ ਸੁਣ ਕੇ ਉਹ ਪ੍ਰੇਸ਼ਾਨ ਹੋ ਗਈ, ਕਿ ਏਸ ਉਮਰ ਵਿੱਚ ਮੈਂ ਐਨੀ ਨੱਸ ਭੱਜ ਕਿਵੇਂ ਕਰਾਂਗੀ।

"ਤੁਸੀਂ ਬਿਲਕੁਲ ਨਹੀਂ ਆਉਣਾ ਆਂਟੀ। ਹੱਦ ਹੋ ਗਈ। ਐਂਜ ਕੌਣ ਘਸੀਟ ਸਕਦੈ ਤੁਹਾਨੂੰ ਮੇਰੇ ਹੁੰਦਿਆਂ। ਮੈਨੂੰ ਸਭ ਪਤੈ ਕਿ ਫਾਰਮ ਭਰਨ ਵਿੱਚ ਗਲਤੀ ਨਹੀਂ ਹੋਈ, ਭੇਜਣ ਵਿੱਚ ਹੋਈ ਹੈ,

ਜਿਸਦੇ ਉਹ ਲੋਕ ਜ਼ਿੰਮੇਵਾਰ ਨੇ.....ਉਹ ਭੇਜਣ ਆਪਣਾ ਬੰਦਾ ਜਿਹੜਾ ਤੁਹਾਡੇ ਦਸਤਖ਼ਤ ਲੈ ਕੇ ਆਵੇ.....ਉਨ੍ਹਾਂ ਦਾ ਕੰਮ ਹੈ..ਤੁਹਾਡਾ ਨਹੀਂ। ਤੁਸੀਂ ਰੁਕੋ ! ਮੈਂ ਹੁਣੇ ਉਨ੍ਹਾਂ ਨਾਲ ਗੱਲ ਕਰਕੇ ਤੁਹਾਨੂੰ ਫੋਨ ਕਰਦੀ ਹਾਂ।"

ਰਾਤੀਂ ਬਾਰਾਂ ਵਜੇ ਤੱਕ ਅਸੀਂ ਫੋਨ 'ਤੇ ਬੈਠੇ ਰਹੇ। ਰੇਨੂੰ ਨੇ ਪਤਾ ਨਹੀਂ ਕੀ ਕੀਤਾ.....ਕੀ ਕਿਹਾ ਉਨ੍ਹਾਂ ਨੂੰ ਕਿ ਉਨ੍ਹਾਂ ਵੀਜ਼ਾ ਲੁਆ ਲਿਆ ਤੇ ਮੇਰੀ ਖ਼ੁਆਰੀ ਤੇ ਚਿੰਤਾ ਖ਼ਤਮ ਹੋਈ....ਪਰ ਅਜੀਤ ਕੌਰ ਨਾਰਾਜ਼ ਹੋ ਗਈ।

ਜੇ ਕਦੀ ਮੈਨੂੰ ਪਤਾ ਹੁੰਦਾ ਕਿ ਇੰਞ ਵੀ ਕੋਈ ਨਾਰਾਜ਼ ਹੋ ਸਕਦਾ ਹੈ ਤਾਂ ਮੈਂ ਚੁੱਪ ਕਰਕੇ ਬਹਿ ਜਾਂਦੀ....ਨਾ ਜਾਂਦੀ ਪਾਕਿਸਤਾਨ ਤੇ ਬਚ ਜਾਂਦੀ ਮੇਰੀ ਜਾਨ......।

ਅੰਮ੍ਰਿਤਸਰ ਸਟੇਸ਼ਨ 'ਤੇ ਹੀ ਮੈਂ ਅਜੀਤ ਦਾ ਰੁੱਸਿਆ ਹੋਇਆ ਚਿਹਰਾ ਤੇ ਬਦਲੇ ਹੋਏ ਤੇਵਰ ਵੇਖ ਲਏ ਸਨ। ਉਸਦੇ ਦਵਾਲਿਉਂ ਮੁਹੱਬਤ ਦਾ ਹਾਲਾ ਗਾਇਬ ਸੀ, ਜਿਸਦੀ ਮੈਂ ਆਸ਼ਿਕ ਸਾਂ। ਮਹਿੰਗਾ ਸੌਦਾ ਖ਼ਰੀਦ ਬੈਠੀ ਮੈਂ ਤਾਂ......।

ਫਿਰ ਤਾਂ ਕਈ ਬੰਦਿਸ਼ਾਂ ਵੀ ਆਇਦ ਹੋ ਗਈਆਂ ਮੇਰੇ ਤੇ, ਸਭ ਆਪਣੇ ਮਿਲਣ ਵਾਲਿਆਂ ਕੋਲ ਜਾ ਰਹੇ ਸਨ, ਪਰ ਮੈਂ ਨਹੀਂ ਸਾਂ ਜਾ ਸਕਦੀ....। ਆਪਣੇ ਵੀਰ ਬਰਕਤ ਨੂੰ ਲੱਭਣ ਲਈ ਵੀ ਮੈਂ ਤਰਲੇ ਕਰਕੇ ਅੱਧੇ ਘੰਟੇ ਦਾ ਵਕਤ ਹੀ ਲੈ ਸਕੀ। ਐਨੇ ਥੋੜ੍ਹੇ ਵਕਤ ਵਿੱਚ ਬਿਨਾਂ ਉਸਨੂੰ ਲੱਭਿਆਂ ਹੀ ਮੈਨੂੰ ਵਾਪਸ ਪਰਤਣਾ ਪਿਆ...ਕਿ ਕਿਸੇ ਨੂੰ ਮੇਰੇ ਕਰਕੇ ਪ੍ਰੇਸ਼ਾਨੀ ਨਾ ਹੋਵੇ।

ਪਰ ਹਰ ਵਾਰੀ ਇਹ ਹਿਦਾਇਤ....."ਇਕ ਮਿੰਟ ਤੋਂ ਵੱਧ ਨਹੀਂ ਬੋਲਣਾ, ਗੀਤ ਨਹੀਂ ਗਾਉਣਾ....ਕਹਾਣੀ, ਸਿਰਫ਼ ਸੱਤ ਮਿੰਟ........."

"ਐਸੀ ਤੈਸੀ ਇਨ੍ਹਾਂ ਬੰਦਸ਼ਾਂ ਤੇ ਇਨ੍ਹਾਂ ਕਹਿਰੀ ਨਜ਼ਰਾਂ ਦੀ, ਜੋ ਕਿਸੇ ਕਰਨੈ ਕਰ ਲਵੇ ਮੇਰਾ..ਮੈਂ ਕੋਈ ਕੈਦ ਕਟਣ ਨਹੀਂ ਆਈ ਏਥੇ...ਮੇਰਾ ਅੰਦਰ ਖੌਲ ਰਿਹਾ ਸੀ.....ਮੇਰਾ ਅੰਦਰ ਰਿੱਝ ਰਿਹਾ ਸੀ ਤਾਂ ਵੀ ਆਪਣੇ ਆਪ ਨੂੰ ਕਾਬੂ ਕਰ ਰਹੀ ਸਾਂ.....ਆਪਣੇ ਅੱਗੇ ਵੀ ਵਾਸਤੇ ਪਾ ਰਹੀ ਸਾਂ ਉਸ ਮੁਹੱਬਤ ਦੇ.....ਉਸ ਨਿੱਘੀ ਦੋਸਤੀ ਦੇ, ਪਰ ਮੈਂ ਇਕੋ ਵਾਰੀ ਸਾਰੀਆਂ ਬੰਦਸ਼ਾਂ ਦੀਆਂ ਜ਼ੰਜੀਰਾਂ ਤੋੜ ਸੁੱਟੀਆਂ।

ਵਾਪਸ ਆਪਣੇ ਮੁਲਕ, ਆਪਣੇ ਘਰ ਆਉਣ ਲਈ ਕੈਬ ਵਿੱਚ ਬੈਠ ਰਹੇ ਸਾਂ। ਇਸ ਵਾਰ ਵਿਚਕਾਰਲੀ ਸੀਟ 'ਤੇ ਮੈਂ ਬੈਠੀ ਸਾਂ। ਸਾਹਮਣੀਆਂ ਤੇ ਡਾ. ਜਗਤਾਰ ਤੇ ਮੁੰਨੂੰ ਭਾਈ ਬੈਠੇ ਹੋਏ ਸਨ। ਅਜੀਤ ਕੌਰ ਪਿਛਲੀ ਸੀਟ ਤੋਂ ਜਗਤਾਰ ਤੇ ਮੁੰਨੂੰ ਭਾਈ ਨਾਲ ਉੱਚੀ ਉੱਚੀ ਗੱਲਾਂ ਕਰ ਰਹੀ ਸੀ। ਕਈ ਦਿਨਾਂ ਤੋਂ ਲਗਾਤਾਰ ਬੋਲ-ਬੋਲ ਕੇ ਉਹ ਹਫ਼ੀ ਪਈ ਸੀ....ਤਾਂ ਵੀ ਬੋਲਣਾ ਤਾਂ ਪੈਂਦਾ ਹੀ ਹੈ।

ਸੋ ਉਹ ਆਪਣੀ ਸਹੂਲਤ ਲਈ ਪਿੱਛੋਂ ਉੱਠਕੇ ਮੇਰੇ ਕੋਲ ਆ ਬੈਠੀ। ਪਿੱਠ ਭੁਆਂ ਕੇ, ਮੂੰਹ ਉਨ੍ਹਾਂ ਦੋਹਾਂ ਵੱਲ ਕਰਕੇ। ਉਹ ਖ਼ੁਸ਼ੀ ਨਾਲ ਛਲਕ ਰਹੀ ਸੀ ਕਿ ਟ੍ਰਿਪ ਬਹੁਤ ਕਾਮਯਾਬ ਰਿਹਾ ਸੀ। ਫਿਰ ਦਿੱਲੀ ਦਰਬਾਰ ਦੇ ਕਈ ਤਰ੍ਹਾਂ ਦੇ ਚੁੰਝ ਚਰਚੇ ਛਿੜ ਪਏ.....ਲੇਖਕਾਂ ਤੇ ਬੁੱਧੀਜੀਵੀਆਂ ਬਾਰੇ....."ਕੋਈ ਹਰਿਆ ਬੂਟ ਰਹਿਉ ਰੀ।"

ਬਹੁਤ ਸਾਰਾ ਕੂੜਾ ਕਬਾੜਾ ਖਿਲਰ ਗਿਆ ਵੈੱਨ ਵਿੱਚ। ਫਿਰ ਪਤਾ ਨਹੀਂ ਕਿਵੇਂ ਇਕ ਜਨੂੰਨੀ ਕੀੜੇ ਨੇ ਉਸਦੇ ਅੰਦਰੋਂ ਨਿਕਲ ਕੇ ਮੇਰੇ ਵੱਲ ਸ਼ਿੱਸ਼ਤ ਬੰਨ੍ਹੀ, ਤੇ ਉਸ ਆਪਣੀ ਆਵਾਜ਼ ਨੂੰ ਰਤਾ ਕੁ ਹੌਲੀ ਪਰ ਸਥਿਰ ਕਰਕੇ ਹਿਰਦੇ ਵੇਧਕ ਬਾਣ ਚਲਾਇਆ.....।

"ਉਂਜ ਤੇ ਸਭ ਕੁਝ ਬਹੁਤਾ ਸੁਹਣਾ ਹੋ ਗਿਐ...ਸਾਰੇ ਪ੍ਰੋਗਰਾਮ ਵੱਧ ਤੋਂ ਵੱਧ ਚੜ੍ਹ ਕੇ ਹੋਏ ਨੇ, ਪਰ ਇਹ ਜੋ 'ਸਿਫ਼ਾਰਸ਼ੀ' ਹੈ, ਇਸਨੇ ਬਹੁਤ ਤੰਗ ਕੀਤੈ। ਮੇਰੀ ਜਾਨ ਲਬਾਂ ਤੇ ਲਿਆਈ ਰੱਖੀ ਹੈ। ਬਿਨਾਂ ਪੁੱਛੇ, ਬਿਨਾਂ ਦੱਸੇ ਚਲੀ ਗਈ.....", ਉਸਨੇ ਆਪਣੇ ਅੰਦਰ ਖ਼ੌਲਦੇ ਲਾਵੇ ਨੂੰ ਰਾਹ ਦਿੱਤਾ।



ਜਦੋਂ ਕੋਈ ਹਵਾਈ ਜਹਾਜ਼ ਹਾਦਸਾਗ੍ਰਸਤ ਹੋ ਕੇ ਸਮੁੰਦਰ ਵਿੱਚ ਡਿਗਦਾ ਹੋਵੇਗਾ ਤਾਂ ਇੰਞ ਹੀ ਹੁੰਦਾ ਹੋਵੇਗਾ। ਅਸਮਾਨ ਤੋਂ ਤੇਜ਼ ਰਫ਼ਤਾਰ ਉੱਡਦਾ ਕੋਈ ਪਤਾਲ ਵਿੱਚ ਜਾ ਧੱਸੇ, ਤੇ ਉਹ ਵੀ ਉਸਦੇ ਹੱਥੀਂ ਜਿਸਨੂੰ ਉਹ ਜੀ ਜਾਨ ਨਾਲ ਪਿਆਰ ਕਰਦਾ ਹੋਵੇ ਤੇ ਉਸਤੇ ਦੋਸਤੀ ਦਾ ਮਾਣ ਕਰਦਾ ਹੋਵੇ।

ਮੇਰੇ ਕੁਝ ਹੋਰ ਸਾਥੀ ਵੀ ਅੰਦਰੇ ਅੰਦਰ ਕਈ ਦਿਨਾਂ ਤੋਂ ਕਲਵਲ ਹੋ ਰਹੇ ਸਨ, ਪਰ "ਸ਼ੇਰ ਦੀ ਮਾਂਦ ਮੇਂ ਹਾਥ ਕੌਨ ਡਾਲੇ" ਕਹਿ ਕੇ ਇਕ ਦੂਜੇ ਨੂੰ ਤਸੱਲੀ ਦੇ ਰਹੇ ਸਨ।

ਮੇਰਾ ਅੰਦਰ ਭਰਿਆ ਪਿਆ ਸੀ....ਨਹੀਂ ਸਾਂ ਚਾਹ ਰਹੀ ਕਿ ਜ਼ਰਾ ਵੀ ਤਕਲੀਫ਼ ਦਿਆਂ ਅਜੀਤ ਨੂੰ। ਉਹ ਬਹੁਤ ਉੱਚਾ ਉੱਡ ਰਹੀ ਸੀ..... ਉਸਦੇ ਪੈਰ ਜ਼ਮੀਨ 'ਤੇ ਨਹੀਂ ਸਨ। ਪਰ ਗੱਲ ਮੇਰੇ ਵੱਸੋਂ ਬਾਹਰੀ ਹੋ ਗਈ। ਉਸਦਾ ਇਹ ਇਲਜ਼ਾਮ 'ਸਿਫ਼ਾਰਸ਼ੀ' ਮੇਰੇ ਤੋਂ ਬਰਦਾਸ਼ਤ ਨਹੀਂ ਹੋਇਆ, ਤੇ ਨਾ ਹੀ ਹਜ਼ਮ ਹੋ ਸਕਿਆ।

ਸੋ ਮੈਂ ਬੜੀ ਹਲੀਮੀ ਨਾਲ ਕਿਹਾ, "ਅਜੀਤ ਜੀ, ਇਕ ਗੱਲ ਮੈਨੂੰ ਲਗਾਤਾਰ ਦੁੱਖ ਦੇ ਰਹੀ ਹੈ ਕਿ ਤੁਸੀਂ ਇਸ ਧਰਤੀ 'ਤੇ ਪੈਰ ਰੱਖਦਿਆਂ ਹੀ ਕਿਸ਼ਵਰ ਨਾਹੀਦ ਨੂੰ ਕਿਹਾ ਕਿ 'ਇਹ ਸਿਫ਼ਾਰਸ਼ੀ' ਤੇ ਹੁਣ ਇਨ੍ਹਾਂ ਲੋਕਾਂ ਨੂੰ ਵੀ ਇੰਞ ਹੀ ਕਹਿ ਰਹੇ ਹੋ। ਰੱਬ ਜਾਣਦੈ, ਕਿ ਮੈਂ ਕਿਸੇ ਨਾਲ ਕੋਈ ਗੱਲ ਨਹੀਂ ਕੀਤੀ, ਕਿਸੇ ਨੂੰ ਕੁਝ ਨਹੀਂ ਕਿਹਾ। ਮੈਂ ਤਾਂ ਤੁਹਾਨੂੰ ਹੀ ਸਿਫ਼ਾਰਿਸ਼ ਪਾਈ ਸੀ। ਜੇ ਐਨੇ ਔਖੇ ਸੀ ਤਾਂ ਨਹੀਂ ਸੀ ਲੈ ਕੇ ਆਉਣਾ, ਮਨ੍ਹਾ ਕਰ ਦੇਣਾ ਸੀ....ਤੁਸਾਂ ਹੀ ਖ਼ਤ ਪਾਏ ਸਨ.....ਨਾਲ ਚੱਲਣ ਲਈ ਐਨੇ ਪਿਆਰ ਤੇ ਮਾਣ ਨਾਲ ਲਿਖਿਆ ਸੀ ਜੋ ਹਾਲੀਂ ਤੱਕ ਮੇਰੇ ਕੋਲ ਸਾਂਭਿਆ ਪਿਆ ਹੈ।"

ਬੱਸ ਫਿਰ ਕੀ ਸੀ ?.......ਕੋਈ ਨਜ਼ਾਰਾ ਸੀ ਵੇਖਣ ਵਾਲਾ ? ਕੋਈ ਬਚਨ ਸਨ ਸੁਣਨ ਵਾਲੇ ? ਜਿਵੇਂ ਕਿਸੇ ਪਿੰਡ ਦੀ ਗਲੀ ਵਿੱਚ ਕੋਈ ਪੌਂਚੇ ਛੁੰਗ ਕੇ ਤੇ ਜੁੱਤੀ ਠੋਕ ਠੋਕ ਦੂਜੇ ਦੀ ਜਹੀ ਤਹੀ ਫੇਰ ਰਹੀ ਹੋਵੇ।

"ਐਹੀ ਇਨਾਮ ਦੇਣਾ ਸੀ ਤੁਸਾਂ ਮੈਨੂੰ ਐਨੇ ਦਿਨਾਂ ਦੀ ਐਹੋ ਜਿਹੀ ਖ਼ਾਤਿਰਦਾਰੀ ਦਾ ?.....ਤੁਸਾਂ ਮੇਰੀਆਂ ਸ਼ਿਕਾਇਤਾਂ ਲਾਈਆਂ.....ਤੁਸੀਂ ਕੀ ਨਹੀਂ ਕੀਤਾ........ਕਿਹੜੇ ਜਨਮ ਦਾ ਬਦਲਾ ਲਿਐ ਮੇਰੇ ਕੋਲੋਂ.....।" ਤੇ ਉਹ ਤੂਫ਼ਾਨ ਆ ਹੀ ਗਿਆ ਜੋ ਐਨੇ ਦਿਨਾਂ ਤੋਂ ਆਉਣ ਆਉਣ ਕਰ ਰਿਹਾ ਸੀ। ਮੈਂ ਜਾਣਦਿਆਂ ਬੁਝਦਿਆਂ ਸ਼ੇਰਨੀ ਦੀ ਮਾਂਦ ਵਿੱਚ ਹੱਥ ਦੇ ਦਿੱਤਾ ਸੀ।

ਸ਼ਾਇਦ ਅੰਦਰੋਂ ਕਿਧਰੇ ਬਹੁਤ ਥੱਕ ਗਈ ਸੀ ਅਜੀਤ ਕੌਰ ਕਿ ਉਹ ਐਨੀ ਤਲਖ਼ ਹੋ ਗਈ। ਉਸਨੂੰ ਮਿਲੀਆਂ ਵੀ ਤਾਂ ਨੇ ਬੇਸ਼ੁਮਾਰ ਤਲਖ਼ੀਆਂ, ਤਾਂ ਹੀ ਉਹ ਐਨੀ ਕੌੜੀ ਤੇ ਕੈਰੀ ਵੀ ਹੋ ਜਾਂਦੀ ਹੈ ਕਈ ਵਾਰ....ਜਦੋਂ ਉਹ ਬੋਲਦੀ ਹੈ ਤਾਂ ਬੋਲੀ ਹੀ ਜਾਂਦੀ ਹੈ.....ਸੁਣਦੀ ਕਿਸੇ ਦੀ ਇਕ ਨਹੀਂ।

ਪਾਕਿਸਤਾਨ ਹਰ ਸਟੇਜ ਤੋਂ ਉਹ ਹੋਕਾ ਦਿੰਦੀ ਰਹੀ ਪਿਆਰ ਦਾ....ਮਿਲਵਰਤਣ ਦਾ। ਉਸਦੀ ਮਿਕਨਾਤੀਸੀ ਪਕੜ ਵਿੱਚ ਸਹਿਵਨ ਹੀ ਹਰ ਵਰਗ ਦੇ ਲੋਕ ਆਈ ਜਾ ਰਹੇ ਸਨ।

ਚਾਹੀਦਾ ਤਾਂ ਇਹ ਸੀ ਕਿ ਮੈਂ ਉੱਡਦੀ ਹੋਈ ਆਪਣੇ ਪਰਿਵਾਰ ਵਿੱਚ ਵਾਪਸ ਆਉਂਦੀ ਤੇ ਉਸ ਪਿਆਰ ਦੇ ਨਸ਼ੇ ਵਿੱਚ ਬਾਕੀ ਸਾਰੀ ਉਮਰ ਗੁਜ਼ਾਰ ਦਿੰਦੀ.......ਪਰ ਫੁੱਲਾਂ ਦੇ ਭਰੇ ਟੋਕਰੇ 'ਚੋਂ ਜੋ ਇਕ ਕੰਡਾ ਚੁੱਭ ਗਿਐ, ਉਹ ਟੱਸ ਟੱਸ ਕਰਦਾ ਰਹਿੰਦੈ ਤੇ ਅੱਜ ਤੱਕ ਥਕਾਵਟ ਨਹੀਂ ਉਤਰ ਰਹੀ।

ਕਾਸ਼ ਐਨੀ ਪਿਆਰੀ ਤੇ ਮਿੱਠੀ ਅਜੀਤ ਕੌਰ ਦਾ ਇਹ ਰੂਪ ਮੈਂ ਨਾ ਵੇਖਦੀ।

## ਆਉ 'ਪ੍ਰੇਮ' ਫੜ੍ਹੀਏ

**-ਭੂਸ਼ਨ**

ਪ੍ਰੇਮ ਪ੍ਰਕਾਸ ਫਿਕਰੇਬਾਜ਼ ਨਹੀਂ, ਕਹਾਣੀਬਾਜ਼ ਹੈ। ਉਸਦੀ ਕਿਸੇ ਕਹਾਣੀ ਦਾ ਸ਼ਾਇਦ ਹੀ ਕੋਈ ਫ਼ਿਕਰਾ ਹੋਏ, ਜਿਹੜਾ ਲੋੜ ਪੈਣ 'ਤੇ ਜ਼ਬਾਨੀ ਦੁਹਰਾਇਆ ਜਾ ਸਕਦਾ ਹੋਵੇ। ਪਰ ਉਸਦੀਆਂ ਕਈ ਕਹਾਣੀਆਂ ਕਈ-ਕਈ ਵਾਰ ਦੁਹਰਾਈਆਂ ਜਾ ਸਕਦੀਆਂ ਹਨ। ਉਸਦੀ 'ਕਚਕੜੇ' ਵੇਲੇ ਦੀ ਇਕ ਕਹਾਣੀ ਹੈ ਜਿਸ ਵਿੱਚ ਚਾਰ ਸ਼ਰਾਬੀ ਦੋਸਤ, ਰੂਸੋ ਦੇ 'ਕਨਫੈਸ਼ਨਜ਼' ਦੇ ਹਵਾਲੇ ਨਾਲ ਆਪੋ-ਆਪਣੇ ਵਿਚਲੇ ਸ਼ੈਤਾਨ ਦਾ ਮੁਹਾਂਦਰਾ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਨਸ਼ੇ ਦਾ ਆਸਰਾ ਲੈ ਕੇ ਉਹ ਸੱਚ 'ਬਕਣ' ਦੀ ਪ੍ਰਕਿਰਿਆ 'ਚੋਂ ਗੁਜ਼ਰਦੇ ਹਨ। ਆਬਾਦੀ ਤੋਂ ਦੂਰ, ਖੂਹ 'ਤੇ ਬਣੇ ਕੋਠੇ ਵਿੱਚ ਲੁਕੇ ਬੈਠੇ ਚਾਰ ਯਾਰ, ਸ਼ਰਾਬ ਨਾਲ ਟੁੰਨ ਹੋ ਕੇ ਵੀ ਆਪਣਾ ਬਿਆਨ ਬਦਲਦੇ ਰਹਿੰਦੇ ਹਨ। ਕਾਮ-ਵਾਸਨਾ ਦੀ ਤ੍ਰਿਪਤੀ/ਅਤ੍ਰਿਪਤੀ ਦੇ ਕਿੱਸੇ ਉਹ ਮੋਮਬੱਤੀ ਦੇ ਮੱਧਮ ਚਾਨਣ ਵਿੱਚ ਸਾਂਝੇ ਕਰ ਰਹੇ ਹਨ। ਦੱਸ ਘੱਟ ਰਹੇ ਹਨ, ਲੁਕਾ ਵੱਧ ਰਹੇ ਹਨ। ਸ਼ੈਤਾਨ ਫੜ੍ਹਨ ਦੀ ਕਵਾਇਦ ਵਿੱਚ ਖ਼ੁਦ ਫੜੇ ਗਏ ਹਨ। ਉਹਨਾਂ ਦੇ ਬਿਆਨ ਹੰਢਾਏ ਨਹੀਂ ਗਏ, ਘੜ੍ਹੇ ਗਏ ਹਨ। ਇਕ ਪਾਤਰ ਇਕਬਾਲ ਕਰਦਾ ਹੈ, "...ਜਿੰਨੀਆਂ ਵੀ ਗੱਲਾਂ ਮੈਂ ਕੀਤੀਆਂ ਨੇ, ਸਭ ਝੂਠੀਆਂ ਨੇ। ਸਭ ਕਿਤਾਬੀ। ਮੇਰੇ ਕੋਲ ਕੋਈ ਘਟਨਾ, ਕੋਈ ਅਹਿਸਾਸ ਆਪਣਾ ਨਹੀਂ। ਸਭ ਮਾਂਗਵੇਂ ਨੇ। ਕੁਝ ਜ਼ਬਾਨੀ, ਕੁਝ ਲਿਖਤੀ। ਮੈਂ ਤਾਂ ਕਾਗਜ਼ੀ ਇਨਸਾਨ ਹਾਂ।......"

ਕਹਾਣੀ ਦਾ ਸਿਰਲੇਖ ਹੈ : 'ਆਉ ਸ਼ੈਤਾਨ ਫੜ੍ਹੀਏ।'

ਇਸੇ ਕਹਾਣੀ ਦਾ ਆਸਰਾ ਲੈ ਕੇ ਆਉ 'ਪ੍ਰੇਮ' ਫੜ੍ਹੀਏ।

*****

ਅਸੀਂ ਦੋਏਂ ਪਹਿਲਾਂ-ਪਹਿਲ ਕਿੱਥੇ ਤੇ ਕਦੋਂ ਮਿਲੇ, ਪਤਾ ਨਹੀਂ। ਪਰ ਇਕ ਵਾਰੀ ਮਿਲੇ ਤਾਂ ਮਿਲੀ ਗਏ। ਮਿਲਦੇ ਰਹੇ। ਮਿਲਦੇ ਆ ਰਹੇ ਹਾਂ। ਸਾਡੀ ਪੱਕੀ ਸਾਂਝ ਦਾ ਮਜ਼ਬੂਤ ਸੂਤਰ ਇਹ ਹੈ ਕਿ ਪ੍ਰੇਮ ਪ੍ਰਕਾਸ਼ ਖ਼ੁਦ ਨੂੰ ਉੱਤਮ ਕਹਾਣੀਕਾਰ ਮੰਨਦਾ ਹੈ ਅਤੇ ਮੈਂ ਵੀ ਉਸਨੂੰ ਉੱਤਮ ਕਹਾਣੀਕਾਰ ਮੰਨ ਕੇ ਉਹਦੀ ਕਦਰ ਕਰਦਾ ਹਾਂ। ਮੈਂ ਉਸਦਾ ਪਾਠਕ ਹਾਂ। ਪ੍ਰਸ਼ੰਸਕ ਹਾਂ। ਉਹਦੀ ਨਵੀਂ ਕਹਾਣੀ ਛਪੇ, ਕਿਤਾਬ ਛਪੇ, ਇਨਾਮ ਮਿਲੇ.....ਮੈਨੂੰ ਖ਼ੁਸ਼ੀ ਹੁੰਦੀ ਹੈ। ਖ਼ੁਸ਼ੀ ਜ਼ਾਹਰ ਵੀ ਕਰਦਾ ਹਾਂ। ਬੋਲ ਕੇ। ਲਿਖ ਕੇ।

ਮਿਲਦੇ ਰਹਿਣ ਦਾ ਕਾਰਨ ਇਹ ਵੀ ਹੈ ਕਿ ਅਸੀਂ ਇਕ ਦੂਜੇ ਦੇ ਰਾਹ ਵਿੱਚ ਪੈਂਦੇ ਹਾਂ। ਮੈਂ ਬਟਾਲੇ ਵੱਲ ਨੂੰ ਜਾਣਾ ਹੋਵੇ ਤਾਂ ਆਉਂਦੇ-ਜਾਂਦੇ ਜਲੰਧਰ ਰੁਕ ਜਾਂਦਾ ਹਾਂ। ਪ੍ਰੇਮ ਦਾ ਪਹਿਲਾ ਵਾਂਗ ਚੰਡੀਗੜ੍ਹ ਗੇੜਾ ਲੱਗਦਾ ਹੀ ਰਹਿੰਦਾ ਹੈ ਅਤੇ ਰੋਪੜ ਚੰਡੀਗੜ੍ਹ ਦੇ ਰਾਹ ਵਿੱਚ ਪੈਂਦਾ ਹੈ। ਮੈਨੂੰ ਉਹਦਾ ਸੰਗ-ਸਾਥ ਚੰਗਾ ਲੱਗਦਾ ਹੈ। ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਉਹਨੂੰ ਖ਼ਤ ਲਿਖਣ ਦੀ ਚੰਗੀ ਆਦਤ ਹੈ। ਬਿਨਾਂ ਜਵਾਬ ਦੀ ਤਵੱਕੋ ਰੱਖੇ ਉਹ ਖ਼ਤ ਲਿਖਦਾ ਰਹਿੰਦਾ ਹੈ। ਜ਼ਿੰਦਗੀ ਬਾਰੇ, ਸਾਹਿਤ ਬਾਰੇ, ਮਾਹੌਲ ਬਾਰੇ ਚੰਗੀਆਂ ਗੱਲਾਂ ਦੱਸਦਾ ਰਹਿੰਦਾ ਹੈ।



ਮੈਂ ਉਹਦੀਆਂ ਚਿੱਠੀਆਂ ਸੰਭਾਲ ਕੇ ਰੱਖੀਆਂ ਹਨ : ਕੁਝ ਹੱਥੀਂ ਲਿਖੀਆਂ, ਕੁਝ ਟਾਈਪ ਕੀਤੀਆਂ, ਕੁਝ ਕੰਪਿਊਟਰ 'ਤੇ ਕੱਢੀਆਂ। ਇਹ ਚਿੱਠੀਆਂ ਵੀ ਉਹਦੀਆਂ ਕਹਾਣੀਆਂ ਅਤੇ ਜੀਵਨ-ਸ਼ੈਲੀ ਵਾਂਗ ਹੀ ਦਿਲਚਸਪ ਹਨ। ਮੇਰੇ ਲਈ ਕੀਮਤੀ ਹਨ।

ਪ੍ਰੇਮ ਦੀ ਪਸੰਦ-ਨਾ-ਪਸੰਦ ਮੇਰੇ ਤੋਂ ਬਹੁਤ ਵੱਖਰੀ ਹੈ। ਉਹ ਬਹੁਤ ਘੋਖੀ ਤੇ ਖੋਰੀ ਹੈ। ਆਪਣੀ ਗੱਲ ਜ਼ੋਰ ਦੇ ਕੇ ਅਥਾਰਟੀ ਨਾਲ ਕਰਦਾ ਹੈ। ਬੇਲਿਹਾਜ਼, ਕੋਰਾ ਤੇ ਮੂੰਹ-ਫੱਟ ਹੈ। ਸੈਕਸ ਅਤੇ ਜਾਤ-ਬਰਾਦਰੀ ਦੇ ਵੇਰਵਿਆਂ ਵਿੱਚ ਖੁੱਭ ਕੇ ਉਹਨੂੰ ਆਨੰਦ ਮਿਲਦਾ ਹੈ। ਨੈਤਿਕਤਾ ਦੇ ਮਾਪ-ਦੰਡ ਭੰਨਦਾ ਤੋੜਦਾ ਰਹਿੰਦਾ ਹੈ। ਕੌੜੀ ਗੱਲ ਮੂੰਹ 'ਤੇ ਕਹਿੰਦਾ ਹੈ। ਮੇਰਾ ਅਖ਼ਬਾਰਾਂ ਵਿੱਚ ਛਪਣਾ ਉਹਨੂੰ ਕਤੱਈ ਪਸੰਦ ਨਹੀਂ। ਮੇਰੀ ਕਵਿਤਾ ਵਿਚ ਉਹਨੂੰ ਕੋਈ ਤੱਤ ਨਹੀਂ ਲੱਗਦਾ। ਉਹਦਾ ਖ਼ਿਆਲ ਹੈ ਕਿ ਜੇ ਮੇਰੇ ਲੇਖਾਂ ਵਿਚੋਂ ਲੇਖਕਾਂ ਦੇ ਨਾਂ ਮਨਫ਼ੀ ਕਰ ਦਿੱਤੇ ਜਾਣ ਤਾਂ ਬਾਕੀ ਕੁਝ ਬਚਦਾ ਹੀ ਨਹੀਂ। ਮੇਰੇ ਸ਼ਿਵ ਕੁਮਾਰ ਨੂੰ ਉਹ ਰੋਣਾ ਧੋਣਾ ਕਹਿੰਦਾ ਹੈ। ਮੇਰੇ ਸੂਬਾ ਸਿੰਘ ਦਾ ਉਹ ਨਾਂ ਵੀ ਸੁਣਨਾ ਨਹੀਂ ਚਾਹੁੰਦਾ। ਫਿਰ ਵੀ ਪਿਛਲੇ ਪੈਂਤੀ ਵਰ੍ਹਿਆਂ ਤੋਂ ਸਾਡਾ ਸਰਕਲ ਸਾਂਝਾ ਹੈ, ਵਾਕਿਫ਼ਕਾਰ ਸਾਂਝੇ ਹਨ, ਦੁਖ-ਸੁਖ ਸਾਂਝੇ ਹਨ। ਉਹ ਆਪਣੀਆਂ ਕਹਾਣੀਆਂ ਛਪਣ ਤੋਂ ਪਹਿਲਾਂ ਮੇਰੇ ਨਾਲ ਡਿਸਕਸ ਕਰਦਾ ਹੈ। ਮੇਰੀ ਰਾਏ ਨੂੰ 'ਵਜ਼ਨ' ਦੇਂਦਾ ਹੈ। 'ਲਕੀਰ' ਲਈ ਜ਼ੋਰ ਦੇ ਕੇ ਲਿਖਵਾਉਂਦਾ ਹੈ। ਪੂਰੇ ਹੱਕ ਨਾਲ। ਅਪਣੱਤ ਨਾਲ। ਪਰ ਲਿਖਵਾਉਂਦਾ ਵਾਰਤਕ ਹੈ, ਕਵਿਤਾ ਨਹੀਂ।

ਨਾ ਉਹਨੂੰ ਕਵੀ ਚੰਗੇ ਲੱਗਦੇ ਨੇ, ਨਾ ਕਵਿਤਾਵਾਂ। 'ਲਕੀਰ' ਵਿੱਚ ਵੀ ਇਹ ਮਹਿਕਮਾ ਉਹਨੇ ਸੁਰਜੀਤ ਹਾਂਸ ਨੂੰ ਸੌਂਪਿਆ ਹੋਇਆ ਹੈ। ਕਵਿਤਾ ਦੀ ਕਿਤਾਬ ਦਾ ਰਿਵੀਊ ਵੀ ਹਾਂਸ ਹੀ ਕਰਦਾ ਹੈ। ਰਿਵੀਊ ਲਈ ਕਿਤਾਬਾਂ ਭੇਜਣ ਵਾਲਿਆਂ ਲਈ ਉਹਦੀ ਹਿਦਾਇਤ ਹੈ ਕਿ ਕਵਿਤਾ ਦੀ ਕਿਤਾਬ ਦੀ ਕੇਵਲ ਇਕੋ ਕਾਪੀ ਭੇਜੀ ਜਾਏ ਤੇ ਉਹ ਵੀ ਸਿੱਧੀ 'ਹਾਂਸ'। ਨੂੰ ਸਾਫ਼ ਕਹਿੰਦਾ ਹੈ ਕਿ ਕਵਿਤਾ ਦੀ ਉਹਨੂੰ ਬਹੁਤੀ ਸਮਝ ਨਹੀਂ। ਭਾਵੇਂ ਕਿ ਸ਼ੁਰੂ ਦੇ ਦਿਨਾਂ ਵਿੱਚ ਖ਼ੁਦ ਕਵਿਤਾ ਨੂੰ ਮੂੰਹ ਮਾਰਦਾ ਰਿਹਾ ਹੈ। 'ਖੰਨਵੀ' ਅਖਵਾ ਕੇ ਮਾਣ ਮਹਿਸੂਸ ਕਰਦਾ ਰਿਹਾ ਹੈ। ਪਰ ਸਮਕਾਲੀ ਅਥਵਾ ਤਤਕਾਲੀ ਰਸਾਲਿਆਂ ਵਿੱਚ ਛਪਦੀ 'ਜਦੀਦ' ਸ਼ਾਇਰੀ ਦਾ ਮਜ਼ਾਕ ਉਡਾਉਣ ਲਈ ਇਕ ਵਾਰ ਉਹਨੇ ਬਾਈਬਲ ਦੀਆਂ ਕੁਝ ਟੁਕੜੀਆਂ ਆਜ਼ਾਦ ਨਜ਼ਮ ਵਾਂਗੂੰ ਲਿਖਕੇ ਉਰਦੂ ਦੇ ਇਕ ਨਾਮਵਰ ਰਸਾਲੇ ਨੂੰ ਭੇਜ ਦਿੱਤੀਆ। ਉਹ ਛਪ ਗਈਆਂ ਸਨ। ਫੇਰ ਉਹਨੇ ਨਜ਼ਮ ਵੱਲੋਂ ਮੂੰਹ ਮੋੜ ਲਿਆ ਜਾਂ ਫਿਰ ਮੁੜ ਗਿਆ। ਤੇ ਸਕੂਲ ਮਾਸਟਰੀ ਦੇ ਦਿਨਾਂ ਵਿੱਚ ਉਹਨੂੰ ਜਸਵੰਤ ਵਿਰਦੀ, ਮਹਿਰਮ ਯਾਰ ਤੇ ਪਿਆਰਾ ਸਿੰਘ ਭੋਗਲ ਦਾ ਸਾਥ ਜੁੜ ਗਿਆ। ਉਰਦੂ ਦਾ ਪਿਛੋਕੜ, ਕਵਿਤਾ ਨਾਲ ਸ਼ੁਰੂਆਤੀ ਮੱਥਾ-ਮੱਚੀ ਅਤੇ ਜਲੰਧਰ ਦਾ ਅਦਬੀ ਮਾਹੌਲ ਅਸਰ-ਅੰਦਾਜ਼ ਹੋ ਰਹੇ ਸਨ। ਪ੍ਰੇਮ ਪ੍ਰਕਾਸ਼ ਅੰਦਰਲਾ ਕਹਾਣੀਕਾਰ ਉਸਲਵੱਟੇ ਲੈ ਰਿਹਾ ਸੀ। ਲੰਬੇ ਸਫ਼ਰ ਦਾ ਆਗਾਜ਼ ਹੋ ਰਿਹਾ ਸੀ।

ਉਹ ਹੌਲੀ-ਹੌਲੀ ਲਿਖੀ ਗਿਆ। ਰਸਾਲਿਆਂ ਵਿਚ ਛਪੀ ਗਿਆ। ਪਰ ਕਿਸੇ ਪ੍ਰਕਾਸ਼ਕ ਤਕ ਉਹਦੀ ਰਸਾਈ ਨਾ ਹੋਈ। 'ਕਚਕੜੇ', 'ਨਮਾਜ਼ੀ' ਅਤੇ 'ਮੁਕਤੀ' ਉਹਨੂੰ ਆਪ ਸਹੇੜੇ 'ਤ੍ਰਿਸ਼ੂਲ ਪ੍ਰਕਾਸ਼ਨ' ਵੱਲੋਂ ਆਪਣੇ ਖਰਚੇ 'ਤੇ ਹੀ ਛਾਪਣੇ ਪਏ। ਨਾਵਲ 'ਦਸਤਾਵੇਜ਼' ਇਕ ਪਰਚੇ ਨੇ ਵਿਸ਼ੇਸ਼ ਅੰਕ ਦੇ ਰੂਪ ਵਿੱਚ ਛਾਪ ਦਿੱਤਾ ਪਰ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਕਰਨ ਲਈ ਕੋਈ ਪਬਲਿਸ਼ਰ ਤਿਆਰ ਨਾ ਹੋਇਆ। 'ਸ਼ਵੇਤਾਂਬਰ ਨੇ ਕਿਹਾ ਸੀ' ਨਾਮਕ ਸੰਗ੍ਰਹਿ ਪਹਿਲੀ ਵਾਰ, ਖ਼ੁਦ ਮੰਗ ਕੇ, ਅਡਵਾਂਸ ਰਾਇਲਟੀ ਦੇ ਕੇ 'ਲੋਅ' ਵਾਲਿਆਂ ਨੇ ਕਿਤਾਬੀ ਜਾਮੇ ਵਿੱਚ ਲਿਆਂਦਾ। ਪਹਿਲੋਂ ਉਹਦਾ ਲੋਕ ਸੰਪਰਕ ਏਨਾ ਕਮਜ਼ੋਰ ਸੀ ਕਿ ਪੰਜਾਬੀ ਦਾ ਕਮਜ਼ੋਰ ਤੋਂ ਕਮਜ਼ੋਰ ਕਹਾਣੀਕਾਰ ਵੀ 'ਕਾਮਯਾਬੀ' ਦੀ ਸ਼ਾਹਰਾਹ 'ਤੇ ਉਸਤੋਂ ਅੱਗੇ ਨਿਕਲ ਗਿਆ ਜਾਪਦਾ ਸੀ।

ਪ੍ਰੇਮ ਨੂੰ ਕਿਸੇ ਇੱਕ ਪੀੜ੍ਹੀ ਨਾਲ ਨਹੀਂ ਬੰਨ੍ਹਿਆ ਜਾ ਸਕਦਾ ਜਾਂ ਇਉਂ ਆਖ ਲਵੋ ਕਿ ਕੋਈ ਵੀ ਪੀੜ੍ਹੀ ਉਹਨੂੰ ਅਪਣਾਉਣਾ ਨਹੀਂ ਚਾਹੁੰਦੀ। ਜਿਸ ਪੀੜ੍ਹੀ ਦਾ ਉਹ ਬੰਦਾ ਸੀ, ਉਸ ਵੇਲੇ ਉਹਦਾ ਜ਼ਿਕਰ ਨਹੀਂ ਹੋਇਆ। 'ਮੁਕਤੀ' ਦੇ ਛਪਣ ਨਾਲ ਜਦੋਂ ਉਹਦਾ ਜ਼ਿਕਰ ਹੋਣਾ ਸ਼ੁਰੂ ਹੋਇਆ ਤਾਂ ਤਿੰਨ ਪੀੜ੍ਹੀਆਂ ਹੋਂਦ ਵਿੱਚ ਆ ਚੁੱਕੀਆਂ ਸਨ। ਸੀਨੀਆਰਟੀ ਵੱਲੋਂ ਉਹ ਪਹਿਲੀ ਨਾਲ ਸੀ ਪਰ ਲਿਖਤ ਪੱਖੋਂ ਤੀਜੀ ਨਾਲ। ਮੁਕਾਬਲਾ ਕੀਹਦੇ ਨਾਲ ਕੀਤਾ ਜਾਏ ? ਉਹ ਕਿਸੇ ਢਾਣੀ ਵਿੱਚ ਸ਼ਾਮਿਲ ਨਹੀਂ ਸੀ। ਕਿਸੇ ਵਾਦ ਦਾ ਪਿਛਲੱਗ ਨਹੀਂ ਸੀ। ਕਿਸੇ 'ਵਰਗਾ' ਨਹੀਂ ਸੀ ਲਿਖਦਾ। ਵੱਖਰਾ ਹੀ ਖੜ੍ਹਾ ਸੀ। ਇਸ ਲਈ ਭੀੜ ਨੂੰ ਚੁੱਭਦਾ ਸੀ।

ਪ੍ਰੇਮ ਪ੍ਰਕਾਸ਼ ਬੰਦਿਆਂ ਵਰਗਾ ਬੰਦਾ ਦਿਸਦਾ ਹੈ ਪਰ ਇਸ ਬੰਦੇ ਅੰਦਰ ਅਨੇਕ ਬੰਦੇ ਹਨ। ਉਸਨੂੰ ਮਿਲਣ-ਗਿਲਣ ਵਾਲੇ ਵਾਲਿਆਂ ਦਾ ਹਰ ਵਾਰ ਵੱਖਰੇ ਬੰਦੇ ਨਾਲ ਵਾਹ ਪੈ ਸਕਦਾ ਹੈ। ਉਹ ਚੌਂਕ ਸਕਦੇ ਹਨ। ਇਸ ਵਕਤ ਮੈਂ ਜਿਸ ਨੂੰ ਮਿਲ ਰਿਹਾਂ ਉਹ ਪ੍ਰੇਮ ਪ੍ਰਕਾਸ਼ ਕਹਾਣੀਕਾਰ ਹੈ। ਨਿਰੋਲ। ਨਿਰੰਤਰ। ਨਿਤ ਨਵਾਂ। ਉਹ ਕਿਤੇ ਹੋਵੇ, ਕਿਸੇ ਹਾਲਤ ਵਿੱਚ ਹੋਵੇ, ਕਹਾਣੀ ਨਾਲ ਰਿਸ਼ਤਾ ਕਾਇਮ ਰੱਖਦਾ ਹੈ। ਕਿਸੇ ਨਾ ਕਿਸੇ ਪੱਜ ਕਹਾਣੀਆਂ ਸੁੰਘਦਾ ਰਹਿੰਦਾ ਹੈ। ਸੁਣਦਾ ਰਹਿੰਦਾ ਹੈ। ਵਿੰਹਦਾ ਰਹਿੰਦਾ ਹੈ। ਚੱਖਦਾ ਰਹਿੰਦਾ ਹੈ। ਛੂੰਹਦਾ ਰਹਿੰਦਾ ਹੈ। ਉਹਦੇ ਗਿਆਨ-ਇੰਦਰਿਆਂ ਦੇ ਨਾਲ-ਨਾਲ ਕਰਮ-ਇੰਦਰੇ ਵੀ ਇਸ ਕਾਰਜ ਵਿੱਚ ਸਦਾ ਕਿਰਿਆਸ਼ੀਲ ਰਹਿੰਦੇ ਹਨ। ਉਹਦਾ ਮਨ ਕਹਾਣੀਆਂ ਘੜਦਾ ਰਹਿੰਦਾ ਹੈ। ਬੁੱਧੀ ਕਹਾਣੀਆਂ ਸਵਾਰਦੀ ਰਹਿੰਦੀ ਹੈ। ਚੇਤਨਾ ਕਹਾਣੀਆਂ ਸੋਧਦੀ ਰਹਿੰਦੀ ਹੈ। ਕਹਾਣੀ ਉਹਨੂੰ ਕਦੇ ਟਿਕ ਕੇ ਨਹੀਂ ਬਹਿਣ ਦੇਂਦੀ। ਪੌਣੀ ਸਦੀ ਨੂੰ ਢੁੱਕਣ ਲੱਗਾ ਹੈ ਉਹਦਾ ਸਰੀਰ। ਅਜੇ ਵੀ ਡੂੰਡੂ ਉਠਦਾ ਹੈ ਤੇ ਉਹ ਪੌਣਾਂ 'ਤੇ ਸਵਾਰ ਹੋ ਜਾਂਦਾ ਹੈ। ਜਿੱਥੇ ਜੀ ਕਰਦਾ ਹੈ ਚਲਿਆ ਜਾਂਦਾ ਹੈ। ਠਹਿਰਾਅ ਨਹੀਂ। ਸ਼ਿਥਲਤਾ ਨਹੀਂ। ਸ਼ਰਤ ਨਹੀਂ, ਬੱਸ ਬਹਾਨਾ ਚਾਹੀਦਾ ਹੈ, ਜੰਗਮ ਬਣਨ ਦਾ। ਸਾਥ ਕੋਈ ਵੀ ਹੋਵੇ। ਸਾਥ ਨਾ ਵੀ ਹੋਵੇ। ਚਾਲ ਵਿਚ ਫ਼ਰਕ ਨਹੀਂ ਪੈਂਦਾ।

ਪ੍ਰੇਮ ਪ੍ਰਕਾਸ਼ ਬੜੀ ਦੇਰ ਦਾ ਤੁਰਿਆ ਹੋਇਆ ਹੈ। ਤੁਰ ਰਿਹਾ ਹੈ। ਪਛਾਣ ਦੇਰ ਨਾਲ ਮਿਲੀ। ਪ੍ਰਸਿੱਧੀ ਹੋਰ ਦੇਰ ਨਾਲ ਮਿਲੀ। ਪੁਰਸਕਾਰ ਹੋਰ ਵੀ ਪਛੜ ਕੇ ਮਿਲੇ। ਮਿਲਦੇ ਰਹਿਣਗੇ। ਪਰ ਉਹ ਮਿਲਣ ਵਾਲਿਆਂ ਦੇ ਲਾਗੇ ਬਹੁਤਾ ਚਿਰ ਖਲੋਂਦਾ ਨਹੀਂ। ਪੈਂਡਾ ਖੋਟਾ ਨਹੀਂ ਕਰਦਾ। ਨਿਰਮੋਹਾ ਹੈ। ਪ੍ਰਾਪਤੀ 'ਤੇ ਪੈਰ ਧਰਕੇ ਅੱਗੇ ਤੁਰ ਪੈਂਦਾ ਹੈ। ਸਵਾਰਥੀ ਹੈ। ਉਹਨੂੰ ਹੋਰ ਕੁਝ ਸੁਝਦਾ ਹੀ ਨਹੀਂ, ਕਹਾਣੀ ਤੋਂ ਬਿਨਾਂ।

ਪ੍ਰੇਮ ਪ੍ਰਕਾਸ਼ ਕਹਾਣੀ ਨੂੰ ਸਮਝਦਾ ਹੈ। ਖ਼ੁਦ ਨੂੰ ਕਹਾਣੀਕਾਰ ਸਮਝਦਾ ਹੈ। ਕਹਾਣੀਕਾਰਾਂ ਬਾਰੇ ਵੀ ਉਹਦੀ ਸਮਝ ਬੜੀ ਸਪੱਸ਼ਟ ਹੈ। ਪੁਰਾਣੇ, ਖਲੋਤੇ ਹੋਏ ਜਾਂ ਰਿਪੀਟ ਹੋ ਰਹੇ ਕਹਾਣੀਕਾਰ ਉਹਨੂੰ ਬਿਲਕੁਲ ਪਸੰਦ ਨਹੀਂ। ਨਵੇਂ, ਤੁਰ ਰਹੇ ਅਤੇ ਤਜਰੁਬੇ ਕਰ ਰਹੇ ਮੁੰਡੇ ਕੁੜੀਆਂ ਤੋਂ ਉਹ ਸਦਕੇ ਜਾਂਦਾ ਹੈ। ਕੁੜੀਆਂ ਤੋਂ ਤਾਂ ਬਾਹਲਾ ਈ ਸਦਕੇ ਜਾਂਦਾ ਹੈ। ਕਈ-ਕਈ ਵਾਰ ਜਾਂਦਾ ਹੈ। ਉਦੋਂ ਤਕ ਜਾਂਦਾ ਰਹਿੰਦਾ ਹੈ ਜਦੋਂ ਤਕ ਅਗਲੀ ਦਰ ਹੀ ਨਾ ਭੀੜ ਲਵੇ ! ਇਹੋ ਜਿਹੀ ਸਥਿਤੀ ਥੋੜ੍ਹੀ ਦੇਰ ਲਈ ਉਹਦੇ ਮਨ ਦਾ ਭਾਰ ਹੋ ਜਾਂਦੀ ਹੈ। ਪਰ ਨਾਲ ਦੀ ਨਾਲ ਨਵੀਂ ਕਹਾਣੀ ਲਈ ਜ਼ਮੀਨ ਤਿਆਰ ਹੋ ਜਾਂਦੀ ਹੈ। ਇਕ ਹੋਰ ਕਹਾਣੀ ਉਸ ਤੋਂ ਲਿਖ ਹੋ ਜਾਂਦੀ ਹੈ। ਕਹਾਣੀ 'ਚੋਂ 'ਕਹਾਣੀ' ਗਾਇਬ ਹੁੰਦੀ ਹੈ ਪਰ ਪਾਠ ਉਪਰੰਤ ਪਾਠਕ ਦੇ ਮਨ ਵਿੱਚ ਕਹਾਣੀ ਪੈਦਾ ਹੋ ਜਾਂਦੀ ਹੈ। ਹਰ ਵਾਰ ਵੱਖਰੀ। ਹਰ ਪਾਠਕ ਲਈ ਵੱਖਰੀ।

ਪ੍ਰੇਮ ਪ੍ਰਕਾਸ਼ ਕਹਾਣੀ ਖ਼ੁਸ਼ ਹੋ ਕੇ ਲਿਖਦਾ ਹੈ। ਲਿਖਕੇ ਖ਼ੁਸ਼ ਹੁੰਦਾ ਹੈ ਅਤੇ ਕਹਿੰਦਾ ਹੈ, 'ਲਿਖੀ ਨਹੀਂ ਮੇਰੇ ਤੋਂ ਲਿਖ ਹੋ ਗਈ।' ਉਹਦੀ ਇਸ 'ਹਰਕਤ' ਤੋਂ ਸਮਕਾਲੀ ਚਿੜਦੇ ਨੇ। ਉਹ



ਅੜਿਆ ਰਹਿੰਦਾ ਹੈ। ਅਗਲੇ ਦੇ ਸੰਘ ਵਿੱਚ। ਮੱਛੀ ਦੇ ਕੰਡੇ ਵਾਂਗ।....ਕਿਸੇ ਨੂੰ ਉਹਦੀ ਸੰਪਾਦਕੀ ਟਿੱਪਣੀ ਤੜਫਾ ਜਾਂਦੀ ਹੈ। ਕਿਸੇ ਨੂੰ ਕਹਾਣੀ। ਕਿਸੇ ਨੂੰ ਬਿਆਨਬਾਜ਼ੀ। ਪਰ ਉਹ ਨਿਰਲੇਪ ਹੋ ਕੇ ਨਿਰੰਤਰ ਤੁਰਿਆ ਰਹਿੰਦਾ ਹੈ, ਕੋਈ ਨਾਰਾਜ਼ ਹੋਏ ਭਾਵੇਂ ਰਾਜ਼ੀ। ਨਾਰਾਜ਼ ਕਰਕੇ ਉਹਨੂੰ ਵਧੇਰੇ ਖ਼ੁਸ਼ੀ ਮਿਲਦੀ ਹੈ। ਪੰਜਾਬੀ ਕਹਾਣੀ ਦੀ ਜ਼ਮੀਨ ਹਿੱਲਦੀ ਹੈ। ਉਹਦੇ ਜ਼ਿਹਨ ਵਿੱਚ ਰਾਮਾਇਣ ਨਹੀਂ, ਮਹਾਭਾਰਤ ਹੈ। ਉਹਦੇ ਲਹੂ ਵਿੱਚ ਸ਼ਰਾਰਤ ਹੈ। ਕਲਮ ਵਿਚ ਹਰਾਰਤ ਹੈ।.....ਕਦੇ ਉਹ ਕਲਮ ਨਾਲ ਲਿਖਦਾ ਸੀ। ਫੇਰ ਟਾਈਪ ਰਾਈਟਰ ਖਰੀਦ ਲਈ ਤੇ ਹੁਣ ਕੰਪਿਊਟਰ ਵਰਤ ਰਿਹਾ ਹੈ। ਸਰੀਰ ਨੂੰ ਸਮੇਂ ਦੇ ਹਾਣ ਦਾ ਬਣਾਈ ਰੱਖਣ ਲਈ ਪ੍ਰਾਣਾਯਾਮ ਵੱਲ ਪਰਤ ਰਿਹਾ ਹੈ। ਉਹ ਭਾਵੇਂ ਟੁਕੜਿਆਂ ਵਿੱਚ ਲਿਖਦਾ ਹੈ, ਟੁਕੜਿਆਂ ਵਿੱਚ ਜੀਂਦਾ ਹੈ....ਪਰ ਇਹਨਾਂ ਟੁਕੜਿਆਂ ਨੂੰ ਨਿਰੰਤਰ ਤਰਤੀਬ ਦੇਂਦਾ ਰਹਿੰਦਾ ਹੈ। ਗੈਪ ਭਰਦਾ ਰਹਿੰਦਾ ਹੈ। 'ਪਰਫਾਰਮੈਂਸ' ਬਰਕਰਾਰ ਰੱਖਣ ਲਈ ਆਪਣੀ ਸੋਚ ਅਤੇ ਸੂਚਨਾ ਦੇ ਨਾਲ-ਨਾਲ ਮਸ਼ੀਨਰੀ ਨੂੰ ਵੀ ਅਪ-ਡੇਟ ਅਤੇ ਅਪਗਰੇਡ ਕਰਦਾ ਰਹਿੰਦਾ ਹੈ।

ਪ੍ਰੇਮ ਨੂੰ ਤਬਦੀਲੀ ਦਾ ਕਾਨੂੰਨ ਪੂਰੀ ਤਰ੍ਹਾਂ ਸਮਝ ਆ ਚੁੱਕਾ ਹੈ। ਉਹ ਬਾਹਰੋਂ ਬਦਲ ਜਾਂਦਾ ਹੈ। ਅੰਦਰੋਂ ਟਿਕਿਆ ਰਹਿੰਦਾ ਹੈ। ਉਹ ਨੀਂਦ ਦੀਆਂ ਗੋਲੀਆਂ ਖਾ ਕੇ ਵੀ ਜਾਗਦਾ ਰਹਿੰਦਾ ਹੈ। ਸੁਪਨਿਆਂ ਵਿੱਚ ਘਿਰਿਆ ਰਹਿੰਦਾ ਹੈ। ਵਕਤ ਪਾਕੇ ਸੁਪਨੇ ਉਹਨੂੰ ਸੱਚ ਲੱਗਣ ਲੱਗ ਪੈਂਦੇ ਹਨ। ਉਹ ਸੁਪਨੇ ਵਿੱਚ ਵੀ ਸੱਚ ਬੋਲਣ ਦਾ ਦਾਅਵਾ ਕਰਦਾ ਹੈ। ਸੱਚ ਅਤੇ ਝੂਠ ਦੇ ਦਰਮਿਆਨ ਉਹਨੇ 'ਲਕੀਰ' ਖਿੱਚੀ ਹੋਈ ਹੈ ਅਤੇ ਉਸ ਲਕੀਰ ਦੇ ਮੱਥੇ 'ਤੇ ਉਕਰਿਆ ਹੈ : 'ਅਸੀਂ ਮੰਨ ਕੇ ਚੱਲੇ ਹਾਂ ਕਿ ਕੋਈ ਵੀ ਸੱਚ ਅੰਤਮ ਨਹੀਂ ਹੁੰਦਾ।' ਜਿਸ ਸੱਚਾਈ ਨੂੰ ਪ੍ਰੇਮ ਪ੍ਰਕਾਸ਼ ਨੇ ਚੱਲਣ ਤੋਂ ਪਹਿਲਾਂ ਹੀ 'ਮੰਨ' ਲਿਆ ਸੀ, ਹੋ ਸਕਦਾ ਹੈ ਚੱਲਦੇ ਚੱਲਦੇ ਉਸ ਵਿੱਚ ਵੀ ਸੋਧ ਕਰਨ ਦੀ ਲੋੜ ਪੈ ਜਾਏ। ਉਂਜ ਨਾਅਰੇ ਵਿੱਚ ਤਬਦੀਲੀ ਕਰਨੀ ਔਖੀ ਹੁੰਦੀ ਹੈ। ਕਿਸੇ ਵੀ ਸਿੱਧਾਂਤ ਨਾਲ ਬੱਝ ਕੇ ਬੰਦਾ ਆਜ਼ਾਦੀ ਗੁਆ ਬਹਿੰਦਾ ਹੈ ਅਤੇ ਫਿਰ ਮੁਕਤੀ ਲਈ ਸੰਘਰਸ਼ ਕਰਨ ਲੱਗ ਪੈਂਦਾ ਹੈ। ਮੁਕਤੀ : ਇਕ। ਮੁਕਤੀ : ਦੋ।....ਮੁਕਤੀ ਮਿਲਦੀ ਨਹੀਂ, ਛਪ ਜਾਂਦੀ ਹੈ। ਵਿਕ ਜਾਂਦੀ ਹੈ। ਛਪਦੀ ਵਿਕਦੀ ਜਾਂਦੀ ਹੈ।

'ਮੁਕਤੀ' ਵਾਲਾ ਮੰਤਰ ਹੀ ਉਹਦੀ ਕਹਾਣੀ-ਕਲਾ ਦਾ ਰਹੱਸ ਹੋ ਜਾਂਦਾ ਹੈ। ਇਹ ਤੱਥ ਉਹ ਦੱਸਦਾ ਨਹੀਂ ਪਰ ਉਸਤੋਂ ਦੱਸ ਹੋ ਜਾਂਦਾ ਹੈ।

ਪ੍ਰੇਮ ਬਹਿਸ ਬਹੁਤ ਕਰਦਾ ਹੈ। ਅਗਲੇ ਨੂੰ ਕੁਰੇਦਦਾ ਹੈ। ਛੇੜਦਾ ਹੈ। ਉਹਦੇ ਛੇੜਨ ਨਾਲ ਬਹਿਸ ਛਿੜਦੀ ਹੈ। ਵਿਸ਼ੇ ਦੇ ਹਰ ਪਹਿਲੂ ਦੀ ਤਹਿ ਤੱਕ ਜਾਣ ਲਈ ਉਹ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਹੈ। ਦੂਜੇ ਦੀ ਬੁੱਕਲ ਵਿੱਚ ਆਪਣਾ ਗੁੜ ਭੋਰਦਾ ਹੈ। ਬਹਿਸ ਅੱਗੇ ਤੋਰਦਾ ਹੈ। 'ਲਕੀਰ' ਲਈ ਸੈਮੀਨਾਰ ਕਰਦਾ ਹੈ। ਲੇਖਕਾਂ, ਵਿਦਵਾਨਾਂ ਤੇ ਆਲੋਚਕਾਂ ਕੋਲ ਜਾਂਦਾ ਹੈ। ਉਹਨਾਂ ਨੂੰ ਆਪਣੇ ਕੋਲ ਬੁਲਾਉਂਦਾ ਹੈ। ਵਿਸ਼ਾ ਦੇ ਕੇ ਬੁਲਵਾਉਂਦਾ ਹੈ। ਉਨ੍ਹਾਂ ਦਾ ਮੂੰਹ ਖੁੱਲ੍ਹਵਾਉਂਦਾ ਹੈ। ਐਲਾਨੀਆ ਟੱਪਿਕ ਦੇ ਕੇ ਲੋਕਾਂ ਤੋਂ ਲਿਖਵਾਉਂਦਾ ਹੈ। ਗੋਸ਼ਟੀਆਂ ਦਾ ਪ੍ਰਬੰਧ ਵੀ ਕਰਦਾ ਹੈ। ਪਰਚੇ ਲਿਖਵਾ ਕੇ ਬਹਿਸ ਕਰਵਾਉਂਦਾ ਹੈ। ਪਰ ਇਹ ਸਭ ਕੁਝ ਉਹ ਪਾਪੀ ਪੇਟ ਲਈ ਨਹੀਂ ਕਰਦਾ। ਸਿਰਫ਼ ਕਹਾਣੀ ਲਈ ਕਰਦਾ ਹੈ। ਪੰਜਾਬੀ ਕਹਾਣੀ ਲਈ ਕਰਦਾ ਹੈ। ਆਪਣੀ ਕਹਾਣੀ ਲਈ ਕਰਦਾ ਹੈ।

ਪ੍ਰੇਮ ਨੂੰ ਕਹਾਣੀ ਦਾ ਬਹੁਤ ਫ਼ਿਕਰ ਹੈ। ਉਹਨੇ ਕਹਾਣੀ ਖ਼ੂਬ ਪੜ੍ਹੀ ਹੈ। ਕਹਾਣੀ ਬਾਰੇ ਬਹੁਤ ਪੜ੍ਹਿਆ ਹੈ। ਕਹਾਣੀ ਦਾ ਇਤਿਹਾਸ ਜਾਣਿਆ ਹੈ। ਕਹਾਣੀ ਦਾ ਸੱਚ ਪਛਾਣਿਆ ਹੈ। ਉਸਨੂੰ ਪੂਰੀ ਸਮਝ ਹੈ ਕਿ ਪੰਜਾਬੀ ਕਹਾਣੀ ਕਿਥੋਂ ਤੁਰੀ ਸੀ। ਕਿੱਥੇ ਖੜ੍ਹ ਗਈ ਸੀ। ਕਿੱਥੇ ਪਹੁੰਚੀ ਹੈ। ਕਿੱਧਰ ਨੂੰ ਜਾ ਰਹੀ ਹੈ। ਪਹਿਲਾਂ ਉਹ ਕਹਾਣੀ ਦੇ ਨਾਲ-ਨਾਲ ਤੁਰ ਰਿਹਾ ਸੀ। ਹੁਣ ਕਹਾਣੀ ਉਸਦੇ ਨਾਲ-ਨਾਲ ਤੁਰ ਰਹੀ ਹੈ।

'ਲਕੀਰ' ਨੂੰ ਉਹ ਕਹਾਣੀ ਦੀ ਵੇਲ ਵਧਾਉਣ ਲਈ ਵਰਤ ਰਿਹਾ ਹੈ। ਆਪਣੀ ਕਹਾਣੀ, ਪੰਜਾਬੀ ਕਹਾਣੀ ਦੇ ਪਾਠਕਾਂ ਨੂੰ, ਉਹ ਭਾਣੇ ਵਾਂਗ ਵਰਤਾ ਰਿਹਾ ਹੈ। ਕਹਾਣੀ ਦੇ ਨਾਲ-ਨਾਲ ਉਹਦਾ ਆਪਣਾ ਵੀ ਚੰਗਾ ਮਾੜਾ ਜ਼ਿਕਰ ਹੋਈ ਜਾ ਰਿਹਾ ਹੈ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਜ਼ਿਕਰ ਦੀ ਮੁਹਿੰਮ ਉਹਨੇ ਖ਼ੁਦ ਹੀ ਚਲਾਈ ਹੋਈ ਹੈ। ਇਸ ਕੰਮ ਲਈ ਉਹਨੇ ਪੂਰੀ ਟੀਮ ਬਣਾਈ ਹੋਈ ਹੈ।

ਅੱਜ ਸੈਕਸ ਦੇ ਵਿਸ਼ੇ ਬਿਨਾਂ ਕਹਾਣੀ ਤੋਰ ਹੀ ਨਹੀਂ ਫੜਦੀ।<br>
ਅਤੇ ਪ੍ਰੇਮ ਦੇ ਜ਼ਿਕਰ ਬਿਨਾਂ ਗੱਲ ਸਿਰੇ ਹੀ ਨਹੀਂ ਚੜ੍ਹਦੀ॥

ਪ੍ਰੇਮ ਅਤੇ ਕਹਾਣੀ ਦਾ ਰਿਸ਼ਤਾ ਸਕੈਂਡਲ ਵਾਂਗ ਸਿੱਧ ਹੋ ਚੁੱਕਾ ਹੈ। ਸਿੱਧੀ ਜਿਹੀ ਗੱਲ ਹੈ ਕਿ ਆਪਣੀਆਂ 'ਕਰਤੂਤਾਂ' ਕਰਕੇ ਪ੍ਰੇਮ ਪ੍ਰਕਾਸ਼ ਬਦਨਾਮੀ ਦੀ ਹੱਦ ਤੱਕ ਪ੍ਰਸਿੱਧ ਹੋ ਚੁੱਕਾ ਹੈ।

ਪ੍ਰੇਮ ਪ੍ਰਕਾਸ਼ ਪੰਜਾਬੀ ਦਾ ਇਹੋ ਜਿਹਾ 'ਪ੍ਰਸਿੱਧ' ਕਹਾਣੀਕਾਰ ਹੈ ਜਿਸਨੂੰ ਨਿੱਜੀ ਤੌਰ 'ਤੇ ਬਹੁਤ ਘੱਟ ਲੋਕ ਜਾਣਦੇ ਹਨ। ਜਿੰਨੇ ਕੁ ਜਾਣਦੇ ਹਨ ਉਹ ਵੀ ਪੂਰੀ ਤਰ੍ਹਾਂ ਜਾਨਣ ਦਾ ਦਾਅਵਾ ਨਹੀਂ ਕਰ ਸਕਦੇ। ਉਹ ਭੀੜ ਵਿੱਚ ਵੜ ਕੇ ਵੀ ਭੀੜ ਤੋਂ ਪਰੇ ਰਹਿੰਦਾ ਹੈ। ਜਿਸਨੂੰ ਮਿਲਣਾ ਹੁੰਦਾ ਹੈ, ਬੱਸ ਉਸੇ ਨੂੰ ਮਿਲਦਾ ਹੈ। ਤੁਸੀਂ ਉਸਨੂੰ ਮਿਲਣ ਲਈ ਜਾਉ, ਉਹ ਤੁਹਾਡੀ 'ਸਟੱਡੀ' ਕਰਨ ਲੱਗ ਪਏਗਾ। ਸ਼ਾਇਦ ਏਸੇ ਲਈ ਕੋਈ ਉਹਨੂੰ 'ਦੋਸਤ' ਨਹੀਂ ਸਮਝਦਾ। ਕਦੇ ਕਿਸੇ ਨਵੇਂ-ਨਵੇਂ ਮਿਲੇ ਬੰਦੇ ਵਿੱਚ ਇਸ ਹੱਦ ਤੱਕ ਦਿਲਚਸਪੀ ਲੈਣ ਲੱਗਦਾ ਹੈ ਕਿ ਪੁਰਾਣੇ ਵਾਕਫ਼ਕਾਰ ਹੱਤਕ ਮਹਿਸੂਸ ਕਰਨ ਲੱਗ ਪੈਂਦੇ ਹਨ। ਉਸਦਾ ਫਾਰਮੂਲਾ ਹੈ : ਪਹਿਲਾਂ ਤੁਹਾਨੂੰ ਊਲ ਜਲੂਲ ਜਿਹੇ ਸਵਾਲ ਪੁੱਛੇਗਾ। ਬੋਲਣ ਲਈ ਉਕਸਾਏਗਾ। ਜਦੋਂ ਤੁਸੀਂ ਬੋਲਣਾ ਸ਼ੁਰੂ ਕਰੋਗੇ ਤਾਂ ਚੁੱਪ ਕਰਕੇ ਸੁਣੀ ਜਾਏਗਾ। ਨਾਂ-ਮਾਤਰ ਹੁੰਗਾਰਾ ਭਰੀ ਜਾਏਗਾ। ਦਰਅਸਲ ਉਹ ਆਪਣੇ ਨਵੇਂ-ਨੁਸਖੇ ਨੂੰ ਤੁਹਾਡੇ 'ਤੇ ਪਰਖ ਰਿਹਾ ਹੁੰਦਾ ਹੈ। ਆਪਣੀ ਕਿਸੇ ਅਧੂਰੀ ਕਹਾਣੀ ਲਈ ਸਾਮੱਗਰੀ ਜੁਟਾ ਰਿਹਾ ਹੁੰਦਾ ਹੈ। ਕਿਸੇ ਨਵੀਂ ਕਹਾਣੀ ਦਾ ਮੁੱਢ ਬੰਨ੍ਹ ਰਿਹਾ ਹੁੰਦਾ ਹੈ।

ਲੰਮੇ ਸਮੇਂ ਤੋਂ ਉਹ 'ਲਕੀਰ' ਕੱਢਦਾ ਆ ਰਿਹਾ ਹੈ। ਇਹ ਉਹਦਾ ਸਨਕੀ ਸ਼ੌਕ ਹੈ। ਰਿਟਾਇਰਮੈਂਟ ਪਿਛੋਂ ਤਾਂ ਇਸ ਸ਼ੌਕ ਦੀ ਸ਼ਿੱਦਤ ਦੇ ਨਾਲ-ਨਾਲ ਜ਼ਰੂਰਤ ਵੀ ਵੱਧ ਗਈ ਹੈ। ਪਹਿਲਾਂ ਉਹ ਸਕੂਲ ਮਾਸਟਰ ਹੁੰਦਾ ਸੀ। ਪਿੱਛੋਂ ਉਰਦੂ ਦੀ ਅਖ਼ਬਾਰ ਨਾਲ ਮਜਬੂਰੀ ਵੱਸ ਜੁੜਿਆ ਰਿਹਾ। ਇਹਨਾਂ ਦੋਹਾਂ ਕਿੱਤਿਆਂ ਵਿੱਚ ਉਹਦਾ ਜੀਅ ਨਹੀਂ ਸੀ ਲੱਗਦਾ। 'ਲਕੀਰ' ਨੇ ਉਹਨੂੰ ਬਦਲਵੀਂ ਫਿਜ਼ਾ ਦਿੱਤੀ। ਟੱਬਰ ਅਤੇ ਦਫ਼ਤਰ ਤੋਂ ਪਰੇ ਇਕ ਪਲੇਟਫਾਰਮ ਮੁਹੱਈਆ ਕੀਤਾ, ਜਿੱਥੇ ਉਹ ਮਨ-ਮਰਜ਼ੀ ਕਰ ਸਕਦਾ ਸੀ। ਉਹਨੇ ਮਨਮਰਜ਼ੀ ਕੀਤੀ। ਕਰਦਾ ਆ ਰਿਹਾ ਹੈ। ਪੰਜਾਬੀ ਕਹਾਣੀ ਦੇ ਬਹਾਨੇ ਉਹਨੇ ਆਪਣੀ ਕਹਾਣੀ ਨੂੰ ਵੀ ਅੱਗੇ ਤੋਰਿਆ ਹੈ। ਅੱਗੇ ਲਿਆਂਦਾ ਹੈ। ਆਪਣੇ ਪੂਰਵ-ਕਾਲੀ, ਸਮਕਾਲੀ ਅਤੇ ਉੱਤਰ-ਕਾਲੀ ਲੇਖਕਾਂ ਦੀਆਂ ਕਹਾਣੀਆਂ ਨੂੰ ਪਰਖਣ ਲਈ ਆਪਣੀ ਕਹਾਣੀ ਨੂੰ ਹੀ ਕਸੌਟੀ ਮੰਨਕੇ ਚੱਲਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਪਾਤਰ ਵੀ ਉਹਦੇ ਆਪਣੇ ਵਾਂਗ ਪੱਕੀ ਉਮਰ ਤੇ ਪੀਢੀ ਸੋਚ ਦੇ ਹੁੰਦੇ ਹਨ। ਉਹ ਪਿਆਰ ਵੀ ਸੋਚ ਕੇ ਕਰਦੇ ਹਨ। ਪਿਆਰ ਕਰਦੇ ਵਕਤ ਵੀ ਸੋਚਦੇ ਰਹਿੰਦੇ ਹਨ। ਪ੍ਰੇਮੀ ਜੋੜੇ 'ਚੋਂ ਇਕ ਜਣਾ ਜ਼ਰੂਰ ਵਿਆਹਿਆ ਹੁੰਦਾ ਹੈ। ਕਈ ਵਾਰ ਦੋਏਂ ਵਿਆਹੇ ਹੁੰਦੇ ਨੇ, ਪਰ ਆਪਸ ਵਿੱਚ ਨਹੀਂ। ਉਹ ਜਿਸ ਕਹਾਣੀ ਵਿੱਚ ਤਿਕੋਣ ਬਣਾਉਂਦਾ ਹੈ, ਨਾਇਕ ਨੂੰ ਨਿਰਾਸ਼ ਕਰਦਾ ਹੈ। ਪਾਠਕ ਨੂੰ ਉਦਾਸ ਕਰਦਾ ਹੈ। ਉਹਦੇ ਪਾਤਰ ਮਰਿਆਦਾ ਵਿੱਚ ਰਹਿਕੇ ਮਰਿਆਦਾ ਭੰਗ ਕਰਦੇ ਨੇ। ਪ੍ਰੇਮ ਆਪਣੇ ਪਾਤਰਾਂ ਦੇ ਰਾਹੀਂ ਕੁਝ ਵਿਖਾਉਂਦਾ ਹੈ, ਕੁਝ ਲੁਕਾਉਂਦਾ ਹੈ। ਉਹ ਕਾਮ-ਕਥਾ



ਵੀ ਹਵਨ ਦੇ ਹਵਾਲੇ ਨਾਲ ਸੁਣਾਉਂਦਾ ਹੈ। 'ਕਾਰ-ਸੇਵਾ' ਅਤੇ 'ਤਾਸ਼' ਨੂੰ ਕਲਮੀ ਚਲਾਕੀ ਨਾਲ ਸਮ-ਅਰਥੀ ਬਣਾਉਂਦਾ ਹੈ।

ਉਹਦੀਆਂ ਕਹਾਣੀਆਂ ਘਰੇਲੂ ਹੁੰਦੀਆਂ ਹਨ, ਘਰਾਂ ਵਾਂਗ ਵਾਪਰਦੀਆਂ ਹਨ। ਕਿਤੇ ਮਕਾਨ ਉਸਰ ਰਿਹਾ ਹੈ। ਕਿਤੇ ਕੋਠੀ ਬਣ ਰਹੀ ਹੈ। ਕਿਤੇ ਪੁਰਾਣਾ ਘਰ ਢਹਿ ਰਿਹਾ ਹੈ। ਕਿਸੇ ਘਰ ਦਾ ਬੂਹਾ ਪਿਛਲੇ ਪਾਸੇ ਲੱਗ ਰਿਹਾ ਹੈ। ਕੋਈ ਪਾਤਰ ਨਵੇਂ ਘਰ ਦੀ ਤਲਾਸ਼ ਕਰ ਰਿਹਾ ਹੈ। ਕੋਈ ਪਿਛਲੇ ਘਰ ਲਈ ਸਹਿਕ ਰਿਹਾ ਹੈ। 'ਘਰ' ਵਰਗੀਆਂ ਬਹੁਤੀਆਂ ਕਹਾਣੀਆਂ ਦੇ ਅੰਕੁਰ ਉਦੋਂ ਹੀ ਫੁਟ ਪਏ ਸਨ ਜਦੋਂ ਜਲੰਧਰ ਦੇ ਮੋਤਾ ਸਿੰਘ ਨਗਰ ਵਿੱਚ ਉਹ ਆਪਣੀ 'ਕੋਠੀ' ਬਣਾ ਰਿਹਾ ਸੀ। ਫਰਸ਼ ਦੀ ਰੋੜੀ ਉਹ ਟੱਬਰ ਦੇ ਜੀਆਂ ਨਾਲ ਰਲ ਕੇ ਕੁੱਟਦਾ ਸੀ। 'ਹੀਰ ਵਿਚਾਰੀ ਇੱਟਾਂ ਢੋਂਦੀ, ਰਾਂਝਾ ਢੋਂਦਾ ਗਾਰਾ ਏ' ਦੀ ਤਰਜ਼ 'ਤੇ ਉਹ ਘਰ ਦੀ ਉਸਾਰੀ ਨਾਲ ਇਕਮਿਕ ਹੋਇਆ ਪਿਆ ਸੀ। ਅਖ਼ਬਾਰ ਵਿਚ ਰਾਤ ਦੀ ਡਿਊਟੀ ਦੇਂਦਾ। ਸ਼ਾਮ ਨੂੰ ਗਊ ਲਈ ਪੱਠਾ-ਦੱਥਾ ਲਿਆਉਂਦਾ। ਲਵੇਰੀ ਦੀ ਪਿੱਠ 'ਤੇ ਥਾਪੀ ਦੇ ਕੇ ਉਹਦੀ ਧਾਰ ਕੱਢਦਾ ਤੇ ਸੌਣ ਵੇਲੇ ਕੜ੍ਹੇ ਹੋਏ ਦੁੱਧ ਦਾ ਕੜੇ ਵਾਲਾ ਗਿਲਾਸ ਪੀ ਕੇ ਆਨੰਦ ਮਗਨ ਹੋ ਜਾਂਦਾ। ਢੇਰੂ ਅਤੇ ਟਾਈਗਰ ਘਰ ਦੇ ਅੰਦਰ-ਬਾਹਰ ਦਾ ਖਿਆਲ ਰੱਖਦੇ। ਇਹ ਦੋਏਂ ਉਹਦੇ ਪਾਲਤੂ ਕੁੱਤੇ ਸਨ। ਢੇਰੂ ਦੇਸੀ ਸੀ ਤੇ ਵੱਡੀ ਉਮਰ ਦਾ ਸੀ। ਟਾਈਗਰ ਬਦੇਸੀ ਨਸਲ ਦਾ ਸੀ ਤੇ ਜਵਾਨ ਸੀ। ਇਹ ਨਾਂ ਵੀ ਉਹਨੇ ਪੁਰਾਣੀ ਤੇ ਨਵੀਂ ਪੀੜ੍ਹੀ ਦੇ ਪ੍ਰਤੀਕ ਵੱਜੋਂ ਰੱਖੇ ਹੋਏ ਸਨ। ਦੋਵੇਂ ਆਪੋ ਆਪਣੀ ਸੀਮਾ ਵਿੱਚ ਰਹਿੰਦੇ ਸਨ। ਆਪੋ ਆਪਣੀ ਬੋਰੀ 'ਤੇ ਬਹਿੰਦੇ ਸਨ। ਫੇਰ ਪ੍ਰੇਮ ਨੇ ਕਬੂਤਰ ਪਾਲ ਲਏ। ਕੋਠੇ 'ਤੇ ਉਹਨਾਂ ਨੂੰ ਚੋਗਾ ਪਾਉਂਦਾ ਰਹਿੰਦਾ। ਉਹਨਾਂ ਨਾਲ ਖੇਡਦਾ ਰਹਿੰਦਾ।.......ਗਊ ਹੋਵੇ, ਕੁੱਤੇ ਹੋਣ ਜਾਂ ਕਬੂਤਰ। ਇਨ੍ਹਾਂ ਪਸ਼ੂ ਪੰਛੀਆਂ ਨਾਲ ਉਹਦਾ ਅਜੀਬੋ ਗਰੀਬ ਰਿਸ਼ਤਾ ਹੈ। ਇਨ੍ਹਾਂ ਦੀਆਂ ਕਾਮ-ਜ਼ਰੂਰਤਾਂ ਜਾਂ ਕਾਮ ਹਰਕਤਾਂ ਨੂੰ ਉਹ ਨੇੜੇ ਹੋ ਕੇ ਤੱਕਦਾ ਆ ਰਿਹਾ ਹੈ। ਹੁਣ ਉਹਦੇ ਘਰ ਵਿੱਚ ਇਹਨਾਂ ਦਾ ਵਾਸਾ ਨਹੀਂ ਪਰ ਇਹ ਕਹਾਣੀਆਂ 'ਚੋਂ ਸਹਿਜੇ ਹੀ ਪਛਾਣ ਜਾ ਸਕਦੇ ਹਨ ਅਤੇ ਗੱਲਬਾਤ 'ਚੋਂ ਵੀ।

******

ਅਸੀ ਅੱਜ ਜਿਹੜੇ ਸਮਾਜ ਵਿੱਚ ਰਹਿ ਰਹੇ ਹਾਂ ਉਹਦਾ ਢਾਂਚਾ ਕਿਵੇਂ ਤਬਦੀਲ ਹੋ ਰਿਹਾ ਹੈ। ਨਾਰੀ ਦਾ ਮੁਕਤੀ ਲਈ ਅੰਦੋਲਨ, ਪ੍ਰੇਮ ਦੇ ਨਵੇਂ-ਨਵੇਂ ਰੂਪ, ਅੰਤਰ-ਜਾਤੀ ਵਿਆਹ, ਵਿਰੋਧੀ ਸੰਸਕਾਰਾਂ ਦੀ ਟੱਕਰ, ਸਰਮਾਏ ਦੇ ਚਮਤਕਾਰ, ਡਿੱਗਦੇ ਰਾਜਨੀਤਕ ਮੁੱਲ, ਲਹੂ ਤੱਕ ਧੱਸੀ ਹੋਈ ਜਾਤ-ਪਾਤ...... ਇਹ ਸਭ ਕੁਝ ਅਤੇ ਹੋਰ ਵੀ ਬੜਾ ਕੁਝ ਪ੍ਰੇਮ ਦੀਆਂ ਕਹਾਣੀਆਂ ਵਿੱਚ ਵਿੱਦਮਾਨ ਹੈ, ਪਰ ਨਾਅਰਾ ਬਣਕੇ ਨਹੀਂ ਸਗੋਂ ਸਹਿਜ, ਸੁੱਤੇਸਿੱਧ, ਨਿਰ-ਉਚੇਚ। ਲੱਗਦਾ ਹੈ ਜਿਵੇਂ ਕੋਈ ਪਹੁੰਚਿਆ ਹੋਇਆ ਦਰਵੇਸ਼ ਆਪਣੇ ਨਿੱਜੀ ਅਨੁਭਵ, ਪਰਤ-ਦਰ-ਪਰਤ, ਸ਼ਾਂਤ ਭਾਵ ਨਾਲ ਅਡੋਲ ਚਿੱਤ ਹੋ ਕੇ ਸੁਣਾ ਰਿਹਾ ਹੋਵੇ। ਉਹਨੂੰ ਕੋਈ ਕਾਹਲੀ ਨਾ ਹੋਵੇ ਨਿਦਾਨ ਦੱਸਣ ਦੀ, ਗੁੰਝਲ ਖੋਲ੍ਹਣ ਦੀ, ਹੈਰਾਨ ਕਰਨ ਦੀ, ਮਕਬੂਲ ਹੋਣ ਦੀ। ਸ਼ਾਇਦ ਏਸੇ ਲਈ ਉਹ ਅਜੇ ਤੀਕ 'ਲੋਕਪ੍ਰਿਯ' ਲੇਖਕਾਂ ਦੀ ਕੋਟੀ ਵਿਚ ਸ਼ਾਮਿਲ ਨਹੀਂ ਹੋਇਆ। ਉਹਦੇ ਤੋਂ ਪਿੱਛੋਂ 'ਪ੍ਰਗਟ' ਹੋਣ ਵਾਲੇ ਕਥਾਕਾਰਾਂ ਨੇ ਕਿਤਾਬਾਂ ਦੇ ਰਿਕਾਰਡ ਕਾਇਮ ਕਰ ਦਿੱਤੇ ਹਨ, ਪਰ ਪ੍ਰੇਮ ਦੀਆਂ ਸਾਰੀਆਂ ਕਹਾਣੀਆਂ ਮਿਲਾ ਕੇ ਵੀ ਮਸਾਂ 'ਕਥਾ ਅਨੰਤ' ਹੀ ਬਣਦੀ ਹੈ। ਜ਼ਾਹਿਰ ਹੈ ਕਿ ਉਹ ਸਟੇਸ਼ਨਰੀ ਦਾ ਸ਼ੁਭ-ਚਿੰਤਕ ਹੈ। ਸ਼ੋਹਰਤ ਕਮਾਉਣ ਵਿੱਚ ਵਿਸ਼ਵਾਸ ਰੱਖਦਾ ਹੈ, ਲੁੱਟਣ ਵਿੱਚ ਨਹੀਂ। ਇਹਨਾਂ ਗਿਣਤੀ ਦੀਆਂ ਕਹਾਣੀਆਂ ਨਾਲ ਹੀ ਉਹ ਟ੍ਰੈਂਡ-ਸੈੱਟਰ ਬਣ ਗਿਆ ਹੈ। ਉਸਨੇ ਨਵੀਆਂ ਬਾਰੀਆਂ ਖੋਲ੍ਹੀਆਂ ਹਨ, ਜਿਨ੍ਹਾਂ 'ਚੋਂ ਤਾਜ਼ਾ ਹਵਾ ਆਉਣ ਲੱਗੀ ਹੈ। 'ਚੌਥੀ ਕੂੰਟ' ਦੇ ਬਹਾਨੇ ਚੌਥੀ ਪੀੜ੍ਹੀ ਹੋਂਦ ਵਿੱਚ ਆ ਚੁੱਕੀ ਹੈ। ਜਿਵੇਂ ਓਸ਼ੋ ਰਜਨੀਸ਼

ਦੇ ਆਉਣ ਨਾਲ ਕਈ ਤਰ੍ਹਾਂ ਦੇ ਦਿਮਾਗੀ ਕੰਧਾਂ ਕੌਲੇ ਢਹਿ ਗਏ ਸਨ ਅਤੇ ਚੇਤਨਾ ਦੇ ਵਿਹੜੇ ਮੋਕਲੇ ਹੋ ਗਏ ਸਨ ਓਸੇ ਤਰ੍ਹਾਂ ਪ੍ਰੇਮ ਤੋਂ ਪਿੱਛੋਂ ਆਏ ਨਵੇਂ ਕਹਾਣੀਕਾਰਾਂ ਦੀਆਂ ਲਿਖਤਾਂ ਵਿਚ ਬੜਾ ਕੁਝ ਨਵਾਂ ਅਤੇ ਵੱਖਰਾ ਪੈਦਾ ਹੋ ਰਿਹਾ ਹੈ। ਨਵੇਂ ਤਜਰਬੇ ਹੋਣ ਲੱਗ ਪਏ ਹਨ। ਕੁੜੀਆਂ ਮੁੰਡੇ ਵਾਹਵਾ ਉਡਾਰ ਹੋ ਕੇ ਆਪਣੀ ਗੱਲ ਕਹਿਣ ਦੀ ਜੁਰੱਅਤ ਕਰਨ ਲੱਗ ਪਏ ਹਨ। ਇਹ ਚੰਗੀ ਗੱਲ ਹੈ ਪਰ ਇਕ ਖ਼ਤਰਾ ਵੀ ਹੈ ਕਿ ਕਿਤੇ ਹਵਾ ਦੇ ਜ਼ੋਰ ਨਾਲ 'ਲਕੀਰ' ਦੇ ਫ਼ਕੀਰ ਨਾ ਬਣ ਜਾਣ। ਪ੍ਰੇਮ ਪ੍ਰਕਾਸ਼ ਇੱਕੋ ਹੈ, ਵਰਿਆਮ ਸੰਧੂ ਇੱਕੋ ਹੈ, ਮੋਹਨ ਭੰਡਾਰੀ ਇੱਕੋ ਹੈ, ਸੁਖਵੰਤ ਮਾਨ ਇੱਕੋ ਹੈ.....ਸਭ ਨੂੰ ਇੱਕੋ ਹੋਣਾ ਚਾਹੀਦਾ ਹੈ, ਇੱਕੋ ਰਹਿਣਾ ਚਾਹੀਦਾ ਹੈ। ਪਰਛਾਵਾਂ ਬਣ ਕੇ ਗੱਲ ਨਹੀਂ ਬਣਦੀ। ਜਿਨ੍ਹਾਂ ਦੀ ਗੱਲ ਬਣੀ ਹੈ, ਉਹਨਾਂ ਨੂੰ ਪੁੱਛ ਕੇ ਵੇਖੋ। ਪੜ੍ਹ ਕੇ ਵੇਖੋ, ਅਤੇ ਖ਼ੁਦ ਉਹੀ ਕੁਝ ਬਣੇ ਰਹੋ, ਜੋ ਹੋ। ਇਹੋ ਪ੍ਰੇਮ ਦਾ ਮੁਕਤੀ-ਮੰਤਰ ਹੈ।

ਪ੍ਰੇਮ ਨੂੰ ਬੜੀਆਂ ਚੀਜ਼ਾਂ ਨਾਲ ਨਫ਼ਰਤ ਹੈ ਪਰ ਸਭ ਤੋਂ ਵੱਧ ਨਫਰਤ ਉਹਨੂੰ ਅਖ਼ਬਾਰਾਂ ਨਾਲ ਹੈ। ਉਹ ਅਖ਼ਬਾਰਾਂ ਨਹੀਂ ਪੜ੍ਹਦਾ। ਅਖ਼ਬਾਰਾਂ ਵਿੱਚ ਨਹੀਂ ਛਪਦਾ। ਅਖ਼ਬਾਰਾਂ ਵਿੱਚ ਛਪਣ ਵਾਲੇ ਲੇਖਕ ਉਹਨੂੰ ਭੈੜੇ ਲੱਗਦੇ ਹਨ। ਅਖ਼ਬਾਰਾਂ ਵਿੱਚ ਛਪੀਆਂ ਲਿਖਤਾਂ ਉਹਨੂੰ ਘਟੀਆ ਲੱਗਦੀਆਂ ਹਨ। ਇਹ ਸਭ ਕੁਝ ਉਹਨੂੰ ਫਜ਼ੂਲ ਜਾਪਦਾ ਹੈ ਪਰ ਦਿਲਚਸਪ ਗੱਲ ਇਹ ਹੈ ਕਿ ਰੋਜ਼ੀ-ਰੋਟੀ ਲਈ ਉਹ 'ਹਿੰਦ ਸਮਾਚਾਰ' ਦੀ ਨੌਕਰੀ ਕਰਦਾ ਰਿਹਾ। ਇਕ ਐਸੀ ਅਖ਼ਬਾਰ ਦੀ ਨੌਕਰੀ, ਜਿਸਦੀ ਨਾ ਉਹਨੂੰ ਪਾਲਿਸੀ ਪਸੰਦ ਸੀ, ਨਾ ਮਾਹੌਲ, ਨਾ ਮਾਲਕ। ਉਹ ਸਾਰਾ ਸਮਾਂ ਖਿਝਦਾ ਰਹਿੰਦਾ। ਕ੍ਰਿਝਦਾ ਰਹਿੰਦਾ। ਅੰਦਰੇ-ਅੰਦਰ ਰਿੱਝਦਾ ਰਹਿੰਦਾ। ਉੱਬਲਦਾ ਰਹਿੰਦਾ। ਉਹਦੇ ਕੰਢੇ ਸੜਦੇ ਰਹਿੰਦੇ, ਲੋਹਾ ਢਲਦਾ ਰਹਿੰਦਾ। ਉਹ ਆਪਣੀ ਇਸ ਨਫ਼ਰਤ ਨੂੰ ਲੁਕਾਉਂਦਾ ਨਹੀਂ ਸੀ, ਕੱਢਦਾ ਰਹਿੰਦਾ ਸੀ। ਬੀੜੀ ਪੀਂਦਾ ਰਹਿੰਦਾ ਸੀ, ਧੂੰਆਂ ਛੱਡਣਾ ਰਹਿੰਦਾ ਸੀ।

'ਹਿੰਦ ਸਮਾਚਾਰ' ਵਾਲਿਆਂ ਨੇ ਜਦੋਂ ਪੰਜਾਬੀ ਵਿੱਚ 'ਜੱਗਬਾਣੀ' ਸ਼ੁਰੂ ਕੀਤੀ ਤਾਂ ਸ਼ੁਰੂ-ਸ਼ੁਰੂ ਵਿੱਚ ਉਹਦਾ ਚਾਰਜ ਪ੍ਰੇਮ ਪ੍ਰਕਾਸ਼ ਕੋਲ ਸੀ। ਅਸੀਂ ਸਮਝ ਰਹੇ ਸਾਂ ਕਿ ਵੱਖਰੀ ਅਖ਼ਬਾਰ ਦਾ ਇੰਚਾਰਜ ਬਣ ਕੇ ਉਹਨੂੰ ਸੁਖ ਦਾ ਸਾਹ ਆਏਗਾ। ਥੋੜ੍ਹੀ ਜਿਹੀ ਆਜ਼ਾਦੀ ਮਹਿਸੂਸ ਕਰੇਗਾ ਅਤੇ ਬਹਾਨੇ ਨਾਲ ਪੰਜਾਬੀ ਸਾਹਿਤ ਦੀ ਅਖ਼ਬਾਰੀ ਸੇਵਾ ਦੇ ਨਾਲ-ਨਾਲ ਲੋੜਵੰਦ ਲੇਖਕਾਂ ਦੀ ਧਿਰ ਵੀ ਬਣੇਗਾ। ਉਹਨੀਂ ਦਿਨੀਂ ਪ੍ਰਮਿੰਦਰਜੀਤ ਲਈ ਯਾਰ ਫ਼ਿਕਰਮੰਦ ਸਨ। 'ਲੋਅ' ਬੰਦ ਹੋ ਗਈ ਸੀ। ਪ੍ਰਮਿੰਦਰਜੀਤ ਵਿਹਲਾ ਸੀ। ਮੇਰੀ ਡਿਊਟੀ ਲੱਗੀ ਕਿ ਪ੍ਰੇਮ ਨੂੰ ਕਹਾਂ ਕਿ ਇਹਨੂੰ 'ਜੱਗਬਾਣੀ' ਵਿੱਚ ਐਡਜਸਟ ਕਰ ਲਏ। ਮੈਂ ਗਿਆ। ਸਿਫ਼ਾਰਸ਼ ਪੂਰੇ ਜ਼ੋਰ ਨਾਲ ਕੀਤੀ। ਪ੍ਰੇਮ ਦੀ ਦਲੀਲ ਸੀ, "ਮੈਂ ਪ੍ਰਮਿੰਦਰਜੀਤ ਨੂੰ ਤੇਰੇ ਤੋਂ ਵੱਧ ਜਾਣਦਾਂ। ਇਹ ਕਵੀ ਲੋਕ ਨਿੱਠ ਕੇ ਕੰਮ ਨਹੀਂ ਕਰ ਸਕਦੇ। ਅਖ਼ਬਾਰ ਦਾ ਕੰਮ ਰੋਜ਼ ਦਾ ਰੋਜ਼ ਮੁਕਾਉਣਾ ਪੈਂਦੈ। ਮੈਂ ਨਵੇਂ ਜ਼ਮਾਨੇ ਵਾਲਿਆਂ ਨੂੰ ਫ਼ੋਨ ਕਰ ਦੇਨਾਂ। ਤੂੰ ਪ੍ਰਮਿੰਦਰਜੀਤ ਨੂੰ ਕਹੁ ਕਿ ਨਵੇਂ ਜ਼ਮਾਨੇ ਵਿੱਚ ਇੱਕ ਮਹੀਨਾ ਕੰਮ ਕਰੇ। ਜੇ ਉਹ ਇਕ ਮਹੀਨਾ ਤਸੱਲੀਬਖ਼ਸ਼ ਢੰਗ ਨਾਲ ਟਪਾ ਗਿਆ ਤਾਂ ਮੈਂ ਉਹਨੂੰ ਏਥੇ ਰੱਖਵਾ ਦਿਆਂਗਾ। ਪਰ ਉਹਨੇ ਦੋ ਦਿਨ ਨਹੀਂ ਟਿਕਣਾ। ਹਾਂ....ਯੈੱਸ।" ਉਹਦੇ ਇਸ ਰਵੱਈਏ ਕਾਰਨ ਪ੍ਰਮਿੰਦਰਜੀਤ ਅਖ਼ਬਾਰ ਤੋਂ ਬਚ ਗਿਆ ਪਰ ਪ੍ਰੇਮ ਪ੍ਰਕਾਸ਼ ਦੀ ਕਵੀਆਂ ਬਾਰੇ ਰਾਏ ਵਿੱਚ ਅਜੇ ਵੀ ਕੋਈ ਤਬਦੀਲੀ ਨਹੀਂ ਆਈ।

ਪ੍ਰੇਮ ਪ੍ਰਕਿਰਤੀ ਦੇ ਤਿੰਨਾਂ ਗੁਣਾਂ ਦਾ ਸੁੰਦਰ ਸੁਮੇਲ ਹੈ। ਇਹਨਾਂ ਗੁਣਾਂ ਦੀ ਅਨੁਪਾਤ ਅਤੇ ਤਰਤੀਬ ਆਪ-ਮੁਹਾਰੀ ਬਦਲਦੀ ਰਹਿੰਦੀ ਹੈ। ਅੱਜਕਲ੍ਹ ਉਹਦਾ ਪਹਿਰਾਵਾ ਤੇ ਖਾਣ-ਪਾਨ ਸਤੋਗੁਣੀ ਹੈ, ਕਿਰਿਆ ਰਜੋਗੁਣੀ ਹੈ ਅਤੇ ਸੋਚ ਤਮੋਗੁਣੀ। ਪੁਰਾਣਿਕ ਕਸੌਟੀ 'ਤੇ ਪਰਖੀਏ ਤਾਂ ਉਸ ਉੱਤੇ ਕ੍ਰਿਸ਼ਣ ਤੱਤ ਭਾਰੂ ਹੈ। ਰਾਧਾ ਤੱਤ ਦੇ ਨਾਲ-ਨਾਲ ਰੁਕਮਣੀ ਅਤੇ ਮੀਰਾ ਵੀ ਉਹਦੀ ਮਜਬੂਰੀ ਹੈ।



ਵਿਆਸ ਤੱਤ ਉਹਨੂੰ ਤੜਫਣੀ ਲਾਈ ਰੱਖਦਾ ਹੈ। ਪ੍ਰੇਮ ਆਪਣੇ ਸੰਸਕਾਰਾਂ ਉੱਤੇ ਰਹੱਸ ਦੀ ਚਾਦਰ ਵਿਛਾਈ ਰੱਖਦਾ ਹੈ। ਪਾਠਕ ਦੀ ਉਤਸੁਕਤਾ ਬਣਾਈ ਰੱਖਦਾ ਹੈ। ਥੋੜ੍ਹੀ ਜਿਹੀ ਗੱਲ ਦੱਸਦਾ ਹੈ, ਬਹੁਤੀ ਲੁਕਾਈ ਰੱਖਦਾ ਹੈ। ਸਾਕਸ਼ੀ ਤੱਤ ਦਾ ਉਹਨੂੰ ਪਤਾ ਹੈ ਪਰ ਉਹ ਅਜੇ ਐਕਟੀਵੇਟ ਨਹੀਂ ਹੋਇਆ।

ਉਹ ਆਪਣੇ ਧਨੁਸ਼ ਦੀ ਡੋਰੀ ਨੂੰ ਪੂਰੇ ਤਾਣ ਨਾਲ ਆਪਣੇ ਵੱਲ ਖਿੱਚਦਾ ਹੈ ਅਤੇ ਟੁੱਟਣ ਦੀ ਹੱਦ ਤੱਕ ਪਿਛੇ ਵੱਲ ਲਿਜਾਂਦਾ ਹੈ। ਆਪਣੀ ਵਿਧਾਇਕ ਤੇ ਵਿਨਾਸ਼ਕ ਸ਼ਕਤੀ ਨੂੰ ਰਚਨਾ ਦਾ ਧੁਰਾ ਬਣਾਉਂਦਾ ਹੈ। ਉਹ ਬਾਣ ਛੱਡਦਾ ਨਹੀਂ, ਉਹਦੇ ਤੋਂ ਛੁੱਟ ਜਾਂਦਾ ਹੈ। ਉਹਦਾ ਇਹ ਕ੍ਰਿਸ਼ਮਾ ਝੰਡਾ ਗੱਡ ਜਾਂਦਾ ਹੈ, ਝੰਡੀਆਂ ਪੁੱਟ ਜਾਂਦਾ ਹੈ। ਉਹ ਇਹ ਕਾਰਨਾਮਾ ਬਹੁਤ ਪਛੜ ਕੇ ਕਰਦਾ ਹੈ ਪਰ ਬਹੁਤਿਆਂ ਨੂੰ ਪਛਾੜ ਕੇ ਸੁੱਟ ਜਾਂਦਾ ਹੈ। ਬੱਸ, ਏਨੇ ਨਾਲ ਉਹਦੀ ਤਸੱਲੀ ਹੋ ਜਾਂਦੀ ਹੈ। ਇਹ ਕਰਮ ਉਹ ਕੇਵਲ ਕਰਦਾ ਹੀ ਨਹੀਂ, ਕਰਕੇ ਵਿਖਾਉਂਦਾ ਵੀ ਹੈ।

ਉਹ ਕਰਮਸ਼ੀਲ ਹੈ। ਸਾਕਾਮ ਕਰਮ ਕਰਦਾ ਹੈ। ਫਲ ਦੀ ਭਰਪੂਰ ਇੱਛਾ ਰੱਖਦਾ ਹੈ। ਇੱਛਾ ਛੇਤੀ ਪੂਰੀ ਨਾ ਹੋਏ ਤਾਂ ਕਰੋਧ ਵਿੱਚ ਆਉਂਦਾ ਹੈ। ਕਰੋਧ ਕਾਮ ਨੂੰ ਭੜਕਾਉਂਦਾ ਹੈ। ਕਾਮ ਨੂੰ ਉਹ ਆਪਣੀ ਸਿਰਜਣਾ ਦੀ ਸ਼ਕਤੀ ਬਣਾਉਂਦਾ ਹੈ। ਇਸ ਸ਼ਕਤੀ ਨੂੰ ਵਧਾਈ ਜਾਣ ਦਾ ਲੋਭ ਜਗਾਉਂਦਾ ਹੈ। ਆਪਣੀ ਇਸ ਪ੍ਰਾਪਤੀ 'ਤੇ ਉਸਨੂੰ ਅੰਤਾਂ ਦਾ ਮੋਹ ਆਉਂਦਾ ਹੈ। ਉਹਦੇ ਅੰਦਰ ਹੰਕਾਰ ਦੇਵਤਾ ਦਨਦਨਾਉਂਦਾ ਹੈ। ਇਹ ਜੋ ਪੰਜ ਵਿਕਾਰ ਹਨ। ਪ੍ਰੇਮ ਦੇ ਯਾਰ ਹਨ। ਉਹਦੀ ਸ਼ੈਲੀ ਦਾ ਸ਼ਿੰਗਾਰ ਹਨ।

ਪ੍ਰੇਮ ਆਪਣੀ ਕਹਾਣੀ ਸਿਰਜਣ ਲਈ ਦੂਸਰਿਆਂ ਦੇ ਆਲ੍ਹਣੇ ਤੀਲਾ ਤੀਲਾ ਕਰਦਾ ਹੈ। ਆਪਣੀ ਹਿੰਡ ਪੁਗਾਉਣ ਲਈ ਹਰ ਹੀਲਾ-ਵਸੀਲਾ ਕਰਦਾ ਹੈ। ਕਦੇ ਕਦੇ ਲੱਗਦਾ ਹੈ ਕਿ ਉਹ ਕੁਝ ਵੀ ਨਹੀਂ ਕਰਦਾ, ਸਿਰਫ਼ ਲੀਲਾ ਕਰਦਾ ਹੈ।

ਪ੍ਰੇਮ ਪੰਜਾਬੀ ਗਲਪ ਵਿੱਚ ਸਨਾਤਨੀ ਸੰਸਕਾਰਾਂ ਦਾ ਪਰਵਰਤਕ ਹੀ ਨਹੀਂ ਸਗੋਂ ਆਪਣੀਆਂ ਕਹਾਣੀਆਂ ਦੇ ਇਵਜ਼ ਵਿੱਚ ਚਹੁੰਆਂ ਸਨਾਤਨੀ ਪਦਾਰਥਾਂ ਦੀ ਤਵੱਕੋ ਵੀ ਰੱਖਦਾ ਹੈ। ਕਹਾਣੀ ਨੂੰ ਉਹਨੇ 'ਧਰਮ' ਵਾਂਗ ਧਾਰਨ ਕੀਤਾ ਹੋਇਆ ਹੈ। 'ਅਰਥ' ਉਹਦੇ ਲਈ ਸਭ ਤੋਂ ਵੱਧ ਅਰਥ ਰੱਖਦਾ ਹੈ। ਉਹ ਕਿਸੇ ਨੂੰ ਕੁਝ ਵੀ ਮੁਫ਼ਤ ਛਪਣ ਲਈ ਨਹੀਂ ਦੇਂਦਾ। ਹਰ ਲਿਖਤ ਦਾ ਵੱਧ ਤੋਂ ਵੱਧ ਮੁੱਲ ਵੱਟਦਾ ਹੈ। 'ਕਾਮ' ਬਾਰੇ ਤਾਂ ਕੁਝ ਕਹਿਣ ਦੀ ਲੋੜ ਹੀ ਨਹੀਂ ਜਾਪਦੀ। ਅਰਥ ਨਾਲ ਉਹਦੀਆਂ ਕਾਮਨਾਵਾਂ ਦੀ ਪੂਰਤੀ ਹੁੰਦੀ ਹੈ ਪਰੰਤੂ ਸ਼ਬਦਾਂ ਨਾਲ ਵੀ ਉਹ ਕਾਮ ਦਾ ਸਵਛੰਦ ਆਨੰਦ ਲੈਂਦਾ ਹੈ। 'ਮੋਕਸ਼' ਦੀ ਗਵਾਹੀ 'ਮੁਕਤੀ' ਤੋਂ ਮਿਲਦੀ ਹੈ। ਉਂਝ ਵਿਚਲੀ ਗੱਲ ਇਹ ਹੈ ਕਿ ਉਹ ਮੋਕਸ਼ ਦੀਆਂ ਕੇਵਲ ਗੱਲਾਂ ਹੀ ਕਰਨਾ ਚਾਹੁੰਦਾ ਹੈ, ਮੋਕਸ਼-ਪ੍ਰਾਪਤੀ ਦੀ ਉਹਨੂੰ ਕੋਈ ਕਾਹਲ ਨਹੀਂ। ਕਹਾਣੀ ਨਾਲ ਉਹਨੂੰ ਇਸ ਕਦਰ ਮੋਹ ਹੈ ਕਿ ਇਸ ਤੋਂ ਮੁਕਤ ਹੋਣ ਲਈ ਉਹਨੂੰ ਇਕ ਦੋ ਜਨਮ ਹੋਰ ਲੈਣੇ ਪੈਣਗੇ। ਲੱਗਦਾ ਤਾਂ ਇਹ ਵੀ ਹੈ ਕਿ ਪਿਛਲੇ ਜਨਮ ਵਿੱਚ ਕਾਮ-ਅਤ੍ਰਿਪਤੀ ਸਦਕਾ ਹੀ ਉਹਨੂੰ ਪ੍ਰੇਮ-ਪ੍ਰਕਾਸ਼ ਦੀ ਜੂਨੇ ਪੈਣਾ ਪਿਆ ਹੈ। 'ਯੋਗ' ਅਤੇ 'ਭੋਗ' ਦਾ ਇੱਕੋ ਜਾਮੇ ਵਿੱਚ ਪ੍ਰਗਟ ਹੋਣਾ ਵੀ ਅਦਭੁਤ ਲੀਲਾ ਹੈ।

ਕਦੀ ਕਦੀ ਲੱਗਦਾ ਹੈ ਕਿ ਪ੍ਰੇਮ ਆਪਣੇ ਜੀਂਦੇ ਜੀ ਸਾਰੀਆਂ ਹੱਦਾਂ ਤੋੜ ਕੇ ਵੇਖਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਉਹ ਹਰ ਵਰਤਾਰੇ ਨੂੰ ਆਪਣੇ ਤੱਕ ਘਟਾ ਕੇ ਵੇਖੇ। ਹਰ ਸੰਕਲਪ ਨੂੰ ਠੋਕ ਵਜਾ ਕੇ ਵੇਖੇ। ਉਹ ਜਾਣ ਬੁੱਝ ਕੇ ਕੋਈ ਪੁੱਠਾ ਕੰਮ ਕਰਦਾ ਹੈ ਅਤੇ ਫਿਰ ਲੋਕਾਂ ਦੀ ਪ੍ਰਤਿਕਿਰਿਆ ਵਾਚਦਾ ਹੈ। ਵਰਜਿਤ ਖੇਤਰਾਂ ਦੀਆਂ ਸਰ੍ਹੇਆਮ ਗੱਲਾਂ ਕਰਨਾ ਅਤੇ ਜਾਤ-ਪਾਤ ਨੂੰ ਗੇਂਦ ਵਾਂਗ ਉਛਾਲਣਾ ਵੀ ਉਹਦੀ ਇਸ ਖੇਡ ਵਿੱਚ ਸ਼ਾਮਿਲ ਹੈ। ਬੰਦੇ ਦੇ ਅੰਦਰ ਲੁਕੀਆਂ ਚੀਜ਼ਾਂ ਨੂੰ ਉਹ ਬੇਪਰਦ

ਕਰਨਾ ਚਾਹੁੰਦਾ ਹੈ। ਫਰਾਇਡ ਦੇ ਫਾਰਮੂਲੇ ਨੂੰ ਪੰਜਾਬੀ ਸਮਾਜ ਉੱਤੇ ਲਾਗੂ ਕਰਕੇ ਉਹ ਸਿੱਧ ਕਰਨਾ ਚਾਹੁੰਦਾ ਹੈ ਕਿ ਬਾਹਰੋਂ ਬਾਹਰੋਂ ਜਿਹੜੇ ਭੱਦਰ ਪੁਰਸ਼ ਬਹੁਤ ਹੀ ਸਾਊ ਹੋਣ ਦਾ ਭਰਮ ਸਿਰਜ ਰਹੇ ਹਨ, ਅੰਦਰੋਂ 'ਮੇਰੇ ਵਰਗੇ ਹੀ ਕਮੀਨੇ' ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਾਰਿਆਂ ਨੂੰ ਆਪਣੇ ਵਰਗਾ ਸਾਬਤ ਕਰਕੇ ਵੀ ਉਹ ਵੱਖਰਾ ਬਣਿਆ ਰਹਿੰਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਖ਼ੁਸ਼ੀਆਂ ਗ਼ਮੀਆਂ ਵੀ ਆਪਣੀ ਕਿਸਮ ਦੀਆਂ ਹਨ। ਉਸਨੂੰ ਹਿਰਖ ਹੈ ਕਿ ਦਿਲਜੀਤ ਸਿੰਘ ਨੇ 'ਦੁੱਕੀ ਤਿੱਕੀ ਪੰਜੀ' ਨਾਲ ਹੀ ਕਹਾਣੀ ਕਿਉਂ ਮੁਕਾ ਦਿੱਤੀ। ਉਹਨੂੰ ਤਕਲੀਫ ਹੈ ਕਿ ਪਟਿਆਲੇ ਵਾਲਾ ਲਾਲੀ ਐਵੇਂ ਗੱਲੀਂ ਬਾਤੀਂ ਬਾਬਾ ਬਣਿਆ ਫਿਰਦਾ ਹੈ, ਲਿਖਦਾ ਕਿਉਂ ਨਹੀਂ। ਉਹਨੂੰ ਅਫ਼ਸੋਸ ਹੈ ਕਿ ਚਿਰੰਜੀਵ ਲਿਖਣ ਵਾਲੇ ਪਾਸੇ ਕਿਉਂ ਨਹੀਂ ਤੁਰਿਆ। ਉਹ ਨੂੰ ਦੁੱਖ ਹੈ ਕਿ ਉਹਦੀ ਕਹਾਣੀ ਦੀ ਰਗ ਪਛਾਨਣ ਵਾਲਾ ਹਰਿਭਜਨ ਸਿੰਘ ਅਤੇ 'ਕਥਾ ਅਨੰਤ' ਛਾਪਣ ਵਾਲ ਮਿਹਰਬਾਨ ਤੇ ਸੁਹਜ-ਪਸੰਦ ਪਬਲਿਸ਼ਰ ਭਾਪਾ ਪ੍ਰੀਤਮ ਸਿੰਘ ਛੇਤੀ ਕਿਉਂ ਮਰ ਗਿਆ। (ਉਂਞ 'ਭਾਪਾ ਜੀ' ਦੀ ਕਮੀ ਤਾਂ ਲੋਕਗੀਤ ਵਾਲੇ ਹਰੀਸ਼ ਨੇ ਬਹੁਤਾ ਚਿਰ ਮਹਿਸੂਸ ਨਹੀਂ ਹੋਣ ਦਿੱਤੀ, ਹਰਿਭਜਨ ਸਿੰਘ ਦੀ ਘਾਟ ਪੂਰੀ ਹੋਣੀ ਔਖੀ ਹੈ।)

ਪ੍ਰੇਮ ਨੂੰ ਖ਼ੁਸ਼ੀ ਹੈ ਕਿ ਸਰੋਦ ਸੁਦੀਪ ਲਿਖਣ-ਪੜ੍ਹਨ ਦੇ ਨਾਲ-ਨਾਲ ਜੋਤਿਸ਼ ਦੀ ਪ੍ਰੈਕਟਿਸ ਕਰਨ ਲੱਗ ਪਿਆ ਹੈ। ਉਹਨੂੰ ਬਾਹਲੀ ਖ਼ੁਸ਼ੀ ਹੈ ਕਿ 'ਕਿੰਤੂ' ਵਾਲਾ ਸੀ. ਮਾਰਕੰਡਾ ਹੁਣ ਆਰੀਆ ਪ੍ਰਤੀਨਿਧੀ ਸਭਾ ਪੰਜਾਬ ਦਾ ਕੋਈ ਵੱਡਾ ਅਹੁਦੇਦਾਰ ਬਣ ਗਿਆ ਹੈ। ਉਦੋਂ ਉਹਨੂੰ ਸੁਖ ਦਾ ਸਾਹ ਆਇਆ ਸੀ ਜਦੋਂ ਜਸਵੰਤ ਸਿੰਘ ਵਿਰਦੀ ਕਹਾਣੀਆਂ ਛੱਡ ਕੇ ਨਦੀਆਂ ਤੇ ਬੀਬੀਆਂ ਬਾਰੇ ਲਿਖਣ ਲੱਗ ਪਿਆ ਸੀ। ਉਸਨੂੰ ਸੰਤੁਸ਼ਟੀ ਹੈ ਕਿ 'ਸਿਰਜਣਾ' ਵਾਲਾ ਰਘਬੀਰ ਸਿੰਘ ਹੁਣ ਪ੍ਰਗਤੀਵਾਦ ਦਾ ਬੁਲਾਰਾ ਨਹੀਂ ਰਿਹਾ।

ਉਸਨੂੰ ਖਿਝ ਚੜ੍ਹਦੀ ਹੈ ਕਿ ਭੰਡਾਰੀ ਆਪਣੀ ਗੱਲ ਕਰਨ ਦੀ ਥਾਂ ਮੰਟੋ, ਬੇਦੀ ਜਾਂ ਦਾਸਤੋਵਾਸਕੀ ਨੂੰ ਕੋਟ ਕਿਉਂ ਕਰਨ ਲੱਗ ਪੈਂਦਾ ਹੈ। ਉਸਨੂੰ ਵੱਟ ਚੜ੍ਹਦਾ ਹੈ ਕਿ ਦੂਰਦਰਸ਼ਨ ਵਾਲੇ ਉਸ ਮੁੱਛਲ ਜਹੇ ਕਹਾਣੀਕਾਰ ਨੂੰ ਘੜੀ ਮੁੜੀ ਕਿਉਂ ਬੁਲਾਉਂਦੇ ਹਨ। ਉਸਨੂੰ ਸਮਝ ਨਹੀਂ ਆਉਂਦੀ ਕਿ ਜਾਪਾਨ ਵਾਲਾ ਪਰਮਿੰਦਰ ਸੋਢੀ ਆਪਣੀ ਮਾਇਆ 'ਕੁਪਾਤਰਾਂ' ਨੂੰ ਕਿਉਂ ਵੰਡੀ ਜਾ ਰਿਹਾ ਹੈ। ਉਸਨੂੰ ਦਰਦ ਹੈ ਕਿ ਪ੍ਰੀਤਮ ਅਤੇ ਲਾਲ ਸਿੰਘ ਦਿਲ ਨੂੰ ਲਿਖਣ ਲਈ ਸਾਜ਼ਗਾਰ ਹਾਲਾਤ ਕਿਉਂ ਨਹੀਂ ਮਿਲੇ।

ਉਹਦੀ ਤਮੰਨਾ ਹੈ ਕਿ ਸੁਰਜੀਤ ਹਾਂਸ ਦੀ ਵਿਦਵਤਾ ਦੀ ਗੱਲ ਚੱਲੇ। ਉਹਦੀ ਇੱਛਾ ਹੈ ਕਿ ਜਸਵੰਤ ਦੀਦ ਨੂੰ ਅਕਾਦਮੀ ਐਵਾਰਡ ਮਿਲੇ। ਉਹਦਾ ਜੀ ਕਰਦਾ ਹੈ ਕਿ ਸੁਰਜੀਤ ਕੌਰ ਦੀ ਕਲਾ ਹੋਰ ਵੀ ਖੁੱਲ੍ਹ ਕੇ ਪ੍ਰਗਟ ਹੋਏ। ਉਹਦਾ ਸੁਪਨਾ ਹੈ ਕਿ ਲੇਖਕ ਜਿਵੇਂ ਚਾਹੁਣ ਉਵੇਂ ਸੋਚਣ। ਜਿਵੇਂ ਸੋਚਣ ਉਵੇਂ ਕਰਨ। ਮਨ ਦੀ ਗੱਲ ਖੁੱਲ੍ਹ ਕੇ ਕਹਿਣ। ਉਹ ਕਹਿੰਦਾ ਹੈ ਕਿ ਚਿੱਤਰਕਾਰ ਸੁਰਜੀਤ ਕੌਰ ਤੋਂ ਉਹਨੂੰ ਪ੍ਰੇਰਨਾ ਮਿਲਦੀ ਹੈ ਪਰ ਮੈਨੂੰ ਉਹਦੇ 'ਚੋਂ ਐਮ. ਐਫ਼. ਹੁਸੈਨ ਦਾ ਘੋੜਾ ਹਿਣਕਦਾ ਸੁਣਾਈ ਦੇਂਦਾ ਹੈ। ਉਹ ਕਹਿੰਦਾ ਹੈ ਕਿ ਉਰਦੂ ਵਾਲਾ ਮੰਟੋ ਅਤੇ ਰੂਸ ਵਾਲਾ ਸ਼ੋਲੋਖ਼ੋਫ਼ ਉਸਨੂੰ ਸਿਰਜਣਾ ਵਿੱਚ ਸਹਾਈ ਹੁੰਦੇ ਹਨ ਪਰੰਤੂ ਮੈਨੂੰ ਉਹ ਪੂਰੀ ਤਰ੍ਹਾਂ ਵੇਦ ਵਿਆਸ ਦੀ ਪਕੜ ਵਿੱਚ ਜਕੜਿਆ ਵਿਖਾਈ ਦੇਂਦਾ ਹੈ। ਏਸੇ ਪਕੜ-ਜਕੜ ਨੂੰ ਉਹ ਸ਼ਾਇਦ 'ਆਪਣਾ ਬੰਨ੍ਹਣ' ਕਹਿੰਦਾ ਹੈ ਅਤੇ ਉਸਨੂੰ ਉਡੀਕ ਹੈ ਕਿ 'ਉਹ ਆਪਣੇ ਬੰਨ੍ਹਣ ਤੋਂ ਕਦੋਂ ਮੁਕਤ ਹੁੰਦਾ ਹੈ।' ਉਸਦੀ ਸੋਚ ਹੈ ਕਿ 'ਇਹ ਮੁਕਤੀ ਮਿਲਣ 'ਤੇ ਹੀ ਸੁਤੰਤਰਤਾ ਨਾਲ ਉਹ ਕੁਝ ਲਿਖ ਸਕੇਗਾ।' ਪਤਾ ਨਹੀਂ ਉਹ ਹੋਰ ਕਿਹੋ ਜਿਹੀ ਭਿਆਨਕ ਸੁਤੰਤਰਤਾ ਦਾ ਇੱਛੁਕ ਹੈ।



ਉਹ ਕਹਿੰਦਾ ਹੈ ਕਿ ਉਹਨੂੰ ਗੁਲਸ਼ਨ ਨੰਦਾ ਅਤੇ ਦੇਵਕੀ ਨੰਦਨ ਖੱਤਰੀ ਦੀਆਂ ਲਿਖਤਾਂ ਇਸ ਗੱਲੋਂ ਅਹਿਮ ਲੱਗਦੀਆਂ ਹਨ ਕਿ ਉਹ ਪੁਰਾਣੇ ਪਾਠਕਾਂ ਨੂੰ ਜੋੜੀ ਰੱਖਣ ਦੇ ਨਾਲ-ਨਾਲ ਨਵੇਂ ਪਾਠਕ ਵੀ ਪੈਦਾ ਕਰਦੀਆਂ ਹਨ। ਕਿਸੇ ਕਿਤਾਬ ਦੀ ਇਹ ਖ਼ੂਬੀ ਹੋਣੀ ਚਾਹੀਦੀ ਹੈ ਕਿ ਉਹ ਵੱਧ ਛਪੇ, ਵੱਧ ਵਿਕੇ, ਵੱਧ ਪੜ੍ਹੀ ਜਾਏ। ਲੇਖਕ ਨੂੰ ਵੱਧ ਮੁਆਵਜ਼ਾ ਮਿਲੇ। ਗਲਪਕਾਰ ਦੇ ਬਿਆਨ ਵਿੱਚ ਰਸ ਹੋਣਾ ਚਾਹੀਦਾ ਹੈ। ਇਸ ਪੱਖੋਂ ਉਹ ਅਣਖੀ ਦੇ ਨਾਵਲਾਂ ਦਾ ਵੀ ਪ੍ਰਸ਼ੰਸਕ ਹੈ ਕਿ ਉਹ ਕੰਨ-ਰਸ ਦੀ ਖ਼ੂਬੀ ਕਾਰਨ ਵੱਧ ਵਿਕਦੇ ਹਨ। ਸਾਰੇ ਲਿਖੇ ਹੋਏ ਵਰਕੇ ਉਹਦੇ ਲਈ 'ਸਾਹਿਤ' ਨਹੀਂ। ਉਹ ਸਾਹਿਤ ਨੂੰ ਧਰਮ, ਦਰਸ਼ਨ, ਵਿਗਿਆਨ, ਨੀਤੀ ਸ਼ਾਸਤਰ ਆਦਿ ਨਾਲੋਂ ਅਲੱਗ ਕਰਕੇ ਵੇਖਦਾ ਹੈ। ਉਹ ਕਹਿੰਦਾ ਹੈ ਕਿ ਸਾਹਿਤ ਕਲਾ ਹੈ ਅਤੇ "ਕਲਾ ਦਾ ਅਸਲੀ ਜੌਹਰ 'ਰਸ' ਹੈ।" ਰਸ ਹੀ ਉਸਦੀ ਸਫਲਤਾ ਦਾ ਰਹੱਸ ਹੈ। 'ਰਸ' ਦਾ ਹੀ ਅਧਿਆਤਮਕ ਨਾਂ 'ਆਨੰਦ' ਹੈ। 'ਆਨੰਦ' ਬ੍ਰਹਮ ਦਾ ਸਮਾਨਾਰਥੀ ਹੈ, ਸਮਾਨ-ਧਰਮੀ ਹੈ। ਹਰੇਕ ਪ੍ਰਾਣੀ ਆਨੰਦ ਦਾ ਮੁਤਲਾਸ਼ੀ ਹੈ। ਪ੍ਰੇਮ ਨੂੰ ਪਾਠਕ ਦੀ ਇਸ ਕਮਜ਼ੋਰੀ ਦਾ ਸ਼ੁਰੂ ਤੋਂ ਹੀ ਇਲਮ ਹੈ। 'ਕੱਚਕੜੇ' ਦੀ ਕਹਾਣੀ 'ਸ਼ਾਂਤੀ' ਉਸਦੇ ਕਥਾ-ਬਿਰਖ ਦਾ ਬੀਜ ਹੈ। ਉਹੀ ਸ਼ਬਦਾਵਲੀ, ਉਹੀ ਉਤਸੁਕਤਾ, ਉਹੀ ਜਗਿਆਸਾ ਉਸਦੇ ਵਿਰਾਟ ਰਚਨਾ-ਸੰਸਾਰ ਵਿੱਚ ਅੱਜ ਵੀ ਵਿਦਮਾਨ ਹੈ। ਸਿਰਫ਼ ਉਸਦਾ ਵਿਕਾਸ ਹੋਇਆ ਹੈ। ਗਹਿਰਾਈ ਵਧੀ ਹੈ। ਪਾਸਾਰ ਹੋਇਆ ਹੈ। ਉਤਕਰਸ਼ ਹੋਇਆ ਹੈ। ਜਟਿਲਤਾ ਸੰਘਣੀ ਹੋਈ ਹੈ। ਰਸ ਦਾ ਪਰਿਸ਼ਕਾਰ ਹੋਇਆ ਹੈ। ਚਮਤਕਾਰ ਹੋਇਆ ਹੈ।

ਪ੍ਰੇਮ ਕੀ ਕਰਦਾ ਹੈ ?.....ਕਰਨ ਦਿਉ ! ਪ੍ਰੇਮ ਕੀ ਕਹਿੰਦਾ ਹੈ ?....ਕਹਿਣ ਦਿਉ। ਬਾਕੀ ਕੰਮ ਇਤਿਹਾਸਕਾਰਾਂ ਤੇ ਖੋਜੀਆਂ ਲਈ ਰਹਿਣ ਦਿਉ। ਤੁਸੀਂ ਉਹਦੀਆਂ ਕਹਾਣੀਆਂ ਪੜ੍ਹਕੇ ਆਨੰਦ ਲਉ ਤੇ ਉਹਨੂੰ ਕਹਾਣੀਆਂ ਲਿਖਕੇ ਆਨੰਦ ਲੈਣ ਦਿਉ।

ਹੁਣ ਤਾਂ ਪ੍ਰੇਮ ਕੋਲ ਆਪਣਾ ਘਰ ਹੈ। ਆਪਣੇ ਘਰ ਵਿੱਚ ਆਪਣਾ ਕਮਰਾ ਵੀ ਹੈ। ਕਮਰੇ ਦੀ ਸਥਿਤੀ ਅਜਿਹੀ ਹੈ ਕਿ ਉਹ ਉਥੇ ਬੈਠਾ-ਬਿਠਾਇਆ ਬਾਹਰਲੇ ਗੇਟ, ਗੇਟ ਤੋਂ ਪਰੇ ਸੜਕ ਦੀ ਆਮਦੋਰਫ਼ਤ ਅਤੇ ਸੜਕ ਤੋਂ ਪਰੇ ਪਾਰਕ ਦੀਆਂ ਸਰਗਰਮੀਆਂ ਦਾ ਲਗਾਤਾਰ ਜਾਇਜ਼ਾ ਲੈ ਸਕਦਾ ਹੈ। ਜਿੱਥੇ ਹੁਣ ਨਾਲ ਲਗਵੇਂ ਗੁਸਲਖਾਨੇ ਵਾਲਾ ਖੁੱਲ੍ਹਾ ਡੁੱਲ੍ਹਾ ਕਮਰਾ ਹੈ ਏਥੇ ਪਹਿਲਾਂ ਗਊ ਦਾ ਟਿਕਾਣਾ ਸੀ। ਪ੍ਰੇਮ ਦਾ ਕਮਰਾ ਪੌੜੀਆਂ ਚੜ੍ਹਕੇ ਸੀ, ਟੀਨ ਦੀ ਛੱਤ ਵਾਲਾ। ਲਘੂ-ਸ਼ੰਕਾ-ਨਵਿਰਤੀ ਲਈ ਟੀਨ ਦਾ ਕਨਸਤਰ ਰੱਖਿਆ ਹੋਇਆ ਸੀ, ਜਿਸ ਦਾ ਇਸਤੇਮਾਲ ਕਰਨ ਵੇਲੇ ਮੂਤਰ-ਨਾਦ ਦੀ ਦੂਰ ਦੂਰ ਤਕ ਖ਼ਬਰ ਹੋ ਜਾਂਦੀ ਸੀ। ਵਧਦੀ ਉਮਰ ਅਤੇ ਨਿਘਰਦੀ ਸਿਹਤ ਨੂੰ ਧਿਆਨ ਵਿੱਚ ਰੱਖਕੇ ਮੌਜੂਦਾ ਕਮਰਾ ਉਸਾਰਿਆ ਗਿਆ। ਇਹ ਕਮਰਾ ਉਸਦਾ ਸਟੱਡੀ-ਰੂਮ ਹੈ, 'ਲਕੀਰ' ਦਾ ਦਫ਼ਤਰ ਹੈ, ਬੈੱਡ ਰੂਮ ਹੈ, ਜਿੱਥੇ ਟੈਲੀਫੋਨ ਅਤੇ ਕੰਪਿਊਟਰ ਦੀ ਸੇਵਾ ਉਪਲਬਧ ਹੈ। ਲੋੜ ਵੇਲੇ ਮਹਿਮਾਨ ਲਈ ਵਾਧੂ ਮੰਜਾ ਡੱਠ ਜਾਂਦਾ ਹੈ। ਅਦਬੀ ਸੰਗਤ ਦੀ ਪਨਾਹਗਾਹ ਵੀ ਇਹੋ ਹੈ। ਵਧੇਰੇ ਜਾਣਕਾਰੀ ਲਈ ਓਮ ਪ੍ਰਕਾਸ਼ ਪਨਾਹਗੀਰ ਨਾਲ ਸੰਪਰਕ ਸਾਧਿਆ ਜਾ ਸਕਦਾ ਹੈ। ਓਮ ਪ੍ਰਕਾਸ਼ ਪ੍ਰੇਮ ਦਾ ਉਰਦੂ ਵਾਲਾ ਸਾਥੀ ਹੈ ਜਿਸਨੂੰ ਉਹ ਪਿਆਰ ਨਾਲ 'ਮੀਆਂ ਜੀ' ਕਹਿੰਦਾ ਹੈ। ਇਹਨਾਂ ਦੇ ਕਈ ਰਾਜ਼ ਸਾਂਝੇ ਹਨ ਜੋ ਇਹ ਹੋਰ ਕਿਸੇ ਨਾਲ ਸਾਂਝੇ ਨਹੀਂ ਕਰ ਸਕਦੇ। ਮੀਆਂ ਜੀ ਨੂੰ ਪ੍ਰੇਮ ਦੀ ਸੰਗਤ ਅਤੇ ਪ੍ਰੇਰਨਾ ਨੇ ਲੇਖਕ ਬਣਾ ਦਿੱਤਾ ਹੈ। ਸੰਤਾਲੀ ਦੀ ਵੰਡ ਬਾਰੇ ਉਸਦੀ ਲਿਖੀ ਕਿਤਾਬ 'ਪਨਾਹਗੀਰ' ਪੰਜਾਬੀ ਵਿਚ ਇਸ ਵਿਸ਼ੇ 'ਤੇ ਆਪਣੀ ਮਿਸਾਲ ਆਪ ਹੈ। ਆਤਮ-ਕਥਾ ਵਾਲੀ ਸ਼ੈਲੀ ਵਿੱਚ ਲਿਖੀ ਇਸ ਕਿਤਾਬ ਨੂੰ ਮਿਲਿਆ ਹੁੰਗਾਰਾ ਖ਼ੁਦ ਪ੍ਰੇਮ ਪ੍ਰਕਾਸ਼ ਲਈ ਈਰਖਾ ਦਾ ਕਾਰਨ ਬਣਿਆ ਹੋਇਆ ਹੈ। ਈਰਖਾ ਉਹਦੀ ਸ਼ਕਤੀ ਹੈ। ਇਹਦੇ ਨਾਲ ਮੁਕਾਬਲੇ ਦੀ ਭਾਵਨਾ ਜਾਗਦੀ ਹੈ। ਇਸ ਭਾਵਨਾ ਨਾਲ ਉਹਦੀ ਸਰਗਰਮੀ

ਤੇਜ਼ ਹੁੰਦੀ ਹੈ। ਇੰਜ ਉਸਦਾ ਮਨ ਚੁਸਤ ਅਤੇ ਤਨ ਦਰੁਸਤ ਰਹਿੰਦਾ ਹੈ। ਉਹ ਘਿਰਿਆ ਰਹਿੰਦਾ ਹੈ ਪਰ ਭੀੜ ਦਾ ਹਿੱਸਾ ਨਹੀਂ ਬਣਦਾ। ਉਹ ਦੌੜਦਾ ਰਹਿੰਦਾ ਹੈ ਪਰ ਦੌੜ ਵਿੱਚ ਸ਼ਾਮਿਲ ਨਹੀਂ ਹੁੰਦਾ। ਉਰਦੂ ਦਾ ਪਿਛੋਕੜ, ਭਾਰਤੀ ਦਰਸ਼ਨ ਦੀ ਸਮਝ, ਪੁਰਾਣਿਕ ਅਧਿਐਨ, ਮਾਰਕਸਵਾਦੀ ਅਨੁਭਵ ਅਤੇ ਜਿਉਂਦੀ ਜਾਗਦੀ ਜਗਿਆਸਾ ਪ੍ਰੇਮ ਦੀ ਲਿਖਤ ਨੂੰ ਕਈ ਵੱਖਰੇ ਤੇ ਨਵੇਂ ਆਯਾਮ ਪ੍ਰਦਾਨ ਕਰਦੇ ਹਨ। ਲਿਖਣ ਦੇ ਇਸ ਪੜਾਅ 'ਤੇ ਉਹ ਏਨਾ ਸਹਿਜ ਹੋ ਗਿਆ ਹੈ ਕਿ ਉਸ ਨਾਲ ਈਰਖਾ ਹੋਣੀ ਕੁਦਰਤੀ ਹੈ। ਕੁਦਰਤ ਨੂੰ ਏਹੀ ਮਨਜ਼ੂਰ ਹੈ।

******

ਹੁਣ ਮੈਂ ਦੋ ਪ੍ਰਸੰਗਾਂ ਦੀ ਵਿਆਖਿਆ ਕਰਨ ਦੀ ਖੁੱਲ੍ਹ ਲੈ ਰਿਹਾ ਹਾਂ।

**॥ ਪ੍ਰਸੰਗ ਪਹਿਲਾ ॥**

ਸਾਲ 1985 ਵਿੱਚ ਆਪਣੇ ਅਖ਼ਬਾਰੀ ਕਾਲਮ ਵਿੱਚ ਮੈਂ ਚਾਰ ਸਤਰਾਂ ਲਿਖੀਆਂ ਸਨ :

ਜਦੋਂ ਜੜ੍ਹਾਂ ਦੀ ਸਾਨੂੰ ਪਛਾਣ ਭੁੱਲੀ,
ਹੋਇਆ ਸਮਝ ਲਉ ਫੇਰ ਵਿਨਾਸ਼ ਸਾਡਾ।
ਡਿਸਕੋ ਜਾਣਦੇ ਹਾਂ ਪਰ ਨਾ ਪਤਾ ਸਾਨੂੰ,
ਕਿਹੜਾ ਕਵੀ ਕਿਹੜਾ ਬੁਤ-ਤਰਾਸ਼ ਸਾਡਾ।
ਰੱਖੋ ਪੈਰ ਜ਼ਮੀਨ 'ਤੇ, ਨਿਗ੍ਹਾ ਚੁੱਕੋ :
ਵੇਖੋ ਕਿੰਨਾ ਵਿਸ਼ਾਲ ਆਕਾਸ਼ ਸਾਡਾ!
ਸਾਡਾ ਅੱਧਾ ਆਕਾਸ਼ ਵਰਿਆਮ ਸੰਧੂ,
ਬਾਕੀ ਅੱਧਾ ਹੈ ਪ੍ਰੇਮ ਪ੍ਰਕਾਸ਼ ਸਾਡਾ!!

ਨਾਵਾਂ ਵਾਲੀ ਸਤਰ ਨੂੰ ਲੈ ਕੇ ਪੰਜਾਬੀ ਕਥਾ-ਜਗਤ ਵਿੱਚ ਤੂਫਾਨ ਖੜ੍ਹਾ ਹੋ ਗਿਆ ਸੀ। ਚੰਗੇ ਚੰਗੇ ਕਹਾਣੀਕਾਰ ਅਤੇ ਉਹਨਾਂ ਦੇ ਜੋਟੀਦਾਰ ਬਚਾਅ ਵਾਲੀ ਭੂਮਿਕਾ ਵਿੱਚ ਬਿਆਨ ਦਾਗ ਰਹੇ ਸਨ। 'ਸਮਰੱਥ' ਕਥਾਕਾਰਾਂ ਦੇ ਨਿਉਂਦਰੇ ਵਾਂਗ ਨਾਂ ਗਿਣਾ ਰਹੇ ਸਨ। ਗਿੱਚੀਆਂ ਤੋਂ ਫੜ ਫੜ ਕੇ ਉਹਨਾਂ ਦੇ ਚਿਹਰੇ ਵਿਖਾ ਰਹੇ ਸਨ। ਉਹਨਾਂ ਨੂੰ ਅਚਾਨਕ ਪਤਾ ਲੱਗਾ ਸੀ ਕਿ ਇਹਨਾਂ ਦੋ ਜਣਿਆਂ ਨੇ ਹੀ ਪੂਰੇ ਕਥਾ-ਆਕਾਸ਼ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਭੂਸ਼ਨ ਧਿਆਨਪੁਰੀ ਨੇ ਸਰਕਾਰੀ ਕਾਗਜ਼ਾਂ ਵਿੱਚ ਇਹਨਾਂ ਦੋਹਾਂ ਦੇ ਨਾਂ ਪੱਕੀ ਇੰਤਕਾਲ ਕਰ ਦਿੱਤੀ ਹੈ। ਹੁਣ ਤਕ ਵੀ ਕਦੇ ਕਦੇ ਕਿਸੇ ਕਿਸੇ ਦੀ ਸੁੱਤੀ ਪੀੜ ਜਾਗ ਪੈਂਦੀ ਹੈ।

ਅੱਜ ਮੈਂ ਜਨ-ਹਿਤ ਵਿੱਚ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਉਪਰਲੀ 'ਤੁਕ-ਬੰਦੀ' ਵਿਚਲੀਆਂ ਸਤਰਾਂ ਧਿਆਨ ਨਾਲ ਪੜ੍ਹੋ। ਵਾਚੋ। ਸੋਚੋ। ਇਹ ਕੋਈ ਪ੍ਰਮਾਣ ਪੱਤਰ ਨਹੀਂ, ਵਿਅੰਗ ਉਕਤੀ ਹੈ। ਉਦੋਂ ਵੀ ਕਹਾਣੀ ਦੇ ਨਾਂ 'ਤੇ ਇਹ ਦੋ ਨਾਂ ਹੀ ਗੂੰਜਦੇ ਸਨ। ਗੋਸ਼ਟੀਆਂ-ਸੈਮੀਨਾਰਾਂ ਵਿੱਚ ਵੀ ਇਹਨਾਂ ਦਾ ਹੀ ਬੋਲਬਾਲਾ ਸੀ। ਬਾਕੀ ਦੇ ਕਥਾ-ਦ੍ਰਿਸ਼ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਸੀ। ਬਾਰੀ ਵਿਚਲੇ ਆਕਾਸ਼ ਦੀ ਥਾਂ ਮੈਂ ਪੂਰਾ ਆਕਾਸ਼ ਵੇਖਣ ਦੀ ਦੁਹਾਈ ਦਿੱਤੀ ਸੀ। ਪਰ ਜਿਨ੍ਹਾਂ ਦੇ ਹੱਕ ਵਿੱਚ ਮੈਂ ਹਾਅ ਦਾ ਨਾਅਰਾ ਮਾਰਿਆ ਸੀ, ਉਹਨਾਂ ਨੇ ਹੀ ਦੁਹਾਈ ਮਚਾ ਦਿੱਤੀ ਅਤੇ ਇਸ ਬਿਆਨ ਉਤੇ ਪ੍ਰਮਾਣਿਕਤਾ ਦੀ ਮੋਹਰ ਲਾ ਦਿੱਤੀ।

**॥ ਪ੍ਰਸੰਗ ਦੂਸਰਾ ॥**

ਕਈ ਵਾਰ ਹਲਕੇ-ਫੁਲਕੇ ਰੰਗ ਵਿੱਚ ਕਹੀ ਹੋਈ 'ਗੰਭੀਰ' ਗੱਲ ਵੀ ਵਿਵਾਦ ਦੀ ਜੜ੍ਹ



ਬਣ ਜਾਂਦੀ ਹੈ। ਪੂਰਨ ਸਿੰਘ ਦਾ ਸਾਰਾ ਪੰਜਾਬ ਗੁਰਾਂ ਦੇ ਨਾਮ 'ਤੇ ਜੀਂਦਾ ਹੈ ਪਰੰਤੂ ਫੇਰ ਵੀ ਕਦੇ ਕਦੇ ਪੰਜਾਬੀਆਂ ਅੰਦਰੋਂ ਹਿੰਦੂ-ਸਿੱਖ ਸਿਰ ਚੁੱਕਣ ਲੱਗ ਪੈਂਦੇ ਹਨ। ਲੋਕ ਚਾਹੁੰਦੇ ਹਨ ਕਿ ਲੇਖਕ ਸੈਕੂਲਰ ਹੋਣ। ਪਰੰਤੂ 'ਸੈਕੂਲਰ' ਸੋਚ ਵਾਲੇ ਚਾਹੁੰਦੇ ਹਨ ਕਿ ਲੋਕ ਹਿੰਦੂ-ਸਿੱਖ ਬਣੇ ਰਹਿਣ ਅਤੇ ਉਹਨਾਂ ਨੂੰ ਸੱਤਾ ਵਿੱਚ ਬਣਾਈ ਰੱਖਣ ਲਈ ਇਕ ਦੂਜੇ ਦੇ ਮੂਹਰੇ ਤਣੇ ਰਹਿਣ। ਜਦੋਂ ਦੋਸਤੀ ਦੀ ਚਾਦਰ ਪਤਲੀ ਹੁੰਦੀ ਹੈ ਤਾਂ ਐਬ ਵੱਡੇ ਨਜ਼ਰ ਆਉਂਦੇ ਹਨ। ਅਜਿਹੇ ਹੀ ਮੌਕੇ, ਮਨ ਹੌਲਾ ਕਰਨ ਲਈ, ਕਦੇ ਬੁੜਬੁੜਾਇਆ ਸਾਂ :

ਸਿੱਖ ਵੀਰ ਸ਼ਿਕਾਇਤ ਇਹ ਕਰਨ ਅਕਸਰ,
ਕਰਦੇ ਨਹੀਂ ਪੰਜਾਬੀ ਨੂੰ ਪਿਆਰ ਹਿੰਦੂ।
ਇਕ ਹੈਸੀ ਤਿਵਾੜੀ ਉਹ ਮਰ ਗਿਆ ਏ,
ਹੋ ਗੁਜ਼ਰਿਆ ਹੈ ਸ਼ਿਵਕੁਮਾਰ ਹਿੰਦੂ।
ਅਸੀਂ ਸੋਚਿਆ ਸੂਚੀ ਤਿਆਰ ਕਰੀਏ,
ਵਰਤਮਾਨ ਜਿਹੜੇ ਸਾਹਿਤਕਾਰ ਹਿੰਦੂ।
ਰੋਸ਼ਨ, ਬ੍ਰਿਜ, ਬਲਵੰਤ, ਪ੍ਰੇਮ, ਮੋਹਨ,
ਤੂੰਗੇ ਵਿੱਚ ਬਚਦੇ ਸਾਢੇ ਚਾਰ ਹਿੰਦੂ।

ਗੱਲ ਤਾਂ ਕੁਝ ਵੀ ਨਹੀਂ ਸੀ ਪਰ ਏਥੇ ਵੀ ਬਦਕਿਸਮਤੀ ਨੂੰ ਦੋ ਕਹਾਣੀਕਾਰਾਂ ਦੇ ਨਾਂ ਇਕੱਠੇ ਲਏ ਗਏ। ਪਹਿਲੇ ਤਿੰਨ ਬਜ਼ੁਰਗ ਤਾਂ ਹੁਣ ਤਕ ਗੁਜ਼ਰ ਚੁੱਕੇ ਹਨ। ਬਾਕੀ ਰਹਿੰਦੇ ਦੋਹਾਂ ਦਾ ਜੋੜ ਡੇਢ ਬਣਦਾ ਹੈ। ਵਿਵਾਦ ਇਸ ਗੱਲ ਦਾ ਹੈ ਕਿ ਅੱਧਾ ਕੌਣ ਹੈ? ਪ੍ਰੇਮ ਪ੍ਰਕਾਸ਼, ਮੋਹਨ ਭੰਡਾਰੀ ਨੂੰ ਅੱਧਾ ਸਮਝਦਾ ਹੈ ਅਤੇ ਮੋਹਨ ਭੰਡਾਰੀ ਪ੍ਰੇਮ ਪ੍ਰਕਾਸ ਨੂੰ। ਦਾਸ ਸਪੱਸ਼ਟ ਕਰਨ ਦੀ ਲੋੜ ਸਮਝਦਾ ਹੈ ਕਿ ਇਹ ਨਾਵਾਂ ਦੀ ਤਰਤੀਬ ਅਤੇ ਵਾਧ ਘਾਟ ਸਿਰਫ ਬੈਂਤ ਦੇ ਵਜ਼ਨ ਨੂੰ ਧਿਆਨ ਵਿੱਚ ਰੱਖਕੇ ਕੀਤੀ ਗਈ ਸੀ, ਲੇਖਕਾਂ ਦੇ ਰੁਤਬੇ ਅਨੁਸਾਰ ਨਹੀਂ। ਉਂਝ ਫੈਸਲਾ ਤਾਂ ਵਕਤ ਹੀ ਕਰਦਾ ਹੈ।

*****

ਅੱਜ ਪ੍ਰੇਮ ਦਾ ਪੱਕਾ ਕਿਆਮ ਹੈ। ਉੱਚਾ ਮੁਕਾਮ ਹੈ। ਬਾਹਰ ਜਾਂਦਾ ਹੈ ਤਾਂ ਬਾਹਰੋਂ ਇੱਜ਼ਤ ਮਿਲਦੀ ਹੈ। ਘਰ ਵਿੱਚ ਆਉਂਦਾ ਹੈ ਤਾਂ ਸ਼ਾਂਤੀ ਮਿਲਦੀ ਹੈ। ਉਹ ਮਰਜ਼ੀ ਦਾ ਮਾਲਕ ਹੈ। ਉਹਨੇ ਮਰਜ਼ੀ ਚਲਾਈ ਹੈ। ਉਹਦੀ ਮਰਜ਼ੀ ਚੱਲਦੀ ਹੈ। ਉਹ ਖੁਸ਼ਾਮਦ ਨਹੀਂ ਕਰਦਾ। ਨਾਰਾਜ਼ਗੀ ਤੋਂ ਨਹੀਂ ਡਰਦਾ। ਉਹਨੇ ਅਦਬੀ ਸੰਸਾਰ ਵਿੱਚ ਭੱਲ ਖੱਟੀ ਹੋਈ ਹੈ, ਮੱਲ ਮਾਰੀ ਹੋਈ ਹੈ। ਡੂੰਘੀਆਂ ਨੀਹਾਂ ਉੱਤੇ ਇਹ ਉੱਚੀ ਉਸਾਰੀ ਹੋਈ ਹੈ।....ਪਰ ਇਹ ਮਜ਼ਬੂਤ ਅਦਬੀ ਉਸਾਰੀ ਜਿਸ ਪਲਾਟ ਉੱਤੇ ਹੋਈ ਹੈ, ਉਹ ਅਖ਼ਬਾਰੀ ਹੈ। ਇਹ ਪਲਾਟ ਅਖ਼ਬਾਰੀ ਕੋਟੇ ਵਿੱਚੋਂ ਮਿਲਿਆ ਸੀ। ਰਾਖਵੇਂ ਵਰਗ ਨੂੰ ਮਿਲਿਆ ਸੀ। ਅਖ਼ਬਾਰ ਨਵੀਸ ਨੂੰ ਮਿਲਿਆ ਸੀ। 'ਖੰਨਵੀਂ' ਨੂੰ ਮਿਲਿਆ ਸੀ!! ਅਖ਼ਬਾਰ ਨਾਲ, ਅਖ਼ਬਾਰਾਂ ਵਾਲਿਆਂ ਨਾਲ, ਅਖ਼ਬਾਰਾਂ 'ਚ ਛਪਣ ਵਾਲਿਆਂ ਨਾਲ ਉਹ ਜਿੰਨੀ ਮਰਜ਼ੀ ਨਫ਼ਰਤ ਕਰ ਲਵੇ, ਉਹ ਆਪਣੇ ਕਦਮਾਂ ਹੇਠਲੀ ਜ਼ਮੀਨੀ ਹਕੀਕਤ ਤੋਂ ਮੁਨਕਰ ਨਹੀਂ ਹੋ ਸਕਦਾ। ਅਖ਼ਬਾਰਾਂ ਵਿੱਚ ਸਭ ਕੁਝ ਘਟੀਆ ਨਹੀਂ ਛਪਦਾ। ਰਸਾਲਿਆਂ ਤੇ ਕਿਤਾਬਾਂ ਵਿੱਚ ਵੀ ਬਹੁਤਾ ਕੁਝ ਘਟੀਆ ਛਪਦਾ ਹੈ। ਇਹ ਉਹਨੂੰ ਇਲਮ ਪਰ ਉਹ ਕਿਸੇ ਸਾਹਮਣੇ ਮੰਨਦਾ ਨਹੀਂ।

ਘਰ ਦੇ ਨਾਲ-ਨਾਲ ਉਹਦਾ ਪਰਿਵਾਰ ਵੀ ਅਨੁਕੂਲ ਅਤੇ ਅਨੁਸਾਰੀ ਹੈ। ਘਰ ਨੂੰ ਘਰ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਕੁਸ਼ਲ ਅਤੇ ਕਾਮਯਾਬ ਗ੍ਰਹਿਣੀ ਉਹਦੀ ਪਤਨੀ ਸ੍ਰੀਮਤੀ ਜਨਕਦੁਲਾਰੀ ਹੈ। ਬੇਟਾ ਸਫ਼ਲ ਕਾਰੋਬਾਰੀ ਹੈ। ਨੂੰਹ ਆਗਿਆਕਾਰੀ ਹੈ। ਦੋਹਾਂ ਬੇਟੀਆਂ ਦਾ ਆਪੋ ਆਪਣਾ ਸੁਹਾਵਣਾ

ਸੰਸਾਰ ਹੈ। ਪ੍ਰੇਮ ਦੇ ਇਰਦ-ਗਿਰਦ ਪਿਆਰ ਹੀ ਪਿਆਰ ਹੈ।

ਪਰ ਪ੍ਰੇਮ ਨੂੰ ਇਸ ਗੱਲ ਦਾ ਦੁੱਖ ਹੈ ਕਿ ਉਹਦੇ ਵਾਕਿਫ਼ਕਾਰਾਂ ਦੀਆਂ ਬੀਵੀਆਂ ਉਹਦੀ ਬੀਵੀ ਵਰਗੀਆਂ ਸਾਊ ਅਤੇ ਸਹਿਯੋਗੀ ਨਹੀਂ। ਉਹਨਾਂ ਕੋਲ ਉਹਨਾਂ ਦੇ ਆਪਣੇ ਹੀ ਘਰ ਵਿੱਚ ਆਪਣੇ ਲਈ ਕਮਰਾ ਨਹੀਂ। ਟੱਬਰ ਉਹਨਾਂ ਦੇ ਲਿਖਣ ਪੜ੍ਹਨ ਵਿੱਚ ਦਖਲ-ਅੰਦਾਜ਼ ਹੁੰਦਾ ਹੈ। ਉਹਨਾਂ ਨੂੰ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ। ਉਹਦੀ ਕਾਮਨਾ ਹੈ ਕਿ ਸਾਰੇ ਲੇਖਕ ਉਹਦੇ ਵਾਂਗ ਸੋਚਣ। ਉਹਦੇ ਵਾਂਗ ਜੀਣ। ਇਹ ਕਰੁਣਾ 'ਚੋਂ ਨਿਕਲੀ ਉਹਦੀ ਸਦ-ਭਾਵਨਾ ਹੈ ਪਰ ਜਾਣਦਾ ਉਹ ਵੀ ਹੈ ਕਿ ਉਹਦੇ ਵਰਗੀ ਕਿਸਮਤ ਲੈ ਕੇ ਹੋਰ ਕੋਈ ਜੰਮਿਆ ਹੀ ਨਹੀਂ। ਉਹਦੀ ਜੂਨੇ ਕੋਈ ਹੋਰ ਕਿਵੇਂ ਪੈ ਸਕਦਾ ਹੈ!

*****

ਕਹਾਣੀਕਾਰ ਦੇ ਤੌਰ 'ਤੇ ਪ੍ਰੇਮ ਦਾ ਇਕ ਹੋਰ ਪੱਖ ਵੀ ਵੇਖਣ ਵਾਲਾ ਹੈ। ਉਸਨੇ ਆਪਣੀਆਂ ਲਿਖਤਾਂ ਨੂੰ ਬੜੀ ਸਾਵਧਾਨੀ ਨਾਲ ਸੰਭਾਲਿਆ ਹੈ। ਸੰਨ ਸੰਮਤ ਸਮੇਤ ਕਹਾਣੀਆਂ ਦੇ ਪਿਛੋਕੜ ਵੀ ਦੱਸੇ ਹਨ। ਆਪਣੀ ਕਹਾਣੀ 'ਚ ਵਰਤੀਆਂ ਜੁਗਤਾਂ ਦਾ ਖੁਲਾਸਾ ਕੀਤਾ ਹੈ। ਆਪਣੇ ਪ੍ਰੇਰਨਾ ਸ੍ਰੋਤਾਂ ਬਾਰੇ ਲਿਖਿਆ ਹੈ। ਅਸਲ ਵਿੱਚ ਇਹ ਸਭ ਕੁਝ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜੀਆਂ ਦੀ ਸਹੂਲਤ ਲਈ ਹੈ। ਪ੍ਰੇਮ ਨੂੰ ਵਿਸ਼ਵਾਸ ਹੈ ਕਿ ਉਹ ਲਗਾਤਾਰ ਕੋਰਸਾਂ ਵਿੱਚ ਲੱਗਾ ਰਹੇਗਾ ਅਤੇ ਭਵਿੱਖ ਦੇ ਬੁੱਧੀਜੀਵੀਆਂ ਨੂੰ ਇਸ ਸਾਮੱਗਰੀ ਦੀ ਲਗਾਤਾਰ ਲੋੜ ਪੈਂਦੀ ਰਹੇਗੀ।

ਪਿਛਲੇ ਕਈ ਵਰ੍ਹਿਆਂ ਤੋਂ ਪ੍ਰੇਮ ਦੀਆਂ ਪੁਸਤਕਾਂ ਤਕਰੀਬਨ ਹਰ ਯੂਨੀਵਰਸਿਟੀ ਵਿੱਚ ਲੱਗਦੀਆਂ ਆ ਰਹੀਆਂ ਹਨ। ਉਸਨੂੰ ਫੀਡਬੈੱਕ ਮਿਲਦੀ ਰਹਿੰਦੀ ਹੈ। ਜਦੋਂ ਅੰਮ੍ਰਿਤਸਰ ਵਾਲੀ ਯੂਨੀਵਰਸਿਟੀ ਨੇ 'ਸ਼ਵੇਤਾਂਬਰ ਨੇ ਕਿਹਾ ਸੀ' ਐਮ. ਏ. ਕੋਰਸ ਵਿੱਚ ਲਾ ਦਿੱਤੀ ਤਾਂ ਪੜ੍ਹਾਉਣ ਵਾਲਿਆਂ ਦੇ ਸਾਹ ਫੁੱਲ ਗਏ। ਲਾਇਲਪੁਰ ਖਾਲਸਾ ਕਾਲਿਜ, ਜਲੰਧਰ 'ਚ ਪੜ੍ਹਾਉਂਦੇ ਪ੍ਰੋਫੈਸਰ ਵਰਿਆਮ ਸਿੰਘ ਸੰਧੂ ਨੂੰ ਜੁਗਤਾਂ ਸਮਝਣ ਲਈ 'ਦਾਸ' ਦੀ ਸਹਾਇਤਾ ਲੈਣੀ ਪਈ। ਉਂਜ ਸ਼ਰੀਕ ਦੀ ਕਿਤਾਬ ਦਾ ਜ਼ਿਕਰ ਕਰਨ ਵੇਲੇ ਵੀ ਵੱਖਰੀਆਂ ਜੁਗਤਾਂ ਦੀ ਲੋੜ ਹੁੰਦੀ ਹੈ।

ਵੱਖਰੀ ਕਿਸਮ ਦੀ ਲਿਖਤ ਲਈ ਸਮਝ ਵੀ ਨਵੀਂ ਕਿਸਮ ਦੀ ਚਾਹੀਦੀ ਹੈ। ਪੁਰਾਣੀ ਆਲੋਚਨਾ ਨਾਲ ਕੰਮ ਨਹੀਂ ਸਰਦਾ। ਪ੍ਰੇਮ ਨੂੰ ਆਪਣਾ ਆਲੋਚਕ ਵੀ ਖ਼ੁਦ ਹੀ ਬਣਨਾ ਪਿਆ ਹੈ। ਉਸਨੇ ਆਪਣੀ ਕਹਾਣੀ ਦੇ ਬਹਾਨੇ ਪੰਜਾਬੀ ਕਹਾਣੀ 'ਤੇ ਬੜਾ ਉਪਕਾਰ ਕੀਤਾ ਹੈ। ਖੋਜ ਕਰਨ ਅਤੇ ਪੜ੍ਹਨ ਪੜ੍ਹਾਉਣ ਵਾਲਿਆਂ ਨੂੰ ਟੱਕਰਾਂ ਨਹੀਂ ਮਾਰਨੀਆਂ ਪੈਣਗੀਆਂ।

ਇਕ ਖਤਰਾ ਵੀ ਹੈ। ਜੇਕਰ ਪੇਂਟਿੰਗ ਨੂੰ ਫਰੇਮ ਕਰਕੇ ਉਹਦਾ ਸ਼ੀਰਸ਼ਕ ਵੀ ਲਿਖ ਦਿੱਤਾ ਜਾਏ ਤਾਂ ਦਰਸ਼ਕ ਦੀ ਸੰਭਾਵਨਾ-ਦ੍ਰਿਸ਼ਟੀ ਸੀਮਿਤ ਹੋ ਜਾਂਦੀ ਹੈ।

ਪ੍ਰੇਮ ਨੂੰ ਲੱਗਦਾ ਹੈ ਕਿ ਉਹਦੀ ਗੱਲ ਸ਼ਾਇਦ ਅਗਲੇ ਦੇ ਪੱਲੇ ਨਾ ਪਏ। ਪਹਿਲਾਂ ਉਹ ਕਹਾਣੀ ਵਿਚ ਬਹੁਤ ਕੁਝ ਅਣ-ਕਿਹਾ ਛੱਡ ਜਾਂਦਾ ਹੈ ਪਿੱਛੋਂ ਉਸ 'ਅਣ-ਕਹੇ' ਦਾ ਥਹੁ-ਪਤਾ ਦੱਸਣ ਲਈ ਕਾਹਲਾ ਪਿਆ ਰਹਿੰਦਾ ਹੈ। ਉਹਨੂੰ ਪਾਠਕ ਉੱਤੇ ਤਾਂ ਪੂਰਾ ਭਰੋਸਾ ਹੈ ਪਰ ਅਕਾਦਮਿਕ ਪ੍ਰਾਣੀਆਂ ਉੱਤੇ ਇਤਬਾਰ ਨਹੀਂ ਜਾਪਦਾ। ਮੈਨੂੰ ਇਸ ਪੱਖੋਂ ਉਹ ਦੂਰਦਰਸ਼ਕ ਲੱਗਦਾ ਹੈ। ਪ੍ਰੈਕਟੀਕਲ ਲੇਖਕ।

ਪ੍ਰੇਮ ਬਾਰੇ ਲਿਖਦਿਆਂ ਮੈਨੂੰ ਬਹੁਤ ਸਾਵਧਾਨ ਰਹਿਣਾ ਪਿਆ ਹੈ। ਕਾਰਨ ਇਹ ਹੈ ਕਿ ਉਹ ਆਪਣੇ ਬਾਰੇ ਬਹੁਤ ਕੁਝ ਲਿਖ ਚੁੱਕਾ ਹੈ। ਪਹਿਲਾਂ 'ਬੰਦੇ ਅੰਦਰ ਬੰਦੇ' ਆਤਮ-ਕਥਾ ਛਪਵਾਈ ਸੀ। ਆਪਣੀ ਰਚਨਾ-ਪ੍ਰਕਿਰਿਆ ਅਤੇ ਆਪਣੇ ਸੁਭਾਅ ਬਾਰੇ ਉਹ ਰਸਾਲਿਆਂ 'ਚ ਲਿਖਦਾ ਰਹਿੰਦਾ ਹੈ।



ਇੰਟਰਵਿਊ, ਗੋਸ਼ਟੀ ਜਾਂ ਰੂ-ਬ-ਰੂ ਵੇਲੇ ਦੱਸਦਾ ਰਹਿੰਦਾ ਹੈ। ਬਹੁਤੀ ਲੁਕੀ ਛਿਪੀ ਗੱਲ ਕੋਈ ਰਹਿ ਨਹੀਂ ਗਈ। ਜਿਹੜੀ ਰਹਿ ਗਈ ਸੀ ਉਹ ਕਸਰ ਉਹਦੀ ਸਵੈਜੀਵਨੀ ਛਪਣ ਨਾਲ ਪੂਰੀ ਹੋ ਗਈ ਹੈ, ਜਿਸਦਾ ਖਰੜਾ ਮੈਂ ਪੂਰੀ 'ਸ਼ਰਧਾ' ਨਾਲ ਪੜ੍ਹਿਆ ਹੈ। ਸੋਚਦਾ ਆ ਰਿਹਾ ਹਾਂ ਕਿ ਹੁਣ ਮੇਰੇ ਦੱਸਣ ਗੋਚਰੀ ਕਿਹੜੀ ਗੱਲ ਬਾਕੀ ਰਹਿ ਗਈ ਹੈ?

ਸੋਚਦਾ ਹਾਂ ਕਿ ਕੁਝ ਉਹ ਗੱਲਾਂ ਲਿਖਾਂ ਜਿਨ੍ਹਾਂ ਦਾ ਮੈਂ ਚਸ਼ਮਦੀਦ ਗਵਾਹ ਹਾਂ, ਪਰ ਫੇਰ ਸੋਚਦਾ ਹਾਂ ਕਿ ਇਹ ਦੱਸਣ ਦੀ ਕੀ ਲੋੜ ਹੈ ਕਿ ਸੂਬਾ ਸਿੰਘ ਉਹਦੀ ਦਾੜ੍ਹੀ ਲਈ ਕਹਿੰਦਾ ਹੁੰਦਾ ਸੀ 'ਜਿਵੇਂ ਮਿੱਠੇ ਟੁੱਕ ਨੂੰ ਕੀੜੀਆਂ ਚੰਬੜੀਆਂ ਹੋਣ' ਜਾਂ ਫੇਰ ਇਹ ਕਿਉਂ ਦੱਸਾਂ ਕਿ ਉਹਨੇ ਮੇਰੇ ਤੋਂ 'ਲਕੀਰ' ਦਾ 'ਕਵਿਤਾ-ਅੰਕ' ਐਡਿਟ ਕਰਵਾਇਆ ਅਤੇ ਰਸਾਲੇ ਦੇ ਲੇਟ ਛਪਣ ਦਾ ਭਾਂਡਾ 'ਸੰਪਾਦਕੀ' ਵਿਚ ਮੇਰੇ ਸਿਰ ਇਹ ਕਹਿ ਕੇ ਭੰਨਿਆ : 'ਬਗਾਨੇ ਹੱਥ ਖੇਤੀ। ਪਛੇਤੀ ਦੀ ਪਛੇਤੀ।' ਜਾਂ ਫਿਰ ਮੀਸ਼ੇ ਨੂੰ ਉਹਦੇ ਦਫ਼ਤਰ ਵਿਚ ਜਾ ਕੇ ਗਾਲ੍ਹਾਂ ਕਿਵੇਂ ਕੱਢੀਆਂ?.... ਇਹ ਵੀ ਦੱਸਣ ਦੀ ਜ਼ਰੂਰਤ ਨਹੀਂ ਜਾਪਦੀ ਕਿ ਲੁਧਿਆਣੇ ਦੇ ਵਿਚਕਾਰ ਵਗਦੀ ਨਹਿਰ ਵਿੱਚ ਉਹ ਸ਼ਰਤ ਲਾਕੇ, ਸਰੇਆਮ, ਨੰਗਾ ਨਹਾਤਾ। ਇਹ ਦੱਸਣਾ ਤਾਂ ਉਂਜ ਵੀ ਫ਼ਜ਼ੂਲ ਹੈ ਕਿ ਉਹਨੇ ਵਗਦੀ ਸੜਕ ਤੇ ਚੱਲਦੇ ਟਾਂਗੇ ਵਿਚ ਪਿਸ਼ਾਬ ਕਿਵੇਂ ਕੀਤਾ?

ਚਲੋ ਇਕ ਗੱਲ ਦੱਸ ਦੇਂਦਾ ਹਾਂ। ਜਦੋਂ ਮੈਂ ਪਹਿਲੀ ਵਾਰ ਉਹਦੇ ਘਰ ਰਾਤ ਰਿਹਾ ਤਾਂ ਕਹਿੰਦਾ, "ਪਹਿਲਾਂ ਰੋਟੀ ਖਾ ਲੈ। ਫੇਰ ਤੈਨੂੰ ਤਮਾਸ਼ਾ ਵਖਾਊ।" ਰੋਟੀ ਖਾ ਕੇ ਜਦੋਂ ਮੈਂ ਉਠਿਆ ਤਾਂ ਉਹਨੇ ਖਵਰੇ ਆਪਣੀ ਸ਼੍ਰੀਮਤੀ ਦੇ ਕੰਨ ਲਾਗੇ ਜਾ ਕੇ ਕੀ ਕਿਹਾ ਕਿ ਉਹਨੇ ਤਾਂ ਹੱਥ 'ਚ ਫੜੇ ਹੋਏ ਮੇਰੇ ਜੂਠੇ ਭਾਂਡੇ ਫਰਸ਼ 'ਤੇ ਵਗਾਹ ਮਾਰੇ ਤੇ ਗੁੱਸੇ ਵਿੱਚ ਪਤਾ ਨਹੀਂ ਕੀ ਕੀ ਬੋਲੀ ਗਈ। ਅਖੇ 'ਪਹਿਲਾਂ ਕਿਉਂ ਨਹੀਂ ਦੱਸਿਆ?' ਭਾਂਡੇ ਅੱਗ ਵਿੱਚ ਪਾਏ। ਫੇਰ ਪਾਣੀ ਵਿੱਚ ਉਬਾਲੇ। ਮਾਹੌਲ ਵਿੱਚ ਆਏ ਇਸ ਉਬਾਲ ਨੂੰ ਵੇਖਕੇ ਮੈਂ ਹੈਰਾਨ ਸਾਂ। ਪ੍ਰੇਮ ਖਚਰਾ ਹਾਸਾ ਹੱਸ ਰਿਹਾ ਸੀ। ਪਤਾ ਲੱਗਾ ਕਿ ਉਹਨੇ ਮੇਰਾ ਪਰਿਚੈ ਨੀਵੀਂ ਜਾਤ ਨਾਲ ਜੋੜ ਕੇ ਕਰਵਾਇਆ ਸੀ। ਪਿੱਛੋਂ ਉਹਨੇ ਸੱਚ ਦੱਸਕੇ ਸ਼ਾਂਤੀ ਵਰਤਾਉਣ ਦੀ ਕੋਸ਼ਿਸ਼ ਕੀਤੀ ਪਰ ਇਹੋ ਜਿਹੇ ਬੰਦਿਆਂ ਦੀ ਕਿਹੜੀ ਗੱਲ 'ਤੇ ਕੋਈ ਇਤਬਾਰ ਕਰੇ ਤੇ ਕਿਹੜੀ ਤੇ ਨਾ ਕਰੇ? ਖੈਰ ਇਹ ਉਹਦਾ ਘਰੇਲੂ ਮਾਮਲਾ ਹੈ।

*****

ਪ੍ਰੇਮ ਦੀ ਇਕ ਕਹਾਣੀ ਹੈ : 'ਪਾਰੇ ਦੀ ਪਕੜ'। ਲੇਖਕ ਕਿਸੇ ਵਾਕਿਫ਼ਕਾਰ ਕਿਰਦਾਰ ਬਾਰੇ ਕਹਾਣੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰੰਤੂ ਹਰ ਨਵੀਂ ਮੁਲਾਕਾਤ ਅਥਵਾ ਸੂਚਨਾ ਨਾਲ ਉਹਨੂੰ ਲੱਗਦਾ ਹੈ ਕਿ ਉਹ ਪਾਤਰ ਲਗਾਤਾਰ ਬਦਲ ਜਾਂਦਾ ਹੈ ਅਤੇ ਪਾਰੇ ਵਾਂਗ ਪਕੜ 'ਚ ਨਹੀਂ ਆਉਂਦਾ। ਇਹੋ ਤਜਰੁਬਾ ਮੈਨੂੰ ਹੋਇਆ ਪ੍ਰੇਮ ਬਾਰੇ ਲਿਖਦਿਆਂ।

ਇਹ ਖ਼ਾਕਾ ਲਿਖਕੇ ਮੈਂ ਆਪਣੀ ਪਤਨੀ ਸੁਰਿੰਦਰ ਨੂੰ ਪੜ੍ਹਾਇਆ। ਉਸਨੇ ਮਹਿਸੂਸ ਕੀਤਾ ਕਿ ਕਿਤੇ ਕਿਤੇ ਸਖ਼ਤ ਹੈ। ਮੈਂ ਅਗਾਊਂ ਟੋਹਣ ਲਈ ਪ੍ਰੇਮ ਨੂੰ ਫੋਨ ਕੀਤਾ। ਪੇਸ਼ ਹਨ ਵਾਰਤਾਲਾਪ ਦੇ ਅੰਸ਼ :

? ਪ੍ਰੇਮ! ਤੇਰੇ ਬਾਰੇ ਕਈ ਲੋਕਾਂ ਦਾ ਵਿਚਾਰ ਹੈ ਕਿ ਤੂੰ ਲੁੱਚੀਆਂ ਕਹਾਣੀਆਂ ਲਿਖਦਾ ਹੈਂ ਅਤੇ ਇਹੋ ਜਿਹਾ ਲਿਖਣ ਲਈ ਹੋਰਨਾਂ ਨੂੰ ਹਲਾਸ਼ੇਰੀ ਦੇਂਦਾ ਹੈਂ।

– ਉਹਨਾਂ ਦਾ ਵਿਚਾਰ ਠੀਕ ਐ, ਸਹੀ ਸੋਚਦੇ ਨੇ ਉਹ।

? ਤੇਰੀ ਆਤਮਕਥਾ ਦਾ ਖਰੜਾ ਪੜ੍ਹਕੇ ਜੋ ਇਮੇਜ ਬਣਦਾ ਹੈ, ਉਹਦੇ ਮੁਤਾਬਿਕ ਤੂੰ ਸੈਕਸ ਲਈ ਹਾਬੜਿਆ ਲੱਗਦਾ ਹੈ।

– ਹਾਂ, ਬਿਲਕੁੱਲ।

? ਤੂੰ ਰਿਸ਼ਤਿਆਂ ਦੀ ਪਵਿੱਤਰਤਾ ਵੀ ਭੰਗ ਕਰਦਾ ਹੈਂ।

– ਕਰਦਾਂ।

? ਤੇਰੀ ਪਸ਼ੂਬਿਰਤੀ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਤੂੰ ਕਿਸੇ ਦਾ ਕਤਲ ਵੀ ਕਰ ਸਕਦਾ ਹੈਂ।

– ਹਾਂ, ਯੈੱਸ। ਮੈਂ ਖ਼ੁਦ ਕਈ ਵਾਰ ਇੰਜ ਮਹਿਸੂਸ ਕਰਦਾਂ।

? ਤੂੰ ਭਗਵੇ ਬਸਤਰ ਪਹਿਨ ਕੇ ਅਤੇ ਪੌਰਾਣਿਕ ਪਿਛੋਕੜ ਵਰਤ ਕੇ 'ਲੁੱਚੀਆਂ ਗੱਲਾਂ ਕਰਦਾ ਤੇ ਲਿਖਦਾ ਹੈਂ।

– ਹਾਂ, ਬਿਲਕੁੱਲ।

? ਤੂੰ ਦੰਭੀ ਹੈਂ।

– ਨਹੀਂ, ਨਹੀਂ ਬਿਲਕੁੱਲ ਨਹੀਂ। ਕੀ ਬਕਦਾ ਹੈਂ ? ਬਕਵਾਸ ਬੰਦ ਕਰ....ਤੇ ਉਹਨੇ ਠਾਹ ਕਰਕੇ ਫੋਨ ਰੱਖ ਦਿੱਤਾ। ਮੈਂ ਸ਼ਰਮਸ਼ਾਰ ਜਿਹਾ ਹੋ ਕੇ ਸੋਚ ਰਿਹਾ ਸਾਂ ਕਿ ਜਿਹੜਾ ਸ਼ਖ਼ਸ ਦੰਭ ਦੀਆਂ ਜੜ੍ਹਾਂ ਪੁੱਟਣ ਲਈ ਹਰ ਐਰੇ ਗ਼ੈਰੇ ਤੋਂ ਗਾਲ੍ਹਾਂ ਖਾਣ ਨੂੰ ਤਿਆਰ ਹੈ, ਉਹ ਦੰਭੀ ਕਿਵੇਂ ਹੋ ਸਕਦਾ ਹੈ !........ਤੇ ਮੈਂ ਨਿਸ਼ਚਿੰਤ ਹੋ ਕੇ ਖ਼ਾਕੇ ਨੂੰ ਫੇਅਰ ਕਰਕੇ ਲਿਖਣ ਲੱਗ ਪਿਆ।



## ਮਾਲਵੇ ਦੀ ਮਹਿਕ-ਮੋਹਨ ਭੰਡਾਰੀ

**-ਗੁਲਜ਼ਾਰ ਮੁਹੰਮਦ ਗੋਰੀਆ**

ਸੰਨ ਓਨੀ ਸੌ ਸੱਤਰ ਵਿੱਚ ਸਮਰਾਲੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਦਿਆਂ ਮੈਂ ਮੋਹਨ ਭੰਡਾਰੀ ਦੀਆਂ ਕਹਾਣੀਆਂ ਦੀਆਂ ਦੋ ਪੁਸਤਕਾਂ 'ਤਿਲਚੌਲੀ' ਅਤੇ 'ਮਨੁੱਖ ਦੀ ਪੈੜ' ਪੜ੍ਹੀਆਂ। ਦਿਲ 'ਚ ਲਹਿ ਜਾਣ ਵਾਲੀਆਂ ਕਹਾਣੀਆਂ ਸਨ। ਸਾਹਿਤਕ ਮੱਸ ਰੱਖਣ ਵਾਲੇ ਆਪਣੇ ਦੋਸਤਾਂ ਨੂੰ ਵੀ ਪੜ੍ਹਾਈਆਂ। ਸਾਰੇ ਹੀ ਗੱਦ-ਗੱਦ ਹੋ ਗਏ। ਇਨ੍ਹਾਂ ਦੀ ਸੁਭਾਵਿਕਤਾ, ਠੇਠ ਮਲਵੱਈ ਮੁਹਾਵਰਾ, ਪਾਤਰਾਂ ਅੰਦਰਲੀ ਸਵੱਛਤਾ ਅਤੇ ਨਿਰਛੱਲਤਾ ਟੁੰਬਣ ਵਾਲੀ ਸੀ। ਇਸ ਤੋਂ ਬਿਨਾਂ ਭੰਡਾਰੀ ਦੀਆਂ ਕਹਾਣੀਆਂ 'ਚ ਨਿੱਕੇ-ਨਿੱਕੇ ਵਿਅੰਗ ਤੇ ਉਪਹਾਸ ਅਜਿਹੇ ਸਨ ਜਿਹੜੇ ਪਾਠਕ ਮਨ 'ਤੇ ਸਿੱਧਾ ਪ੍ਰਭਾਵ ਪਾਉਂਦੇ ਹਨ ਅਤੇ ਆਪਣੀ ਅਮਿੱਟ ਛਾਪ ਛੱਡ ਜਾਂਦੇ ਹਨ। 'ਮੈਨੂੰ ਟੈਗੋਰ ਬਣਾਦੇ ਮਾਂ' ਅਤੇ 'ਬਾਕੀ ਸੱਭ ਸੁੱਖ ਸਾਂਦ ਹੈ' ਤਾਂ ਸਿਲੇਬਸ 'ਚ ਐਨਾ ਚਿਰ ਪੜ੍ਹਾਉਣ ਕਰਕੇ ਵੀ ਜ਼ਬਾਨੀ ਯਾਦ ਹੋਣ ਵਾਂਗ ਹਨ। ਇਕ ਹੋਰ ਕਹਾਣੀ ਦੇ ਕੁਝ ਬੋਲ ਹੁਣ ਵੀ ਆਪਸ ਵਿੱਚ ਸਾਂਝੇ ਕਰਕੇ ਅਸੀਂ ਪੁਰਾਣੇ ਜਮਾਤੀ ਖ਼ੁਸ਼ ਹੁੰਦੇ-ਹੁੰਦੇ ਹਾਂ। ਉਸ ਵਿੱਚ ਵਿਗਿਆਨ ਦੀ ਪੜ੍ਹਾਈ ਕਰਦਾ ਹੋਇਆ ਇਕ ਵਿਦਿਆਰਥੀ ਪਾਤਰ ਆਪਣਾ ਮਾਨਸਿਕ ਤਵਾਜਨ ਗੰਵਾ ਬੈਠਦਾ ਹੈ। ਗਾਹੇ-ਬਗਾਹੇ ਉਹ ਦੂਜਿਆਂ ਨੂੰ ਪੁੱਛਦਾ ਰਹਿੰਦਾ ਹੈ। ਕਹਿੰਦਾ ਰਹਿੰਦਾ ਹੈ ਜਾਂ ਬੁੜਬੜਾਉਂਦਾ ਰਹਿੰਦਾ ਹੈ,

ਵੱਟ ਨਾਊਨ ਸੈਂਸ ਵਿਦ ਦਾ ਕੌਮਨ ਸੈਂਸ
ਹੇਅਰ ਇਜ ਦੀ ਸੈਂਟਰ ਆਫ਼ ਦਾ ਅਰਥ,
ਪਲੀਜ਼ ਪਰੂਵ ਇੱਟ!

ਇਹ ਗੱਲ ਸਾਨੂੰ ਇਕ ਸੁਰ ਕਰਦੀ ਹੈ। ਸੁਰਿੰਦਰ ਰੁਮਾਨੀ, ਕਰਮ ਚੰਦ ਵਰਮਾ, ਨਰਿੰਦਰ ਨੂਰਾਨੀ ਤੇ ਮੇਰੀ ਆਪਣੀ ਬੜੀ ਇੱਛਾ ਸੀ ਕਿ ਮੋਹਨ ਭੰਡਾਰੀ ਜੀ ਨੂੰ ਮਿਲ ਕੇ ਉਨ੍ਹਾਂ ਦੀਆਂ ਕਹਾਣੀਆਂ ਬਾਰੇ ਆਪਣੇ ਮਨ ਦੇ ਪ੍ਰਭਾਵ ਦੱਸੇ ਜਾਣ। ਪਰ ਗੱਲ ਬਣਦੀ ਕਿਵੇਂ ! ਭਾਵੇਂ ਕਿ ਸਾਹਿਤਕ ਮੱਸ ਰੱਖਣ ਕਰਕੇ ਅਤੇ ਥੋੜ੍ਹਾ ਬਹੁਤਾ ਲਿਖਣ ਕਰਕੇ ਸਾਹਿਤ ਸਭਾ ਸਮਰਾਲਾ ਤੇ ਰਾਮਪੁਰ ਦੀਆਂ ਸਾਹਿਤਕ ਇਕੱਤਰਤਾਵਾਂ ਵਿਚ ਹਾਜ਼ਰੀ ਭਰਨ ਲੱਗ ਪਏ ਸਾਂ-ਪਰ ਭੰਡਾਰੀ ਤੱਕ ਪਹੁੰਚ ਨਹੀਂ ਸੀ। ਫਿਰ ਕੁਦਰਤੀ ਇਹ ਸਬੱਬ ਵੀ ਬਣ ਗਿਆ। ਭਾਵੇਂ ਕਈਆਂ ਸਾਲਾਂ ਬਾਅਦ। ਸਾਹਿਤ ਸਭਾ ਦੋਰਾਹਾ ਨੇ ਮੋਹਨ ਭੰਡਾਰੀ ਨਾਲ ਇਕ ਸਾਹਿਤਕ ਮਿਲਣੀ ਦਾ ਆਯੋਜਿਨ ਕੀਤਾ। ਗੁਰਦਿਆਲ ਦਲਾਲ, ਕੁਲਵੰਤ ਨੀਲੋਂ, ਸੋਹਣ ਢੰਡ ਸਭਾ ਦੇ ਕਰਤਾ-ਧਰਤਾ ਸਨ। ਭੰਡਾਰੀ ਨੂੰ ਸਭਾ ਵਿੱਚ ਲਿਆਉਣ ਦੀ ਜ਼ਿੰਮੇਵਾਰੀ ਸੋਹਣ ਢੰਡ ਦੇ ਸਿਰ ਸੀ। ਕਿਉਂ ਜੋ ਢੰਡ-ਕਹਾਣੀਕਾਰ ਰਘੁਬੀਰ ਢੰਡ ਦਾ ਛੋਟਾ ਭਰਾ ਸੀ। ਰਘੁਬੀਰ ਢੰਡ ਅਤੇ ਮੋਹਨ ਭੰਡਾਰੀ ਲੰਗੋਟੀਏ ਯਾਰਾਂ ਵਾਂਗ ਸਨ। ਉਨ੍ਹਾਂ ਦਾ ਪਰਿਵਾਰਕ ਰਿਸ਼ਤਾ ਸੀ।

ਦੋਰਾਹੇ ਮੋਹਨ ਭੰਡਾਰੀ ਦੇ ਦਰਸ਼ਨ ਕਰਕੇ ਅਸੀਂ ਧੰਨ ਹੋਏ। ਗਾਲਿਬ ਦਾ ਇਹ ਸ਼ੇਅਰ ਜਿਵੇਂ ਬਿਲਕੁਲ ਸੱਚ ਹੋਇਆ, 'ਮੁਝਸੇ ਪਹਿਲੇ ਉਸ ਗਲੀ ਮੇਂ ਮੇਰੇ ਅਫ਼ਸਾਨੇ ਗਏ' -ਭੰਡਾਰੀ ਉਹੋ ਜਿਹਾ ਹੀ ਸੀ ਜਿਸ ਤਰ੍ਹਾਂ ਦਾ ਅਸੀਂ ਉਸਨੂੰ ਉਸਦੀਆਂ ਕਹਾਣੀਆਂ ਪੜ੍ਹ ਕੇ ਮਨਾਂ ਵਿੱਚ ਚਿੱਤਵਿਆ ਹੋਇਆ

ਸੀ। ਖੁੱਲ੍ਹਾ-ਡੁੱਲ੍ਹਾ ਸੁਭਾਅ। ਨਿਰਛਲ ਹਾਸਾ। ਤੁਰਨਾ ਇਉਂ-ਜਿਵੇਂ ਕਿਸੇ ਨੂੰ ਕੋਈ ਜ਼ਰਬ ਨਾ ਪਹੁੰਚ ਜਾਵੇ। ਸਿਰਫ਼ ਉਸਦੀ ਅੰਗਰੇਜ਼ਾਂ ਵਰਗੀ ਬਾਹਰਲੀ ਦਿੱਖ ਹੀ ਸਾਡੇ ਪਹਿਲੇ ਕਿਆਫ਼ੇ ਦੇ ਉਲਟ ਸੀ। ਕੁਲਵੰਤ ਨੀਲੋਂ ਨੇ ਦੱਸਿਆ ਕਿ ਇਉਂ ਸ਼ਾਇਦ ਫੁੱਲਬਹਿਰੀ ਕਰਕੇ ਹੋਇਆ। ਛੇਤੀ ਹੀ ਅਸੀਂ ਸਾਵੇਂ ਹੋ ਗਏ। ਮੋਹਨ ਭੰਡਾਰੀ ਨੇ ਖੁੱਲ੍ਹੀਆਂ ਪੁੱਛਾਂ ਦੇ ਜਵਾਬ ਦੇਣ ਤੋਂ ਪਹਿਲਾਂ ਆਪਣੀ ਨਵੀਂ ਕਹਾਣੀ 'ਨੌਹਰੇ' ਪੜ੍ਹ ਕੇ ਸੁਣਾਈ। ਕਹਾਣੀ ਪੜ੍ਹਨ ਦਾ ਅੰਦਾਜ਼ ਜਮਾਂ ਈ ਮੌਲਿਕ। ਕਹਾਣੀ ਦੇ ਹਰ ਵਾਕ ਨਾਲ ਇਕਸੁਰ। ਸਾਰੇ ਹੀ ਇਕਾਗਰ ਚਿੱਤ ਹੋ ਕੇ ਸੁਣਦੇ ਰਹੇ। ਫਿਰ ਖੁੱਲ੍ਹਕੇ ਬਹਿਸ ਹੋਈ। ਸਭ ਨੇ ਕਹਾਣੀ ਦੀ ਮੁਕਤ-ਕੰਠ ਨਾਲ ਸ਼ਲਾਘਾ ਕੀਤੀ। ਪੇਂਡੂ ਜੀਵਨ ਦੇ ਮੁਕਾਬਲਨ ਸ਼ਹਿਰੀ ਜੀਵਨ 'ਚ ਰਿਸ਼ਤਿਆਂ ਦੀਆਂ ਟੁੱਟ ਰਹੀਆਂ ਤੰਦਾਂ ਦੀ ਕਹਾਣੀ ਹੈ 'ਨੌਹਰੇ'। ਉਹ ਪੇਂਡੂ ਜੀਵਨ 'ਚ ਪਏ ਭਰਵੇਂ ਮੋਹ ਦੀ ਵੀ ਮੂੰਹ ਬੋਲਦੀ ਤਸਵੀਰ ਹੈ। ਸ਼ਹਿਰੋਂ ਆਏ ਨਿੱਕੇ ਬੱਚੇ ਦੀ ਹਥੇਲੀ 'ਤੇ ਜਦੋਂ ਉਹ ਚਿੱਟੇ ਮੱਖਣ ਦਾ ਪੇੜਾ ਰੱਖਦੀ ਹੈ ਤਾਂ ਬੱਚਾ ਅਭੋਲ ਕਹਿੰਦਾ ਹੈ ਕਿ ਇਹ ਚਿੱਟੀ ਰੂੰ ਹੈ! ਤਾਂ ਨੌਹਰੇ ਦਾ ਹਾਉਕਾ ਨਿਕਲ ਜਾਂਦਾ ਹੈ। -ਭੰਡਾਰੀ ਨੇ ਉਸ ਦਿਨ ਸਾਹਿਤਕ ਮਹਿਫ਼ਲ ਤੋਂ ਬਿਨਾਂ ਦਾਰੂ ਵਾਲੀ ਮਹਿਫ਼ਲ ਵੀ ਲੁੱਟ ਲਈ। ਉਸਦੀਆਂ ਗੱਲਾਂ 'ਚ ਇਕ ਅਜਬ ਰਸ ਹੁੰਦਾ ਹੈ। ਚੁਟਕਲਾ ਵੀ ਉਸਦਾ ਬਿਨਾਂ ਪ੍ਰਸੰਗ ਦੇ ਨਹੀਂ ਹੁੰਦਾ। ਮਾਲਵੇ ਦੀਆਂ ਲੁੱਚੀਆਂ ਬੋਲੀਆਂ ਵਿਚੋਂ ਵੀ ਉਹ ਤੁਹਾਨੂੰ ਸਾਹਿਤਕ ਸੌਂਦਰਯ ਦੇ ਦਰਸ਼ਨ ਕਰਵਾ ਸਕਦਾ ਹੈ।

ਇਸ ਪਿੱਛੋਂ ਭੰਡਾਰੀ ਸਾਹਿਬ ਸਾਡੇ ਲਈ ਓਪਰੇ ਨਾ ਰਹੇ। ਮੁਲਾਕਾਤਾਂ ਦਾ ਤਾਂ ਕੋਈ ਅੰਤ ਨਹੀਂ-ਪਰ ਗੱਲਾਂ ਕੁਝ ਜੋ ਜ਼ਿਹਨ 'ਤੇ ਤਾਰੀ ਹਨ, ਉਹ ਸਾਂਝੀਆਂ ਕਰਨੀਆਂ ਚਾਹਾਂਗਾ। -ਅੱਠਵੇਂ ਦਹਾਕੇ 'ਚ ਰਮਾ ਰਤਨ ਨੇ ਚੰਡੀਗੜ੍ਹ ਦੇ ਕਿਸਾਨ ਭਵਨ 'ਚ 'ਬਾਲ ਸਾਹਿਤ' ਨੂੰ ਸਮਰਪਿਤ ਇਕ ਕਾਨਫਰੰਸ ਦਾ ਆਯੋਜਨ ਕੀਤਾ। ਰਚੇ ਜਾ ਰਹੇ ਪੰਜਾਬੀ ਬਾਲ ਸਾਹਿਤ ਦਾ ਲੇਖਾ-ਜੋਖਾ ਕੀਤਾ ਜਾਣਾ ਸੀ, ਤੋਂ ਬਿਨਾਂ ਬਾਲ ਸਾਹਿਤ ਰਚਣ 'ਚ ਆ ਰਹੀਆਂ ਸਮੱਸਿਆਵਾਂ ਦੇ ਨਾਲ-ਨਾਲ ਰਾਸ਼ਟਰੀ ਪੱਧਰ 'ਤੇ ਇਸ ਖੇਤਰ ਵਿੱਚ ਹੋ ਰਹੇ ਕਾਰਜ ਬਾਰੇ ਵੀ ਵਿਚਾਰ ਵਟਾਂਦਰਾ ਹੋਣਾ ਸੀ। ਇਸ ਕਰਕੇ ਪੰਜਾਬ ਤੋਂ ਬਾਹਰਲੇ ਕੁਝ ਸੂਬਿਆਂ ਦੇ ਲੇਖਕ-ਲੇਖਕਾਵਾਂ ਵੀ ਸੱਦੇ ਹੋਏ ਸਨ। ਦੋ-ਦਿਨ ਕਾਨਫਰੰਸ ਚੱਲਣੀ ਸੀ। ਲੇਖਕਾਂ ਦੇ ਖਾਣੇ ਅਤੇ ਰਹਾਇਸ਼ ਦਾ ਬੜਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਸ਼ਾਮ ਦੇ ਖਾਣੇ ਤੋਂ ਪਹਿਲਾਂ ਲੇਖਕ ਹਵਾ-ਪਿਆਜ਼ੀ ਹੋ ਗਏ। ਭੰਡਾਰੀ ਸਾਹਿਬ ਸਾਡੇ ਕੋਲ ਖੜ੍ਹੇ ਸਨ। ਉਨ੍ਹਾਂ ਦੀ ਨਿਗ੍ਹਾ ਇਕ ਖ਼ੂਬਸੂਰਤ ਹਿੰਦੀ ਲੇਖਕਾ 'ਤੇ ਪਈ। ਉਸਦੇ ਵਾਲਾਂ ਦੀ ਫ਼ੱਬਤ ਨੇ ਸਵੇਰ ਦਾ ਹੀ ਧਿਆਨ ਖਿੱਚਿਆ ਹੋਇਆ ਸੀ। ਉਸਦਾ ਪੜ੍ਹਿਆ ਪਰਚਾ ਸਭ ਨੇ ਸਲਾਹਿਆ ਸੀ। ਭੰਡਾਰੀ ਸਾਹਿਬ ਉਸ ਕੋਲ ਜਾ ਕੇ ਉਸਦੇ ਪੇਪਰ ਦੀ ਪ੍ਰਸੰਸਾ ਕਰਨ ਲੱਗ ਪਏ। ਅਸੀਂ ਸਭ ਇਕ ਦੂਜੇ ਨੂੰ ਵੇਖਕੇ ਮੁਸਕਰਾਏ। ਲੇਖਿਕਾ ਕੁਝ ਚਿਰ ਭੰਡਾਰੀ ਜੀ ਨਾਲ ਗੱਲੀਂ ਲੱਗੀ ਰਹੀ। ਹੁਣ ਉਹ ਜਿਵੇਂ ਭੰਡਾਰੀ ਤੋਂ ਪਿੱਛਾ ਛੁਡਾਣਾ ਚਾਹ ਰਹੀ ਸੀ। ਪਰ ਨਹੀਂ-ਭੰਡਾਰੀ ਸਾਹਿਬ ਜੁੱਟੇ ਰਹੇ। ਉਸਦੇ ਪਿੱਛੇ ਪਿੱਛੇ ਉਸਦੇ ਕਮਰੇ ਤੱਕ ਚਲੇ ਗਏ। ਇਹ ਤਾਂ ਰੱਬ ਹੀ ਜਾਣੇ-ਉਸਨੇ ਭੰਡਾਰੀ ਸਾਹਿਬ ਤੋਂ ਪਿੱਛਾ ਕਿਵੇਂ ਛੁਡਾਇਆ। ਲੇਖਕ ਭੰਡਾਰੀ ਨੂੰ ਮਸ਼ਕਰੀਆਂ ਕਰਨੋਂ ਬਾਜ ਨਾ ਆਏ ਤਾਂ ਅੱਗੋਂ ਭੰਡਾਰੀ ਜੀ ਬੋਲੇ, "ਦੇਖ ਬਈ ਦੋਸਤੋ-ਮੈਂ ਔਰਤਾਂ ਦਾ ਦਿਲੋਂ ਬੜਾ ਸਤਿਕਾਰ ਕਰਦਾ ਹਾਂ। ਜਦੋਂ ਘੁੱਟ ਪੀਤੀ ਹੋਵੇ-ਇਹ ਮੋਹ 'ਚ ਤਬਦੀਲ ਹੋ ਜਾਂਦੈ। ਮੋਹ ਆਈ ਜਾਂਦੈ। ਦੱਸੋ ਫਿਰ ਕੀ ਕਰੇ ਬੰਦਾ। ਆਪਾਂ ਆਪਣਾ ਮੋਹ ਜਤਾ ਦਿੱਤਾ। ਫ਼ਰਜ਼ ਐ ਇਹ।"

ਉਸਦੀ ਇਹ ਗੱਲ ਸੱਚ ਲੱਗਦੀ ਹੈ। ਚੰਡੀਗੜ੍ਹ ਦੀ ਇਕ ਚਰਚਿਤ ਆਲੋਚਕ ਤੇ ਕਵਿਤਰੀ ਉਸ ਦੀ ਕੀਤੀ ਪ੍ਰਸੰਸਾ ਤੇ ਹੌਂਸਲਾ ਅਫ਼ਜ਼ਾਈ ਦੀ ਉਪਜ ਪ੍ਰਤੀਤ ਹੁੰਦੀ। ਮੈਂ ਅਤੇ ਰਮਨ ਜਦੋਂ ਚੰਡੀਗੜ੍ਹ ਸੈਕਟਰ ਚੁਤਾਲੀ ਵਾਲੇ ਘਰ ਕਦੇ ਵੀ ਮਿਲਣ ਗਏ। -ਇਕ ਨਾ ਇਕ ਹਾਜ਼ਰ ਮਿਲੀ। ਉਹ ਬੀਬੀਆਂ ਭਾਵੇਂ ਸਾਡੀਆਂ ਜ਼ਿਆਦਾ ਵਾਕਿਫ਼ ਨਹੀਂ ਸੀ-ਤਾਂ ਵੀ ਭੰਡਾਰੀ ਕੋਲੋਂ ਉੱਠਣ ਦਾ ਨਾਂ ਹੀ



ਨਾ ਲੈਂਦੀਆਂ। ਘੜੀਆਂ ਦੇਖਕੇ ਉੱਬ ਜਾਣਾ। ਕਦੋਂ ਇਹ ਹਿੱਲਣ। ਕੋਈ ਕੰਮ ਦੀ ਗੱਲ ਹੋਵੇ। ਪਰ ਕਿੱਥੇ! -ਪੈੱਗ ਪੀਂਦਿਆਂ ਰਮਨ ਨੇ ਭੰਡਾਰੀ ਨੂੰ ਆਖਿਆ, "ਭੰਡਾਰੀ ਸਾਹਿਬ ਕਿਉਂ ਐਵੇਂ ਐਨਾ ਵਕਤ ਜਾਇਆ ਕਰੀ ਜਾਨੇ ਹੁੰਨੇ ਉਂ। ਇਨ੍ਹਾਂ ਕੋਲ ਕੋਈ ਕੰਮ ਦੀ ਗੱਲ ਨਹੀਂ ਹੁੰਦੀ। ਫੈਸ਼ਨ ਵਜੋਂ ਲਿਖਦੀਆਂ ਨੇ ਜਿਮੇਂ!" ਭੰਡਾਰੀ ਆਪਣੇ ਦੁੱਧ ਚਿੱਟੇ ਹੱਥ ਨੂੰ ਪੋਲਿਆਂ ਜਿਹਾ ਪਹਿਲਾਂ ਕੰਨ ਕੋਲ ਨੂੰ ਲਿਜਾਵੇਗਾ। ਫਿਰ ਸਿਰ 'ਤੇ ਫੇਰਦਿਆਂ ਕਹਿਣ ਲੱਗੇਗਾ, "ਗੱਲ ਇਕ ਨੀ ਕਈ ਹੁੰਦੀਆਂ ਨੇ ਰਮਨ ਜੀ। ਇਕ ਤਾਂ ਸਾਡਾ ਗਵਾਂਢ ਮੱਥਾ। ਮੂੰਹ ਜਿਹਾ ਮੋੜਦਾ ਊਈਂ ਨੀ ਚੰਗਾ ਲੱਗਦਾ ਆਦਮੀ। ਦੂਜਾ ਕਿਹੜਾ ਹਰ ਵੇਲੇ ਲਿਖੀ ਜਾਂਦੈ ਏ ਬੰਦਾ। ਵਿਹਲੇ ਵੇਲੇ ਅਗਲੇ ਦੀਆਂ ਈ ਸੁਣ ਲਵੋ। ਤੀਜੇ ਆਪਣੇ ਤੀਵੀਆ ਚੁੰਗਲੀਆਂ ਤੇ ਬਦਖ਼ੋਈ ਵਿਚ ਜ਼ਿਆਦਾ ਸਮਾਂ ਬਰਬਾਦ ਕਰ ਦਿੰਦੀਆਂ ਨੇ। ਸੋਚੀਦੈ ਚਲੋ ਜੇ ਇਹ ਚੰਗੇ ਪਾਸੇ ਲੱਗ ਪਈਆਂ ਨੇ ਤਾਂ ਹੱਲਾਸ਼ੇਰੀ ਦੇਣੀ ਕੀ ਮਾੜੀ ਐ। ਮੈਨੂੰ ਪਤਾ ਹੈ ਕਿ ਸਾਹਿਤ ਦੇ ਸਰਾਂ ਦੀ ਥਾਹ ਪਾਉਣੀ ਐਨੀ ਸੌਖੀ ਨੀ। ਜਿੰਨਾ ਕੁ ਹੁੰਦਾ ਏ ਓਨਾ ਹੀ ਕਰੀ ਜਾਣ-ਏਹੀ ਬਹੁਤ ਐ, ਇਨ੍ਹਾਂ ਲਈ ਵੀ, ਸਾਡੇ ਲਈ ਵੀ।"

ਮੋਹਨ ਭੰਡਾਰੀ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਿਖਿਆ ਵਿਭਾਗ ਦੇ ਵੱਡੇ ਦਫ਼ਤਰ ਡੀ. ਪੀ. ਆਈ. (ਸ) ਵਿਚ ਦਫ਼ਤਰੀ ਫਾਇਲਾਂ ਨਾਲ ਮੱਥਾ ਮਾਰਦਿਆਂ ਬਤੀਤ ਕੀਤਾ ਹੈ। ਇੱਥੋਂ ਹੀ ਉਹ ਸੁਪਰਡੈਂਟ ਵਜੋਂ ਸੇਵਾ ਮੁਕਤ ਹੋਏ। ਭੰਡਾਰੀ ਸਾਹਿਬ ਦੇ ਇਥੋਂ ਬਾਰੇ ਅਨੁਭਵ ਦੱਸਣ ਤੋਂ ਪਹਿਲਾਂ ਆਪਣੀ ਗੱਲ ਦੱਸਦਾ ਹਾਂ। ਮੈਂ ਸਰਕਾਰੀ ਹਾਈ ਸਕੂਲ ਬਹਿਲੋਲਪੁਰ ਵਿਖੇ ਪੰਜਾਬੀ ਅਧਿਆਪਕ ਵਜੋਂ ਕੰਮ ਕਰ ਰਿਹਾ ਸੀ। ਸਮਰਾਲਾ ਵਿਖੇ ਪੰਜਾਬੀ ਦੀ ਪੋਸਟ ਖਾਲੀ ਪਈ ਸੀ। ਮੈਂ ਇੱਥੇ ਆਉਣਾ ਚਾਹੁੰਦਾ ਸੀ। ਜਾਣਕਾਰਾਂ ਦਾ ਕਹਿਣਾ ਸੀ ਕਿ ਤੇਰੇ ਲਈ ਇਹ ਕਿਹੜੀ ਔਖੀ ਗੱਲ ਹੈ। ਤੁਹਾਡਾ ਲੇਖਕ ਮਿੱਤਰ ਭੰਡਾਰੀ ਅਸਟੈਬਲਿਸ਼ੂਮੈਂਟ ਬਰਾਂਚ ਦਾ ਸੁਪਰਡੈਂਟ ਹੈ। ਅਰਜ਼ੀ ਦੇਹ-ਬਦਲੀ ਹੋਈ ਲੈ। ਮੈਂ ਅਰਜ਼ੀ ਲੈ ਕੇ ਚੰਡੀਗੜ੍ਹ ਡੀ. ਪੀ. ਆਈ. ਦੇ ਦਫ਼ਤਰ ਮੋਹਨ ਭੰਡਾਰੀ ਜੀ ਕੋਲ ਪਹੁੰਚ ਗਿਆ। ਤੀਜਾ ਪਹਿਰ ਸੀ। ਬਰਾਂਚ ਵਿੱਚ ਇਕ ਛੋਟੀ ਜਿਹੀ ਪਾਰਟੀ ਚੱਲ ਰਹੀ ਸੀ। ਇਕ ਇਕ ਸਮੋਸਾ, ਇਕ ਟੁਕੜਾ ਬਰਫ਼ੀ ਦਾ ਅਤੇ ਇਕ ਕੱਪ ਚਾਹ ਦਾ ਸਭ ਨੂੰ ਵਰਤਾਇਆ ਜਾ ਰਿਹਾ ਸੀ। ਝਕਦਿਆਂ ਮੈਂ ਵਾਪਸ ਮੁੜਨ ਲੱਗਿਆ ਤਾਂ ਭੰਡਾਰੀ ਜੀ ਨੇ ਧੱਕੇ ਨਾਲ ਹੀ ਬਹਾ ਲਿਆ, "ਬਹਿ ਜਾ, ਕੋਈ ਨਾ ਸਭ ਆਪਣੇ ਈ ਨੇ, ਥੱਲੇ ਵੀ ਤਾਂ ਚਾਹ ਏ ਪੀਣੀ ਏਂ। ਐਥੇ ਈ ਪੀ ਲੈ।" ਚਾਹ ਪੀਂਦਿਆਂ ਹੀ ਮੈਂ ਆਪਣਾ ਮਸਲਾ ਦੱਸਿਆ। ਉਨ੍ਹਾਂ ਅਰਜ਼ੀ ਫੜਕੇ ਫਾਈਲ 'ਚ ਲਾ ਲਈ। ਥੱਲੇ ਉਤਰਦਿਆਂ ਮੈਂ ਪੁੱਛਿਆ, "ਤੁਹਾਡਾ ਧੰਨਵਾਦ ਕਰਦੇ ਸੀ ਉਹ। ਕਾਹਦੀ ਪਾਰਟੀ ਕੀਤੀ ਐ ਤੁਸੀਂ!" ਸਿਗਰਟ ਸੁਲਘਾਉਂਦਿਆਂ ਭੰਡਾਰੀ ਮੁਸਕਰਾਇਆ, "ਬੱਸ ਐਵੀਂ। ਖ਼ੁਸ਼ ਰੱਖੀਦੇ ਨੇ ਮੁੰਡੇ। ਯਾਰ ਇਹ ਰੋਜ਼ ਏ ਕੋਈ ਪਾਰਟੀ ਕਰ ਦਿੰਦੇ ਨੇ। ਕੋਈ ਕਹੂ-ਆਹ ਹੋ ਗਿਆ। ਕੋਈ ਕਹੂ-ਓਹ ਹੋ ਗਿਐ! ਐਵੇਂ ਹੀ ਮੈਂ ਕਰ ਦਿੰਨਾ ਹੁੰਨੈਂ। ਊਈਂ ਖਾਈ ਜਾਓ-ਚੰਗਾ ਨੀ ਲੱਗਦਾ।"

ਆਥਣੇ ਭੂਸ਼ਨ, ਦੇਵ ਭਾਰਦਵਾਜ, ਅਮਰ ਗਿਰੀ, ਰਾਜਕੁਮਾਰ ਆਰਟਿਸਟ ਆਦਿ ਲੇਖਕ ਵੀ ਆ ਗਏ। ਵਾਹ-ਵਾਹ ਮਹਿਫਲ ਲੱਗ ਗਈ। ਮੇਰੀ ਬਦਲੀ ਦੀ ਗੱਲ ਚੱਲ ਗਈ। ਭੰਡਾਰੀ ਜੀ ਬਾਥਰੂਮ ਗਏ ਹੋਏ ਸਨ। ਭੂਸ਼ਨ ਬੋਲਿਆ, "ਮੈਂ ਵੀ ਇਸੇ ਦਫ਼ਤਰੋਂ ਧੱਕੇ ਖਾਂਦਾ ਗਿਐਂ। ਜਸਵੰਤ ਸਿੰਘ ਵਿਰਦੀ ਵੀ ਕਦੇ ਇੱਥੇ ਕੰਮ ਕਰਦਾ ਰਿਹਾ ਏ। ਹੁਣ ਭੰਡਾਰੀ ਸਾਹਿਬ ਨੰ. ਵਨ ਸੀਟ 'ਤੇ ਨੇ। ਸੱਚ ਪੁੱਛੋਂ ਤਾਂ ਇਹੋ ਜਿਹੀਆਂ ਸੀਟਾਂ ਲੈਣ ਲਈ ਵੀ ਪਹੁੰਚ ਤੇ ਪੈਸਾ ਕੰਮ ਕਰਦਾ ਏ। ਭੰਡਾਰੀ ਸਾਹਿਬ ਨੇ ਜ਼ਿੰਦਗੀ 'ਚ ਉਪਰੋਂ ਇਕ ਪੈਸਾ ਨਹੀਂ ਬਣਾਇਆ। ਅਸਲ ਵਿੱਚ ਅਜਿਹੇ ਬੰਦੇ ਪੈਸੇ ਬਣਾ ਸਕਦੇ ਈ ਨਹੀਂ। ਇਹ ਕੰਮ ਹੋਰ ਏ ਤਰ੍ਹਾਂ ਦੇ ਬੰਦਿਆਂ ਦੇ ਹੁੰਦੇ ਹਨ-ਮਤਲਬ ਚਾਲੂ ਕਿਸਮ ਦੇ ਬੰਦਿਆਂ ਦੇ। ਤੇਰੀ ਬਦਲੀ ਹੋ ਵੀ ਸਕਦੀ ਐ। ਨਹੀਂ ਵੀ। ਭੰਡਾਰੀ ਵੱਲੋਂ ਤਾਂ ਹੋ ਗਈ ਸਮਝ। ਹੋਰ ਲੱਕੜ ਬੱਗੇ ਥੋੜ੍ਹੇ ਨੇ-

ਅੜਿੱਕਾ ਡਾਹੁਣ ਵਾਲੇ।”

ਓਹੀ ਗੱਲ ਹੋਈ। ਜਦੋਂ ਮੇਰੇ ਸਮਰਾਲੇ ਆਉਣ ਦੀ ਗੱਲ ਮਾੜੀ ਜਿਹੀ ਫੈਲੀ ਤਾਂ ਚੌਥੇ ਦਿਨ ਮੇਰੀ ਜਗ੍ਹਾ ਹੋਰ ਕੋਈ ਬੰਦਾ ਜੁਆਇਨ ਵੀ ਕਰ ਚੁੱਕਾ ਸੀ। ਕਾਫ਼ੀ ਚਿਰ ਪਿੱਛੋਂ ਇਕ ਦਾਰੂ ਦੀ ਮਹਿਫ਼ਲ ਵਿਚ ਉਸ ਮਾਸਟਰ ਨੇ ਲੇਖਕਾਂ ਦਾ ਮਜ਼ਾਕ ਉਡਾਉਣ ਦੇ ਲਹਿਜੇ 'ਚ ਦੱਸਿਆ ਸੀ, 'ਲਓ ਬੀ ਥੋਨੂੰ ਦੱਸਾਂ। ਭੰਡਾਰੀ ਸਾਹਿਬ ਨੇ ਤਾਂ ਗੋਰੀਆ ਦੇ ਹੱਕ ਵਿੱਚ ਨੋਟਿੰਗ ਦੇਣ ਲੱਗਿਆਂ ਕਮਾਲ ਈ ਕਰ ਦਿੱਤੀ ਸੀ। ਅਖੇ-ਕਰਮਚਾਰੀ ਅਧਿਆਪਨ ਯੋਗਤਾ ਵਾਲੇ ਵਿਸ਼ੇ ਵਿੱਚ ਸੈਕੰਡ ਡਵੀਜ਼ਨ ਵਿੱਚ ਐਮ. ਏ. ਪਾਸ ਹੈ। ਜੇਕਰ ਇਸ ਨੂੰ ਸੈਕੰਡਰੀ ਸਕੂਲ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਇਸਦੀ ਵੱਧ ਯੋਗਤਾ ਦਾ ਵਿਭਾਗ ਲਾਭ ਪ੍ਰਾਪਤ ਕਰ ਸਕਦਾ ਹੈ। ਹੁਕਮ ਲਈ ਪ੍ਰਵਾਨ ਹੋਵੇ। -ਅਸੀਂ ਭਾਈ ਆ ਦੇਖਿਆ ਨਾ ਤਾਅ ਦੇਖਿਆ-ਇਕ ਹਜ਼ਾਰ ਰੁਪਿਆ ਚਿੱਟੇ ਲਿਫ਼ਾਫ਼ੇ ਵਿਚ ਪਾ ਕੇ ਸੰਬੰਧਿਤ ਕਲਰਕ ਨੂੰ ਫੜਾ ਦਿੱਤਾ। ਉਸ ਪਿਓ ਦੇ ਪੁੱਤ ਨੇ ਨੋਟਿੰਗ ਵਾਲਾ ਕਾਗਜ਼ ਇਹਦੀ ਫ਼ਾਈਲ 'ਚੋਂ ਕੱਢ ਕੇ ਮੇਰੀ ਅਰਜ਼ੀ ਨਾਲ ਲਗਾ ਦਿੱਤਾ। ਕੰਮ ਫ਼ਤਹਿ।” ਮੈਂ ਹੈਰਾਨ ਤਾਂ ਹੋਇਆ, ਪਰ ਮੈਨੂੰ ਅਫ਼ਸੋਸ ਕੋਈ ਨਾ ਹੋਇਆ। ਭੰਡਾਰੀ ਸਾਹਿਬ ਦੀ ਕਦਰ ਮੇਰੇ ਅੰਦਰ ਹੋਰ ਵੱਧ ਗਈ। ਇਸ ਸਿਸਟਮ ਦੇ ਅੰਦਰ ਆਪ ਕੰਮ ਕਰਦੇ ਰਹੇ ਹੋਣ ਕਰਕੇ ਜਿੰਨਾ ਉਹ ਇਸ ਨੂੰ ਵਧੇਰੇ ਸਮਝਦੇ ਹਨ-ਉਂਨਾ ਡੂੰਘਾਈ ਨਾਲ ਸ਼ਾਇਦ ਹੋਰ ਨਹੀਂ।

ਅਨਤੋਨ ਚੈਖ਼ੋਵ ਮੋਹਨ ਭੰਡਾਰੀ ਦਾ ਮਹਿਬੂਬ ਲੇਖਕ ਹੈ। ਉਸਦੀ ਕਹਾਣੀ 'ਇਕ ਕਲਰਕ ਦੀ ਮੌਤ' ਪੜ੍ਹ ਕੇ ਭੰਡਾਰੀ ਉਸ ਨਾਲ ਮੁਤਫ਼ਿਕ ਨਹੀਂ ਸੀ ਹੋ ਸਕਿਆ। ਉਸਨੇ ਆਪਣੇ ਦਫ਼ਤਰ ਵਿੱਚ ਇਨ੍ਹਾਂ ਬੰਦਿਆਂ ਨੂੰ ਜ਼ਿੰਦਗੀ ਨਾਲ ਜੂਝਦਿਆਂ ਵੇਖਿਆ ਹੋਇਆ ਸੀ। ਭੰਡਾਰੀ ਦਾ ਬਿਆਨ ਦੇਖੋ- “ਉਸ ਦਿਨ ਚੈਖ਼ਵ ਪਹਿਲੀ ਵਾਰ ਮੈਨੂੰ ਚੰਗਾ ਨਹੀਂ ਸੀ ਲੱਗਿਆ। ਅੰਤਨ ਚੈਖ਼ਵ, ਮੇਰਾ ਮਹਿਬੂਬ ਲੇਖਕ। ਜੀਹਨੂੰ ਮੈਂ ਬੇਹੱਦ ਪਿਆਰ ਕਰਦਾ ਹਾਂ ਤੇ ਪਿਛਲੇ ਇੱਕੀ ਵਰ੍ਹਿਆਂ ਤੋਂ ਉਹਨੂੰ ਸਲੀਬ ਵਾਂਗ, ਆਪਣੇ ਮੋਢਿਆਂ ਉੱਤੇ ਚੁੱਕੀ ਫਿਰਿਆ ਹਾਂ।

ਕਾਸ਼! ਉਹ ਮੇਰੇ ਵਾਂਗ, ਇਕ ਚੁਥਾਈ ਸਦੀ ਕਿਸੇ ਰੇਗਿਸਤਾਨ ਵਰਗੇ ਠੰਢੇ ਦਫ਼ਤਰ ਦੀ ਦਲਦਲ ਵਿੱਚ ਬੈਠ ਕੇ, ਲਗਾਤਾਰ ਸਪੈਲੀ ਜ਼ਹਿਰ ਵਰਗੀ ਮੁਸਕਰਾਹਟ ਦਾ ਸਾਹਮਣਾ ਕਰਦਾ। ਮੁਸਕਰਾਹਟ, ਜੀਹਦੇ ਵਿੱਚ ਕੇਵਲ ਤਿੱਖੇ ਤੇ ਚਿੱਟੇ ਦੰਦ ਨਜ਼ਰ ਆਉਂਦੇ ਹਨ। ਦੰਦਾਂ ਦੇ ਅੰਦਰਵਾਰ ਅਤਿ ਦੀ ਕੋਝੀ ਅਤੇ ਘਿਨੌਣੀ ਨਫ਼ਰਤ। ਜਿੱਥੇ ਗੰਦੀ ਨਾਲੀ ਦੇ ਕੀੜਿਆਂ ਵਰਗੀ ਕੁਰਬਲ ਕੁਰਬਲ ਹੈ। ਹੜਬਾਂ ਹਨ, ਵਿੰਗੇ ਟੇਢੇ ਗੰਜ ਹਨ ਅਤੇ ਅੰਨ੍ਹੀਂ ਗੁਫ਼ਾ ਵਰਗੀਆਂ ਅੱਖਾਂ। ਅੱਖਾਂ ਦੇ ਡੂੰਘੇ ਹਨੇਰੇ ਵਿੱਚ ਕਿਤੇ ਦਮ ਤੋੜਦੀ ਕਸਕ! ਇੱਥੇ ਆਦਮੀ ਨੂੰ ਦੂਜੇ ਦਾ ਗੁਨਾਹ ਆਪਣੇ ਉੱਤੇ ਲੈਂਦਿਆਂ, ਝਲਦਿਆਂ ਅਤੇ ਜਰਦਿਆਂ ਇਕ ਝੁਣਝਣੀ ਤੱਕ ਨਹੀਂ ਆਉਂਦੀ। ਏਥੇ ਕੁਆਰੀ ਮਰੀਅਮ ਦੀ ਕੁੱਖ ਵਰਗਾ ਇਕ ਵੀ ਸਹਾਰਾ ਨਹੀਂ ਦਿੱਸਦਾ ਜਿੱਥੇ ਇਹ ਗੁਨਾਹ ਪਵਿੱਤਰ ਹੋ ਜਾਣ। ਸਗੋਂ ਸੜਹੇਾਂਦ ਭਰਿਆ, ਤਿੱਖਾ ਤੇ ਦਮਘੁੱਟਵਾਂ ਵਾਤਾਵਰਣ ਚੁਫ਼ੇਰੇ ਪਸਰਿਆ ਹੋਇਆ ਹੈ। ਇਹ ਉਹ ਥਾਂ ਹੈ ਜਿੱਥੇ ਮਨੁੱਖ ਦਾ ਵਿਵੇਕ ਗੁਆਚ ਜਾਂਦਾ ਹੈ। ਅਹਿਸਾਸ ਮਰ ਜਾਂਦਾ ਹੈ ਅਤੇ ਜਣੇਪਾ ਕੱਟ ਕੇ ਹਟੀ ਮਾਂ ਦੇ ਢਿੱਡ ਦੀ ਔਲ ਵਾਂਗ ਭਟਕਦੇ ਲੋਕ ਪ੍ਰੇਤ ਜੂਨ ਭੋਗਦੇ ਹਨ।

ਫੇਰ ਉਹ ਕਦੇ ਵੀ, 'ਇਕ ਕਲਰਕ ਦੀ ਮੌਤ' ਵਰਗੀ ਕਹਾਣੀ ਨਾ ਲਿਖਦਾ। ਇਹ ਠੀਕ ਹੈ ਕਿ ਹੀਣੇਪਣ ਦਾ ਅਹਿਸਾਸ ਆਦਮੀ ਨੂੰ ਮਾਰ ਕੇ ਰੱਖ ਦਿੰਦਾ ਹੈ। ਪਰ ਅਜਿਹਾ ਵਾਤਾਵਰਣ ਪੈਦਾ ਕਰਕੇ ਉਹਨੂੰ ਮਾਰਨ ਦਾ ਜ਼ਿੰਮੇਵਾਰ ਕੌਣ ਹੈ? ਇਹ ਸਵਾਲ ਕਦੇ-ਕਦੇ ਮੇਰੇ ਮਨ 'ਚ ਖੌਰੂ ਪਾ ਦਿੰਦਾ ਹੈ।”

ਮੋਹਨ ਭੰਡਾਰੀ ਦਫ਼ਤਰੀ ਮਾਹੌਲ ਅਤੇ ਅਤਿਆਧੁਨਿਕ ਸ਼ਹਿਰ ਚੰਡੀਗੜ੍ਹ ਵਿਚ ਰਹਿ ਕੇ ਵੀ ਇਹੋ ਜਿਹਾ ਨਹੀਂ ਹੋ ਸਕਿਆ। ਉਸਦੇ ਅੰਦਰ ਅਜੇ ਵੀ ਮਾਲਵੇ ਦੀ ਮਹਿਕ ਹੈ। ਮੁੱਲਾਂਪੁਰੋਂ ਭੰਡਾਰੀ ਜੀ



ਨਾਲ 'ਰੂ-ਬ-ਰੂ' ਦਾ ਕੰਮ ਮੁਕਾ ਕੇ ਅਸੀਂ ਸਮਰਾਲੇ ਆ ਗਏ। ਮੇਰੇ ਘਰ ਦੇ ਨਜ਼ਦੀਕ ਵਾਲੀ ਮੋਟਰ 'ਤੇ ਅਸੀਂ ਨਹਾਉਣ ਚਲੇ ਗਏ। ਬੱਚਿਆਂ ਵਰਗੇ ਉਮਾਹ ਨਾਲ ਭੰਡਾਰੀ ਨੇ ਚੁਬੱਚੇ ਵਿੱਚ ਡੁੱਬਕੀਆਂ ਲਗਾਈਆਂ। ਕਹਿੰਦੇ, 'ਯਾਰ ਮਜ਼ਾ ਈ ਆ ਗਿਆ। ਅਜਿਹੀਆਂ ਐਸ਼ਾਂ, ਸ਼ਹਿਰਾਂ 'ਚ ਕਿੱਥੇ।' -ਫਿਰ ਸ਼ਾਮ ਨੂੰ ਦੁੱਧ ਪੀਂਦਿਆਂ ਇਸ 'ਚੋਂ ਆਉਂਦੀ ਖੁਸ਼ਬੂ ਉਨ੍ਹਾਂ ਨੂੰ ਬੜੀ ਪਸੰਦ ਆਈ। 'ਹਰੇਕ ਚੀਜ਼ ਦੀ ਖੁਸ਼ਬੋ-ਉਸਦੀ ਸ਼ੁੱਧਤਾ ਬਾਰੇ ਪਤਾ ਦੇ ਦਿੰਦੀ ਐ!'

ਸਮਕਾਲੀ ਲੇਖਕਾਂ 'ਚ ਭੰਡਾਰੀ ਨੂੰ ਪਿਆਰ ਤੇ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਉਨ੍ਹਾਂ ਨਾਲ ਬੈਠਣ ਦਾ ਲੇਖਕਾਂ 'ਚ ਚਾਅ ਤੇ ਉਮਾਹ ਹੁੰਦਾ ਹੈ। ਉਸਦੇ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦਾ ਮਾਣ ਅਤੇ ਅਹਿਸਾਸ ਹੈ। ਭੈਣ ਜੀ ਨਿਰਮਲਾ (ਉਨ੍ਹਾਂ ਦੀ ਪਤਨੀ), ਪੁੱਤਰ ਰਾਹੁਲ ਉਨ੍ਹਾਂ ਦੇ ਪੀਣ ਦੇ ਸ਼ੌਂਕ ਤੋਂ ਵੀ ਵਾਕਫ਼ ਹਨ। ਇਸ ਕਰਕੇ ਅੱਜ ਕਲ੍ਹ ਭੰਡਾਰੀ ਸਾਹਿਬ ਨੂੰ ਜਿੱਥੇ ਵੀ ਭੇਜਿਆ ਜਾਂਦਾ ਹੈ ਤਾਂ ਕਿਸੇ ਜਾਣੂ ਜ਼ਿੰਮੇਵਾਰ ਵਿਅਕਤੀ ਨੂੰ ਕੱਚ ਦੇ ਸਮਾਨ ਵਾਂਗ ਸੰਭਾਲਿਆ ਜਾਂਦਾ ਹੈ। ਆਮ ਤੌਰ 'ਤੇ ਕਾਰ ਵਿਚ। ਪਿੱਛੇ ਜਿਹੇ ਅਮਰਗੜ੍ਹ ਜਸਵੀਰ ਰਾਣਾ ਦੇ ਕਹਾਣੀ ਸੰਗ੍ਰਹਿ ਦੇ ਰਿਲੀਜ਼ ਸਮੇਂ ਉਹ ਤੇ ਪ੍ਰੇਮ ਪ੍ਰਕਾਸ਼ ਕਾਰ 'ਚ ਆਏ-ਉਵੇਂ ਵਾਪਸ!

ਲੁਧਿਆਣੇ ਭੰਡਾਰੀ ਜੀ ਦੀਆਂ ਕਹਾਣੀਆਂ 'ਤੇ ਗੋਸ਼ਟੀ ਸੀ। ਸ਼ਾਮੀਂ ਤਰਲੋਚਨ ਝਾਂਡੇ ਦੇ ਘਰ ਪਿੰਡ ਝਾਂਡੇ ਵਿਖੇ ਮਹਿਫ਼ਲ ਸਜੀ। ਰਾਤੀਂ ਬਿਜਲੀ ਗੁਲ ਹੋਣ ਕਾਰਨ ਖੁੱਲ੍ਹੀ ਛੱਤ 'ਤੇ ਸੁੱਤੇ। ਭੰਡਾਰੀ ਹੋਰੀਂ ਖੁੱਲ੍ਹੇ ਅਸਮਾਨ 'ਤੇ ਚਮਕਦੇ ਤਾਰਿਆਂ ਤੇ ਹਵਾ ਦੇ ਬੁੱਲ੍ਹਿਆਂ ਨੂੰ ਸਲਾਹ ਰਹੇ ਸਨ। ਤੀਜੇ ਦਿਨ ਖ਼ਤ ਮਿਲਿਆ, 'ਲੁਧਿਹਾਣਾ ਵਿਖੇ ਮੇਰੀਆਂ ਕਹਾਣੀਆਂ ਉੱਤੇ ਗੋਸ਼ਟੀ ਮੈਨੂੰ ਬਹੁਤ ਚੰਗੀ ਲੱਗੀ। ਇਸਦੀ ਸਫ਼ਲਤਾ ਪਿੱਛੇ ਤੁਹਾਡੀ ਅਤੇ ਅਦਬੀ ਦਾਇਰਾ ਦੇ ਹੋਰ ਸੱਜਣਾਂ ਦੀ ਲਗਨ ਅਤੇ ਮਿਹਨਤ ਸਾਫ਼ ਦਿਖਾਈ ਦੇ ਰਹੀ ਸੀ। ਏਸ ਸੁਹਿਰਦ ਉੱਦਮ ਵਾਸਤੇ ਮੈਂ ਤੁਹਾਡਾ ਤੇ ਹੋਰ ਸਾਥੀਆਂ ਦਾ ਧੰਨਵਾਦੀ ਹਾਂ। ਬੜੇ ਅਦਬ ਨਾਲ-ਤੁਹਾਡਾ ਸੁਭਚਿੰਤਕ, ਮੋਹਨ ਭੰਡਾਰੀ।

ਪ. ਸ. ਕਦੇ ਗੇੜ ਲੱਗਿਆ ਤਾਂ ਡਾ. ਅਮਰਜੀਤ ਗਰੇਵਾਲ ਹੁਰਾਂ ਦੇ ਘਰੋਂ ਸਨਮਾਨ ਚਿੰਨ ਅਤੇ ਦੋ ਕਿਤਾਬਾਂ ਦਾ ਪੈਕਟ ਲੈ ਆਉਣਾ। ਪੈਕਟ ਵਿਚ ਸ੍ਰੀ ਸੁਰਜੀਤ ਜੱਜ ਹੋਰਾਂ ਦਾ ਲਿਖਿਆ ਪੇਪਰ ਵੀ ਹੈ। ਇਹ ਗੁਆਚਣ ਨਾ। ਧਿਆਨ ਰੱਖਣਾ।

– ਮੋਹਨ

ਇਸ ਪਿਆਰੇ ਕਹਾਣੀਕਾਰ ਦੀਆਂ ਕਹਾਣੀਆਂ 'ਚੋਂ ਕੁਝ ਫਿਕਰੇ ਪਾਠਕਾਂ ਦੀ ਨਜ਼ਰ ਹਨ ਜੋ 'ਪਛਾਣ' ਕਹਾਣੀ ਸੰਗ੍ਰਹਿ ਦੇ ਡਸਟ ਕਵਰ 'ਤੇ ਦਿੱਤੇ ਹੋਏ ਹਨ।

– ਮਨੁੱਖ ਦੀ ਸਹੀ ਪਛਾਣ ਉਹਦੇ ਅਮਲ 'ਚ ਲੁਕੀ ਹੁੰਦੀ ਹੈ.....

– ਵਿਚਾਰਧਾਰਾ ਤੋਂ ਬਿਨਾਂ ਆਦਮੀ ਇਉਂ ਹੈ ਕਿਵੇਂ ਹਰੇ ਪਤਿਆਂ ਤੋਂ ਬਿਨਾਂ ਰੁੱਖ।

– ਬੇਪਛਾਣੀ ਨਿਗੂਣੀ ਹੋਂਦ ਮਨੁੱਖ ਵਿਚ ਹੀਣ ਭਾਵ ਪੈਦਾ ਕਰਦੀ ਹੈ, ਵਿਦਰੋਹ ਵੀ......।

– ਵਿਦਰੋਹ ਦੀ ਭਾਵਨਾ ਜ਼ੁਲਮ ਦੇ ਸਿਖਰ 'ਚ ਤਿੱਖੀ ਹੁੰਦੀ ਹੈ।

– ਸਦੀਵੀ ਇਕਸਾਰਤਾ ਮਨੁੱਖ ਨੂੰ ਬੇਚੈਨ ਕਰ ਦਿੰਦੀ ਹੈ। ਉਹ ਤਾਂ ਸਦਾ ਪਰਿਵਰਤਨ ਭਾਲਦਾ ਹੈ।

– ਮਨੁੱਖ, ਮਨੁੱਖ ਦਾ ਤਰਸੇਵਾਂ ਹੈ.......

– ਸ਼ਬਦ ਵਿੱਚ ਮਨੁੱਖ ਦੀ ਆਤਮਾ ਦਾ ਲਿਸ਼ਕਾਰਾ ਹੁੰਦਾ ਹੈ।

– ਇਸ ਮੁਲਕ ਵਿੱਚ ਪਹਿਲਾਂ ਵੀ ਬੜੇ ਸੂਰਮੇ ਪੈਦਾ ਹੋਏ ਸਨ। ਕਿੰਨੇ ਹੀ ਮਹਾਂਪੁਰਸ਼। ਪਰ ਲੋਕਾਂ ਨੇ ਉਹਨਾਂ ਨੂੰ ਆਪੋ ਆਪਣੇ ਵਰਗਾਂ ਵਿੱਚ ਵੰਡ ਲਿਆ। ਫੇਰ ਅੰਨ੍ਹੇ ਵਿਸ਼ਵਾਸ ਵਿਚ ਉਨ੍ਹਾਂ ਨੂੰ ਰੱਬ ਬਣਾ ਕੇ ਮਾਰ ਦਿੱਤਾ।

## ਸਾਹਿਤ ਦਾ ਡਰਾਈਵਰ ਲੇਖਕ ਬਲਦੇਵ ਸਿੰਘ
### - ਗੁਰਮੀਤ ਕੜਿਆਲਵੀ

ਮੈਂ ਜਿਸ ਬਲਦੇਵ ਬਾਰੇ ਸਭ ਤੋਂ ਪਹਿਲਾਂ ਸੁਣਿਆ ਅਤੇ ਜਿਸ ਨੂੰ ਸਭ ਤੋਂ ਪਹਿਲਾਂ ਪੜ੍ਹਿਆ, ਉਹ 'ਨਾਗਮਣੀ' ਵਿੱਚ 'ਸੜਕਨਾਮਾ' ਨਾਂ ਦਾ ਕਾਲਮ ਲਿਖਣ ਵਾਲਾ ਬਲਦੇਵ ਸੀ। ਉਦੋਂ ਅਜੇ ਮੈਂ ਨੌਂਵੀਂ-ਦਸਵੀਂ ਜਮਾਤ ਵਿੱਚ ਪੜ੍ਹਦਾ ਸੀ। ਕਦੇ-ਕਦਾਈਂ ਉਸਦੀ ਕਹਾਣੀ ਵੀ ਇਸ ਵਿੱਚ ਛਪਦੀ ਰਹਿੰਦੀ ਸੀ।

ਜਿਸ ਬਲਦੇਵ ਨੂੰ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਮਿਲਿਆ ਉਹ ਨਾਟਕਕਾਰ ਸੀ। ਮੋਗਾ ਗੋਲੀ ਕਾਂਡ ਕਾਰਨ ਚਰਚਿਤ ਰਹੇ ਰੀਗਲ ਥੀਏਟਰ ਜੋ ਹੁਣ ਯਾਦਗਾਰੀ ਲਾਇਬਰੇਰੀ ਬਣ ਚੁੱਕਿਆ, ਦੀ ਸੌੜੀ ਜਿਹੀ ਸਟੇਜ 'ਤੇ ਟੱਬਰ ਦੇ ਜੀਆਂ ਨੂੰ ਨਾਲ ਲੈ ਕੇ ਨਾਟਕ ਖੇਡਦਾ। ਉਦੋਂ ਉਸਨੇ ਆਪਣੀ ਹੀ ਕਹਾਣੀ 'ਚੂਹੇ' ਦਾ ਨਾਟਕੀ ਰੂਪਾਂਤਰਣ ਪੇਸ਼ ਕੀਤਾ ਸੀ। ਉਦੋਂ ਤੱਕ ਮੇਰੀਆਂ ਵੀ ਕੁੱਝ ਕਹਾਣੀਆਂ ਇਧਰ-ਉਧਰ ਛਪ ਚੁੱਕੀਆਂ ਸਨ।

ਜਿਸ ਬਲਦੇਵ ਨਾਲ ਹੁਣ ਨੇੜਤਾ ਬਣੀ ਹੋਈ ਐ, ਜਿਸ ਕੋਲ ਘੰਟਿਆਂ-ਬੱਧੀ ਬੈਠ ਕੇ ਸਾਹਿਤ ਅਤੇ ਸਾਹਿਤ ਜਗਤ ਵਿੱਚ ਚਲਦੀਆਂ ਘੁਣਤਰਬਾਜ਼ੀਆਂ ਬਾਰੇ ਗੱਲਾਂ ਕਰ ਲਈਦੀਆਂ ਨੇ, ਜਿਹੜਾ ਬਲਦੇਵ ਹੁਣ ਸਾਡਾ ਮੋਗੇ ਵਾਲਾ ਬਾਈ ਐ, ਉਹ ਬਲਦੇਵ 'ਸੜਕਨਾਮਾ' ਦੇ ਨਾਲ-ਨਾਲ ਕਹਾਣੀਕਾਰ, ਨਾਟਕਕਾਰ ਤੋਂ ਇਲਾਵਾ, ਦੂਸਰਾ ਹੀਰੋਸ਼ੀਆ, ਕੱਲਰੀ ਧਰਤੀ, ਜੀ. ਟੀ. ਰੋਡ, ਕੱਚੀਆਂ ਕੰਧਾਂ, ਅੰਨਦਾਤਾ, ਲਾਲ ਬੱਤੀ ਅਤੇ ਪੰਜਵਾਂ ਸਾਹਿਬਜ਼ਾਦਾ ਵਰਗੇ ਚਰਚਿਤ ਨਾਵਲ ਲਿਖਣ ਵਾਲਾ ਨਾਵਲਕਾਰ ਐ।

ਬਲਦੇਵ ਅਕਸਰ ਮੋਗੇ ਦੇ ਬਸ ਅੱਡੇ 'ਤੇ ਮਿਲ ਹੀ ਜਾਂਦਾ ਹੈ। ਭਾਵੇਂ ਤੀਜੇ ਦਿਨ ਹੀ ਕਿਉਂ ਨਾ ਮਿਲੀਏ, ਫੇਰ ਵੀ ਆਖੂ,

"ਕਿਥੇ ਰਹਿਨੈ ? ਕਿਹੜੇ ਹਿਰਨਾਂ ਦੇ ਸਿੰਗੀ ਜਾ ਚੜਿਆਂ ? ਲਿਖਦਾ-ਲੁਖਦਾ ਨੀ। ਰੜਕਿਆ ਨੀ ਕਿਸੇ ਮੈਗਜ਼ੀਨ 'ਚ। ਅਫਸਰੀ ਤਾਂ ਨੀ ਡਮਾਕ ਨੂੰ ਚੜਗੀ ? ਚੱਕੀ ਚੱਲ ਫੱਟੇ !"

ਸਚਮੁੱਚ ਉਹ ਫੱਟੇ ਚੱਕੀ ਜਾਂਦਾ ਹੈ। ਜੀਵਨੀ, ਨਾਵਲ, ਮੁਲਾਕਾਤਾਂ, ਕਹਾਣੀਆਂ, ਸਫ਼ਰਨਾਮਾ....ਪਿੰਡ ਵਾਲੇ ਲਾਲੇ ਦੀ ਦੁਕਾਨ ਵਾਂਗ ਸਾਰਾ ਕੁਝ ਹੀ ਉਸਦੀ ਦੁਕਾਨ ਤੋਂ ਮਿਲ ਜਾਂਦਾ। ਨੇੜੇ-ਦੂਰ ਵਾਹ ਲੱਗਦੀ ਉਹ ਸਾਹਿਤਕ ਸਮਾਗਮ ਵੀ ਨਹੀਂ ਛੱਡਦਾ। ਡਰਾਈਵਰਾਂ ਵਾਲੀ ਫੁੱਲ ਸਪੀਡ। ਉਸਦਾ ਇਹ ਦੋਸ਼ ਉਸਦਾ ਗੁਣ ਬਣਿਆ ਹੋਇਆ। ਹੁਣ ਜਦੋਂ ਵੱਡੇ-ਵੱਡੇ ਨਾਵਾਂ ਵਾਲੇ ਲੇਖਕ ਸਾਲਾਂ ਬੱਧੀ ਕੋਈ ਰਚਨਾ ਨਹੀਂ ਦਿੰਦੇ ਅਤੇ ਪੰਜਾਬੀ ਸਾਹਿਤ ਵਿੱਚ ਚੰਗੀਆਂ ਰਚਨਾਵਾਂ ਬਾਝੋਂ ਸੋਕਾ ਜਿਹਾ ਜਾਪਣ ਲੱਗਦਾ ਹੈ, ਬਲਦੇਵ ਦੀ ਕੋਈ ਨਾ ਕੋਈ ਰਚਨਾ ਪਾਠਕਾਂ ਦੇ ਦਿਲਾਂ 'ਤੇ ਹਲਕੀ-ਹਲਕੀ ਬਰਸਾਤ ਵਾਂਗ ਬੂੰਦਾ-ਬਾਂਦੀ ਕਰਨ ਲੱਗਦੀ ਹੈ। ਉਸਦੀ ਇਹ ਸਪੀਡ ਪੰਜਾਬੀ ਸਾਹਿਤ ਦਾ ਕਈ ਵਾਰ ਨੁਕਸਾਨ ਵੀ ਕਰਦੀ ਐ। ਕਿਸੇ ਸ਼ਾਹਕਾਰ ਬਣ ਸਕਣ ਵਾਲੀ ਰਚਨਾ ਦਾ



ਨਾਸ਼ ਮਾਰ ਘੱਤਦੀ ਹੈ। ਵੈਸੇ ਬਲਦੇਵ ਦੀ ਸਪੀਡ ਵਾਜ਼ਬ ਵੀ ਜਾਪਦੀ ਐ। ਆਪਣੇ ਬਹੁਤੇ ਸਮਕਾਲੀ ਲੇਖਕਾਂ ਦੇ ਮੁਕਾਬਲੇ ਉਹ ਬੜੀ ਲੇਟ ਲਿਖਣ ਲੱਗਿਆ ਸੀ। ਇਸੇ ਲੇਟ ਨੂੰ ਕੱਢਣ ਲਈ ਹੀ ਉਸਨੇ ਆਪਣੀ ਗੱਡੀ ਟਾਪ ਗੇਅਰ ਵਿੱਚ ਪਾ ਰੱਖੀ ਹੈ।

ਬਲਦੇਵ ਨਾਲ ਤੁਰਦਿਆਂ-ਫਿਰਦਿਆਂ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਕਿਸੇ ਲੇਖਕ ਨਾਲ ਤੁਰੇ-ਫਿਰਦੇ ਓਂ। ਸਾਹਿਤਕ ਤਾਂ ਉਹ ਉੱਕਾ ਈ ਨਹੀਂ ਜਾਪਦਾ। ਉਸਦੇ ਆਲੇ-ਦੁਆਲੇ ਨਵੇਂ-ਪੁਰਾਣੇ ਲੇਖਕਾਂ ਦਾ ਨਹੀਂ, ਡਰਾਈਵਰਾਂ, ਕੰਡਕਟਰਾਂ ਅਤੇ ਟਰਾਂਸਪੋਰਟ ਦੇ ਕਿੱਤੇ ਨਾਲ ਜੁੜੇ ਹੋਰ ਲੋਕਾਂ ਦਾ ਜਮਘਟਾ ਹੁੰਦਾ ਹੈ।

- ਡੈਨਮੋ ਕਰੰਟ ਛੱਡ ਗਿਆ।'

- ਗੈਸਕਟ ਲੀਕ ਹੋ ਗਿਆ।'

- ਕਰੈਂਕ ਟੁੱਟਗੀ।'

- ਝਰੀ ਗੁੱਲਾ ਟੁੱਟ ਗਿਆ।'

- ਇੰਜਣ ਆਲੀ ਭਿਆਂ ਬੋਲਗੀ।'

- ਡੀ. ਟੀ. ਓ. ਈ ਬੜਾ ਚੰਦਰਾ ਆਇਆ। ਕਿਸੇ ਤਰ੍ਹਾਂ ਵੀ ਵਾਵੇ ਅੰਗ ਨੀ ਆਉਂਦਾ।'

- ਕੁਛ ਨੀ ਰਹਿ ਗਿਆ ਇਹ ਕੁੱਤੇ ਕੰਮ 'ਚ। ਬੰਗਾਰਾਂ ਤੇ ਬੰਗਾਰਾਂ। ਤੇਲ ਦੇ ਭਾਅ ਸਮਾਨੀ ਲੱਗਗੇ। ਫਰੀ ਵਾਲੇ ਬਸ ਭਰ ਦਿੰਦੇ ਆ।'

- ਡਰਾਈਵਰ-ਕੰਡਕਟਰ ਕੱਖ ਨੀ ਪੱਲੇ ਪਾਉਂਦੇ ਮਾਲਕ ਦੇ।'

ਉਸਦੇ ਆਲੇ-ਦੁਆਲੇ ਅਜਿਹੀਆਂ ਗੈਰ-ਸਾਹਿਤਕ ਗੱਲਾਂ ਹੀ ਸੁਨਣ ਨੂੰ ਮਿਲਦੀਆਂ ਨੇ। ਪਹਿਲਾਂ-ਪਹਿਲਾਂ ਜਦੋਂ ਉਸਨੂੰ ਮਿਲਣ ਜਾਈਦਾ ਸੀ ਤਾਂ ਅਜਿਹੀਆਂ ਗੱਲਾਂ ਬੜੀਆਂ ਅਜੀਬ ਲੱਗਦੀਆਂ ਸਨ। ਬੜਾ-ਉਪਰਾ-ਉਪਰਾ ਮਹਿਸੂਸ ਹੁੰਦਾ ਸੀ। ਉਦੋਂ ਬਲਦੇਵ ਨਵਾਂ-ਨਵਾਂ ਕਲਕੱਤਿਉਂ, ਮੋਗੇ ਆਇਆ ਸੀ। ਮੋਗੇ ਸ਼ਹਿਰ ਦੇ ਵਿਚਕਾਰ ਬਣੇ ਟੈਂਪੂਆਂ ਦੇ ਅੱਡੇ 'ਚ ਉਸਦਾ ਟਿਕਾਣਾ ਹੁੰਦਾ ਸੀ। ਟੈਂਪੂਆਂ ਵਾਲਿਆਂ ਉਸਨੂੰ ਆਪਣਾ ਪ੍ਰਧਾਨ ਵੀ ਚੁਣ ਲਿਆ ਸੀ। ਅੱਡੇ 'ਚ ਉਹ 'ਪ੍ਰਧਾਨ ਸੈਬ" ਕਰਕੇ ਹੀ ਜਾਣਿਆ ਜਾਂਦਾ ਸੀ।

- ਦੇਖ ਲੋ ਪ੍ਰਧਾਨ ਸੈਬ ! ਭੈਣ ਗੜਾਵੇ ਦੀਆਂ ਕਿੰਨੀਆਂ ਸਰਕਾਰਾਂ ਹੋ.....ਹੋ ਤੁਰਗੀਆਂ। ਆਹ ਟੈਂਪੂ ਨੂੰ ਚੌਥਾ ਟੈਰ ਨੀ ਲਾਇਆ, ਕਿਸੇ ਸਾਲੇ ਨੇ.....। ਦੂਏ-ਚੌਥੇ ਕਿਤੇ ਨਾ ਕਿਤੇ ਗਲ ਜਿਆ ਲਹਿ ਕੇ ਢਿਗ ਪੈਂਦਾ।" ਕੋਈ ਅੱਕਿਆ ਡਰਾਈਵਰ ਆਖਦਾ।

- ਪ੍ਰਧਾਨ ਸਾਹਿਬ ਜੀ, ਅੱਜ ਘੀਚਰ ਆਲੀ ਰਾਹ 'ਚ ਈ ਜੁਆਬ ਦੇਗੀ। ਬੰਦੇ ਕੁਛ ਜ਼ਿਆਦਾ ਭਾਰੇ ਚੜਗੇ ਸੀ।' ਕੋਈ ਮਨਚਲਾ ਡਰਾਈਵਰ ਘੀਚਰ ਵੱਲ ਵੇਖਦਾ ਮੁਸਕੜੀਏਂ ਹੱਸਦਾ।

- ਥੋਡੇ ਆਲੀ ਨੀ ਦਿੰਦੀ ਜੁਆਬ....ਭਮੇ ਸਾਰਾ ਮੁਲਖ।' ਤੇ ਘੀਚਰ ਡਰਾਈਵਰ ਨੰਗੀਆਂ-ਚਿੱਟੀਆਂ ਗਾਹਲਾਂ 'ਤੇ ਉੱਤਰ ਆਉਂਦਾ।

- ਘੀਚਰਾ ਤੂੰ ਤਾਂ ਐਮੇ ਗਿਲਾ ਕਰ ਗਿਆਂ.....ਮੈਂ ਤੇਰੇ ਆਈ 9613 ਦੀ ਗੱਲ ਕਰਦਾ ਸੀ। ਕੱਲ੍ਹ ਖੋਸਿਆਂ ਕੋਲੋਂ ਖਰਾਬ ਨੀ ਸੀ ਹੋਗੀ।'

- ਮੈਂ ਵੀ ਤੇਰੀ ਗੱਡੀ ਦੀ ਈ ਗੱਲ ਕੀਤੀ ਐ। ਇੰਜਣ-ਚੌਸੀ ਕੈਮ ਐ। ਭਮੇ ਕਿੰਨੀਆਂ ਸਵਾਰੀਆਂ ਲੱਦ ਲਏ।' ਹੌਲੀਆਂ ਭਮੇ ਭਾਰੀਆਂ। ਰਾਹ 'ਚ ਨੀ ਵੇਹਰਦੀ।' ਘੀਚਰ ਮੋੜਾ ਦੇਣ 'ਚ ਮਾਹਰ ਸੀ।

- ਘੀਚਰਾ, ਅਹੁ ਲੀਲੇ ਸੂਟ ਆਲੀ ਦੋ ਘੰਟਿਆਂ ਤੋਂ ਇੰਤਜ਼ਾਰ ਕਰੀ ਜਾਂਦੀ ਐ। ਜਾਕੇ ਮਿਲ

ਆ। ਕਹਿੰਦੀ ਸੀ ਘੀਚਰ ਵੀਰ ਨੂੰ ਮਿਲਣਾ......।'

– ਭੈਣ ਹੋਊ ਥੋੜੀ.......।'

'ਤੇ ਹੋ ਹੱਲਾ ਮੱਚ ਜਾਂਦਾ। ਕਈ ਵਾਰ ਗਰਮੀ ਸਰਦੀ ਵੀ ਹੋ ਜਾਂਦੀ। ਬਲਦੇਵ ਡਰਾਈਵਰਾਂ-ਕਲੀਨਰਾਂ ਦਾ ਝਗੜਾ ਨਿਬੇੜਦਾ। ਕਈ ਵਾਰ ਉਹ ਆਪ ਵੀ ਇਸ ਚੋਹਲਬਾਜ਼ੀ ਵਿੱਚ ਸ਼ਾਮਲ ਹੋ ਜਾਂਦਾ। ਵੇਖ-ਵੇਖ ਹੈਰਾਨੀ ਹੁੰਦੀ, ਐਨੇ ਮਾਰਮਿਕ ਵਿਸ਼ਿਆਂ 'ਤੇ ਕਹਾਣੀਆਂ ਲਿਖਣ ਵਾਲਾ ਬਲਦੇਵ ਆਹੀ ਆ ?

ਡਰਾਈਵਰੀ ਬਲਦੇਵ ਦੇ ਖ਼ੂਨ ਵਿੱਚ ਰਚ ਚੁੱਕੀ ਐ। ਸਾਹਿਤਕ ਰਚਨਾਵਾਂ ਬਾਰੇ ਉਸਦੀਆਂ ਡਰਾਈਵਰਾਂ ਵਾਲੀਆਂ ਸਟੀਕ ਟਿੱਪਣੀਆਂ ਹੁੰਦੀਆਂ ਨੇ। ਉਸ ਦੀਆਂ ਹੌਲੇ ਭਾਰ ਵਾਲੀਆਂ ਟਿੱਪਣੀਆਂ ਦੀ ਗਹਿਰਾਈ ਵਿੱਚ ਕਈ ਵਾਰ ਬਹੁਤੇ ਲੇਖਕਾਂ ਤੋਂ ਉਤਰਿਆ ਨਹੀਂ ਜਾਂਦਾ। ਉਹ ਦੋਸ਼ ਲਾਉਂਦੇ ਨੇ ਕਿ ਇਹ ਬੰਦਾ ਗੰਭੀਰ ਨਹੀਂ ਹੈ। ਡਲਹੌਜੀ ਕਹਾਣੀ ਗੋਸ਼ਟੀ ਵੇਲੇ ਉਸਨੇ ਇੱਕ ਕਹਾਣੀ ਲੇਖਕ ਬਾਰੇ ਕਿਹਾ, "....ਤਾਂ ਜਿੱਥੋਂ 20 ਸਾਲ ਪਹਿਲਾਂ ਚੱਲਿਆ ਸੀ, ਉਥੇ ਈ ਖੜਾ ਐ। ਰੋਡਵੇਜ਼ ਦੀ ਲਾਰੀ ਵਾਂਗੂੰ ਨਾ ਅਗਾਂਹ ਹੁੰਦਾ, ਨਾ ਪਿਛਾਂਹ, ਬੱਸ ਉਥੇ ਈ ਧੂੰਆਂ ਜਿਹਾ ਮਾਰੀ ਜਾਂਦਾ।"

ਇੱਕ ਹੋਰ ਗੋਸ਼ਟੀ 'ਤੇ ਉਸਨੇ ਨਵੇਂ ਸਥਾਪਿਤ ਹੋਏ ਅਤੇ ਪੰਜਾਬੀ ਦੇ ਵੱਡੇ ਕਹਾਣੀਕਾਰ ਦਾ ਵਾਰਸ ਅਖਵਾਉਂਦੇ ਕਹਾਣੀਕਾਰ ਬਾਰੇ ਆਖਿਆ, "ਇਹ ਕਹਾਣੀ ਟੀਮ ਵਰਕ ਐ। ਸਾਹਿਤ ਕੋਈ ਟੀਮ ਵਰਕ ਨਹੀਂ ਹੁੰਦਾ।" ਬਲਦੇਵ ਦੀ ਇਸ ਟਿੱਪਣੀ 'ਤੇ ਪੰਜਾਬੀ ਸਾਹਿਤ ਦੇ ਰਣ-ਖੇਤਰ ਦਾ ਉਹ ਕਹਾਣੀਕਾਰ ਤੇ ਉਸਦੇ ਪਾਸ਼ੂ ਪਿੱਟ ਉੱਠੇ ਸਨ। ਇਸੇ ਤਰ੍ਹਾਂ ਉਸਨੇ ਇੱਕ ਲੇਖਕ ਦੀ ਰਚਨਾ ਬਾਰੇ, 'ਸਾਜੇਰੀਅਨ ਕਹਾਣੀ' ਤੇ ਕਿਸੇ ਹੋਰ ਬਾਰੇ, 'ਬੜੀ ਮੇਹਨਤ ਨਾਲ ਤਿੰਘ-ਤਿੰਘ ਕੇ ਲਿਖੀ ਕਹਾਣੀ' ਆਖਕੇ ਆਪਣੀਆਂ ਬੇਬਾਕ ਟਿੱਪਣੀਆਂ ਕੀਤੀਆਂ ਸਨ। ਵਿਚਾਰੇ ਲੇਖਕ ਕਿੰਨਾ ਚਿਰ ਅੰਦਰੇ-ਅੰਦਰ ਵਿਸ ਘੋਲਦੇ ਰਹੇ ਸਨ।

ਉਂਜ ਬਲਦੇਵ ਆਪ ਸਾਹਿਤ ਵਿੱਚ ਆਲੋਚਕਾਂ ਦੇ ਰੋਲ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦਾ ਰਿਹਾ। ਉਹ ਆਲੋਚਕ ਨੂੰ ਚੌਕ ਵਿੱਚ ਖੜ੍ਹਾ ਸਿਪਾਹੀ ਕਹਿੰਦਾ ਰਿਹਾ ਹੈ ਜਿਹੜਾ ਲੇਖਕ ਨੂੰ ਨਿਰਦੇਸ਼ ਦਿੰਦਾ ਹੈ ਕਿ ਹੁਣ ਆਹ ਲਿਖ-ਹੁਣ ਔਹ। ਰਚਨਾ ਵਿੱਚ ਪ੍ਰਗਤੀਵਾਦ, ਅਸਤਿਤਵਵਾਦ, ਫਰਾਇਡਵਾਦ, ਉਤਰ ਆਧੁਨਿਕਤਾਵਾਦ ਜਾਂ ਹੋਰ ਕਿਸੇ ਵਾਦ-ਵਿਵਾਦ ਦੀ ਮਾਤਰਾ ਨਿਸ਼ਚਿਤ ਕਰਦੇ ਨੇ। ਬਲਦੇਵ ਦੇ ਇੰਜ ਸੋਚਣ ਦਾ ਕਾਰਨ ਸ਼ਾਇਦ ਇਹ ਹੈ ਕਿ ਬਹੁਤੇ ਆਲੋਚਕਾਂ ਨੂੰ ਉਸਨੂੰ ਗੰਭੀਰਤਾ ਨਾਲ ਨਹੀਂ ਲਿਆ। ਮੈਨੂੰ ਯਾਦ ਹੈ ਰਾਮਪੁਰੇ ਫੂਲ ਬਲਦੇਵ ਦੇ ਕਹਾਣੀ ਸੰਗ੍ਰਿਹ 'ਝੱਖੜ ਤੇ ਪਰਿੰਦੇ' ਉਪਰ ਗੋਸ਼ਟੀ ਸੀ। ਬਲਦੇਵ ਦੇ ਇੱਕ ਸਿਰਨਾਵੀਏਂ ਆਲੋਚਕ ਨੇ ਪੇਪਰ ਪੜ੍ਹਿਆ ਸੀ। ਇਹ ਯੁਵਾ ਆਲੋਚਕ ਬਲਦੇਵ ਦੀ ਇੱਕ ਕਹਾਣੀ ਲੈ ਲੈਂਦਾ ਸੀ ਅਤੇ ਉਸਦੇ ਗੁਣਾਂ-ਦੋਸ਼ਾਂ ਦੀ ਨਿਰਖ-ਪਰਖ ਕਰਦਿਆਂ ਆਖਦਾ ਸੀ, "ਜੇ ਇਹੀ ਕਹਾਣੀ ਵਰਿਆਮ ਸੰਧੂ ਲਿਖਦਾ........।" ਤੇ ਅੱਗੇ ਉਹ ਦੱਸਦਾ ਕਿ ਵਰਿਆਮ ਸੰਧੂ ਇਸ ਕਹਾਣੀ ਨੂੰ ਕਿਵੇਂ ਲਿਖਦਾ। ਇਸ ਕਹਾਣੀ ਦਾ ਅੰਤ ਕਿਵੇਂ ਕਰਦਾ। ਜਦੋਂ ਬਹਿਸ ਦੀ ਵਾਰੀ ਆਈ ਬਲਦੇਵ ਦੇ ਮੋਗਾ ਜੱਥੇ ਵਾਲੇ ਅਲੀ-ਅਲੀ ਕਰਕੇ ਪਰਚਾ ਲੇਖਕ ਨੂੰ ਪੈ ਨਿਕਲੇ। ਸੁਰਜੀਤ ਬਰਾੜ ਜੋ ਬਲਦੇਵ ਦੇ ਪੱਕੇ ਆਲੋਚਕ ਵਜੋਂ ਜਾਣਿਆ ਜਾਂਦਾ ਹੈ ਤੇ ਕਿਸੇ ਵੀ ਗੋਸ਼ਟੀ, ਚਾਹੇ ਉਹ ਲੱਖੇਵਾਲੀ ਹੋਵੇ ਜਾਂ ਜਲੰਧਰ, ਬਲਦੇਵ ਦੀਆਂ ਕਹਾਣੀਆਂ ਨਾਗਵਲ ਅਤੇ ਸਿਉਂਕ ਦੀ ਚਰਚਾ ਕਰਨੀ ਨਹੀਂ ਭੁੱਲਦਾ, ਕਹਿਣ ਲੱਗਾ,

"ਭਲਿਆ ਮਾਨਸਾ, ਵਰਿਆਮ ਸੰਧੂ ਨੂੰ ਕਿਸਨੇ ਰੋਕਿਆ ਹੈਗਾ। ਉਹ ਲਿਖੇ, ਜੰਮ-ਜੰਮ ਲਿਖੇ। ਉਹ ਲਿਖਦਾ ਵੀ ਹੈਗਾ। ਨਾਲੇ ਫਿਰ ਵਰਿਆਮ ਦਾ ਮੁਕਾਬਲਾ ਕਿਸੇ ਨਾਲ ਕਿਉਂ ਕਰਦੈਂ। ਵਰਿਆਮ



ਤਾਂ ਬੱਸ ਵਰਿਆਮ ਐ।"

ਬਲਦੇਵ ਨੇ "ਆਲੋਚਕ ਤਾਂ ਚੌਕ ਵਿੱਚ ਖੜਾ ਟਰੈਫਿਕ ਪੁਲਿਸ ਦਾ ਸਿਪਾਹੀ ਐ।" ਵਾਲੀ ਟਿੱਪਣੀ ਪਹਿਲੀ ਵਾਰ ਇੱਥੇ ਹੀ ਕੀਤੀ ਸੀ। ਸਾਡੀਆਂ ਲਿਹਾਜ਼ੀ ਟਿੱਪਣੀਆਂ 'ਤੇ ਤਾਂ ਉਹ ਆਲੋਚਕ ਨਹੀਂ ਸੀ ਬੋਲਿਆ ਪਰ ਬਲਦੇਵ ਦੀ ਇੱਕੋ ਵੇਦਾਣੀ ਸੱਟ ਨਾਲ ਤੜਪ ਉਠਿਆ ਸੀ।

ਬਲਦੇਵ ਨੇ ਲੰਮਾ ਸਮਾਂ 'ਵਿਦਵਾਨ ਆਲੋਚਕਾਂ' ਅਤੇ ਸਾਹਿਤ-ਸਿਖਿਆ ਖੇਤਰ ਦੇ ਵੱਡੇ ਬੰਦਿਆਂ ਤੋਂ ਦੂਰੀ ਬਣਾਈ ਰੱਖੀ ਜੋ ਉਸ ਲਈ ਘਾਟੇ ਵੰਦਾ ਸੌਦਾ ਰਹੀ ਐ। ਕਿਸੇ ਕਾਲਜ, ਯੂਨੀਵਰਸਿਟੀ ਵਿੱਚ ਅਧਿਆਪਨ ਕਾਰਜ ਨਾ ਕਰਦੇ ਹੋਣਾ ਵੀ ਉਸ ਲਈ ਦੁਖਦਾਈ ਹੈ। ਉਸਨੇ ਆਪਣੀ ਇਸ ਕਮਜ਼ੋਰੀ ਨੂੰ ਭਾਂਪਦਿਆਂ ਆਲੋਚਕਾਂ ਵੱਲੀਂ ਵੀ ਧਿਆਨ ਦੇਣਾ ਸ਼ੁਰੂ ਕੀਤਾ ਹੈ ਜਿਸਦਾ ਨਤੀਜਾ ਇਹ ਨਿਕਲਿਆ ਹੈ ਕਿ ਨਾਵਲ 'ਅੰਨਦਾਤਾ' ਪੰਜਾਬੀ ਯੂਨੀਵਰਸਿਟੀ ਵਿੱਚ ਐਮ. ਏ. ਕਲਾਸਾਂ ਨੂੰ ਪੜ੍ਹਾਇਆ ਜਾਣ ਲੱਗਾ ਹੈ।

ਬਲਦੇਵ ਦੀ ਇਹ ਰੀਝ ਤਾਂ ਭਲੇ ਹੀ ਪੂਰੀ ਹੋ ਗਈ ਹੈ ਪ੍ਰੰਤੂ ਵੱਡੀ ਰੀਝ ਅਜੇ ਵੀ ਅਧੂਰੀ ਹੈ। 'ਲਾਲ ਬੱਤੀ' ਦੀ ਹੋਈ ਭਰਪੂਰ ਚਰਚਾ ਨੇ ਉਸ ਅੰਦਰ 'ਸਾਹਿਤ ਅਕਾਦਮੀ' ਐਵਾਰਡ ਦੀ ਇੱਛਾ ਪੈਦਾ ਕਰ ਦਿੱਤੀ। 'ਲਾਲ ਬੱਤੀ' ਤੋਂ ਬਾਅਦ ਚਰਚਾ ਦੇ ਬਾਵਜੂਦ 'ਅੰਨਦਾਤਾ' ਨੂੰ ਵੀ ਅਕਾਦਮੀ ਐਵਾਰਡ ਨਾ ਮਿਲ ਸਕਿਆ। ਅਕਾਦਮੀ ਐਵਾਰਡ ਲਈ ਦਿੱਲੀ ਤੱਕ ਦੀ ਉਡਾਰੀ ਲਾਉਣੀ ਜ਼ਰੂਰੀ ਐ ਪਰ ਕੰਡੇ ਸਮੇਤ ਬਲਦੇਵ ਦੇ ਸਾਰੇ ਚੇਲਿਆਂ ਦੀ ਉਡਾਰੀ ਮੋਗੇ ਤੋਂ ਜਗਰਾਉਂ ਤੱਕ ਈ ਹੈ। ਬਲਦੇਵ ਨੂੰ ਆਸ ਵੀ ਨਹੀਂ ਛੱਡਣੀ ਚਾਹੀਦੀ। ਗੁਰਬਚਨ ਭੁੱਲਰ ਲੰਮੇ ਸਮੇਂ ਤੋਂ ਲਾਈਨ ਵਿੱਚ ਸੀ, ਸਾਹਿਤ ਅਕਾਦਮੀਆਂ ਬਣ ਗਿਆ। ਗੋਰਖੀ ਐ....ਜਸਬੀਰ ਭੁੱਲਰ ਐ.....ਕਜ਼ਾਕ ਐ..... ਚੇਤਨ ਤੁਰ ਗਿਆ....ਗੁਰਪਾਲ ਲਿੱਟ ਐ......ਅਤਰਜੀਤ ਵੀ ਹੈਗਾ......ਲਾਲ ਸੂੰਹ ਦਸੂਹੇ ਆਲਾ....ਹੋਰ ਕਿੰਨੇ ਨੇ। ਲੰਬੀ ਲਾਈਨ ਆ। ਨਾਲੇ ਗੱਲ ਐਵਾਰਡਾਂ ਦੀ ਨੀ ਹੁੰਦੀ। ਜੇ ਗੱਲ ਐਵਾਰਡ ਦੀ ਈ ਹੁੰਦੀ, ਇਹ ਉਸਨੂੰ 'ਲਾਲ ਬੱਤੀ' ਜਾਂ 'ਅੰਨਦਾਤਾ' ਲਈ ਨਹੀਂ, 'ਸੜਕਨਾਮਾ' ਕਰਕੇ ਮਿਲ ਜਾਣਾ ਚਾਹੀਦਾ ਸੀ। ਬਹੁਤ ਪਹਿਲਾਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼ਿਵ ਕੁਮਾਰ ਨੂੰ 'ਲੂਣਾ' ਲਈ ਮਿਲਿਆ ਸੀ। ਉਂਜ ਬਲਦੇਵ ਲਈ ਅਸਲੀ ਖ਼ੁਸ਼ੀ ਵਾਲੀ ਗੱਲ ਇਹ ਹੋਣੀ ਚਾਹੀਦੀ ਕਿ ਪਿੱਛੇ ਜਿਹੇ ਹੋਏ ਸਰਵੇਖਣ ਮੁਤਾਬਕ ਉਹ ਨਾਨਕ ਸਿੰਘ, ਜਸਵੰਤ ਕੰਵਲ, ਅੰਮ੍ਰਿਤਾ, ਗੁਰਬਖ਼ਸ਼ ਸਿੰਘ, ਅਣਖੀ ਆਦਿ ਵੱਧ ਵਿਕਣ ਤੇ ਪੜ੍ਹੇ ਜਾਣ ਵਾਲੇ ਲੇਖਕਾਂ ਵਿੱਚ ਸ਼ਾਮਿਲ ਹੈ। ਉਸਦੀਆਂ ਕਿਤਾਬਾਂ ਦੇ ਤਿੰਨ-ਤਿੰਨ, ਚਾਰ-ਚਾਰ ਐਡੀਸ਼ਨ ਛੱਪ ਚੁੱਕੇ ਨੇ।

ਹੋਰ ਲੇਖਕਾਂ ਵਾਂਗ ਬਲਦੇਵ ਅੰਦਰ ਪ੍ਰਬਲ ਰੀਝ ਹੋਰ ਵੀ ਐ, ਆਪਣੀਆਂ ਰਚਨਾਵਾਂ ਅੰਦਰਲੇ 'ਪਾਤਰਾਂ' ਨੂੰ ਸਿਨਮੇ ਦੇ ਪਰਦੇ ਉਪਰ ਸਾਕਾਰ ਰੂਪ ਵਿੱਚ ਵੇਖਣ ਦੀ। ਦਰਅਸਲ ਇਹ ਰੀਝ ਬਲਦੇਵ ਅੰਦਰ ਬੈਠੇ ਵਧੀਆ ਐਕਟਰ ਦੀ ਹੈ। ਉਸਨੇ ਆਪਣੀਆਂ ਕਹਾਣੀਆਂ, ਨਾਟਕਾਂ ਨੂੰ ਸੈਂਕੜੇ ਸਟੇਜਾਂ 'ਤੇ ਖੇਡਿਆ ਹੈ। ਜਿੱਥੇ ਕਿਸੇ ਪਾਤਰਾ ਦੀ ਘਾਟ ਰੜਕੇ, ਉਹ ਆਪ ਫਿੱਟ ਹੋ ਜਾਂਦਾ ਸੀ। ਉਸ ਅੰਦਰਲੇ ਅਦਾਕਾਰ ਕਰਕੇ ਹੀ ਉਸਦੀਆਂ ਰਚਨਾਵਾਂ ਵਿੱਚ ਨਾਟਕੀ ਤੱਤਾਂ ਦੀ ਭਰਮਾਰ ਹੈ। 'ਲਾਲ ਬੱਤੀ', 'ਅੰਨਦਾਤਾ' ਨਾਵਲਾਂ ਸਮੇਤ ਉਸਦੀਆਂ ਅਨੇਕਾਂ ਕਹਾਣੀਆਂ ਦੇ ਨਾਟਕੀ ਰੂਪਾਂਤਰਣ ਪੇਸ਼ ਕੀਤੇ ਜਾ ਰਹੇ ਨੇ। ਪੰਜਾਬ ਦੀ ਸ਼ਾਇਦ ਹੀ ਕੋਈ ਨਾਟਕ ਟੋਲੀ ਹੋਊ ਜਿਸਨੇ 'ਮਿੱਟੀ ਰੁਦਨ ਕਰੇ' ਨਾ ਖੇਡਿਆ ਹੋਊ। 'ਸੜਕਨਾਮਾ' ਦੇ ਕੁਝ ਹਿੱਸੇ ਜੀ. ਟੀ. ਰੋਡ ਦੇ ਟਾਈਟਲ ਨਾਲ ਦੂਰਦਰਸ਼ਨ 'ਤੇ ਵੀ ਆਏ ਪਰ ਬਲਦੇਵ ਦੀ ਮਾਨਸਿਕ ਤਸੱਲੀ ਨਹੀਂ ਹੋਈ। ਵੱਡੇ ਪਰਦੇ 'ਤੇ ਆਪਣੇ ਪਾਤਰਾਂ ਨੂੰ ਤੁਰੇ-ਫਿਰਦੇ ਵੇਖਣ ਦਾ ਸੁਪਨਾ ਪੂਰਾ ਨਹੀਂ ਹੋਇਆ। 'ਮੜੀ ਦਾ ਦੀਵਾ' ਅਤੇ 'ਉਡੀਕਾ ਸੌਣ ਦੀਆਂ' ਜਿਹੀਆਂ ਕਲਾ

ਫਿਲਮਾਂ ਦਾ ਨਿਰਦੇਸ਼ਕ ਸੁਰਿੰਦਰ ਸਿੰਘ, ਬਲਦੇਵ ਦੇ ਨਾਵਲ 'ਕੱਚੀਆਂ ਕੰਧਾਂ' ਤੋਂ ਖਾਸਾ ਪ੍ਰਭਾਵਿਤ ਸੀ। ਉਸਨੇ ਕਈ ਚੱਕਰ ਮੋਗੇ ਦੇ ਲਾਏ। ਸਾਰੀ-ਸਾਰੀ ਰਾਤ ਨਾਵਲ ਬਾਰੇ ਵਿਚਾਰਾਂ ਹੁੰਦੀਆਂ। ਉਹ ਦਿੱਲੀ ਦੂਰਦਰਸ਼ਨ ਲਈ ਲੜੀਵਾਰ ਬਣਾਉਣਾ ਚਾਹੁੰਦਾ ਸੀ। ਬਲਦੇਵ ਦੀ ਡਿਊਟੀ ਸਕਰਿਪਟ ਲਿਖਣ ਦੀ ਲਾ ਦਿੱਤੀ। ਕੁਝ ਸੀਨ ਲਿਖ ਵੀ ਲਏ। ਸੀਰੀਅਲ ਦਾ ਸਾਰਾ ਖਾਕਾ ਵੀ ਬਣ ਗਿਆ। ਇਸੇ ਦਰਮਿਆਨ ਖ਼ਬਰ ਆਈ, "ਸਿਨੇ ਜਗਤ ਦਾ ਹਮਾਯੂ-ਸੁਰਿੰਦਰ ਸਿੰਘ ਪੂਰਾ ਹੋ ਗਿਆ," ਤੇ ਇਸਦੇ ਨਾਲ ਹੀ ਪੂਰਾ ਹੋ ਗਿਆ, ਬਲਦੇਵ ਦੇ ਇਸ ਨਾਵਲ ਨੂੰ ਫ਼ਿਲਮਾਏ ਜਾਣ ਦਾ ਸੁਪਨਾ।

ਸੁਰਿੰਦਰ ਸਿੰਘ ਦੇ ਹੀ ਚੀਫ ਅਸਿਸਟੈਂਟ ਡਾਇਰੈਕਟਰ ਰਹੇ ਦਰਸ਼ਨ ਬਾਵਾ, 'ਉਡੀਕਾ ਸੌਣ ਦੀਆਂ' ਦੇ ਨਿਰਮਾਤਾ ਦਰਸ਼ਨ ਸਿੱਧੂ ਤੇ ਚਰਨਜੀਤ ਚਾਹਲ ਵਰਗਿਆਂ ਨੇ ਰਲਕੇ ਬਲਦੇਵ ਦੇ ਸੁਪਨੇ ਵਿੱਚ ਰੰਗ ਭਰਨ ਦੀ ਕੋਸ਼ਿਸ਼ ਕੀਤੀ। ਬਲਦੇਵ ਦੇ ਪਲੇਠੇ ਨਾਵਲ 'ਦੂਸਰਾ ਹੀਰੋਸ਼ੀਮਾ' ਦੀ ਸਕਰਿਪਟ ਅਤੇ ਡਾਇਲਾਗ ਲਿਖਣ ਦੀ ਡਿਊਟੀ ਮੈਨੂੰ ਸੌਂਪ ਦਿੱਤੀ। ਦਿਨ ਰਾਤ ਇੱਕ ਕਰਕੇ ਮੈਂ ਸੱਤ-ਅੱਠ ਸੀਨ ਲਿਖ ਵੀ ਲਏ। ਨਿਰਮਾਤਾਵਾਂ ਨੇ ਫ਼ਿਲਮ ਵਿਚਲੇ 'ਕਰਨੈਲ' ਦੇ ਪਾਤਰ ਲਈ 'ਰਾਜ ਬੱਬਰ' ਨੂੰ ਲੈਣ ਦੀ ਗੱਲ ਚਲਾਈ। ਰਮਾਵਿਜ਼, ਉਪਾਸਨਾ ਸਿੰਘ, ਗੁਰਚੇਤਨ ਅਤੇ ਸੁਰਿੰਦਰ ਸ਼ਰਮਾ ਵਰਗੇ ਮੰਝੇ ਕਲਾਕਾਰਾਂ ਨੂੰ ਸਾਈਨ ਕਰਨ ਦੀਆਂ ਵਿਉਂਤਾਂ ਬਨਣ ਲੱਗੀਆਂ। ਕੁਝ ਅਖ਼ਬਾਰਾਂ, ਰਸਾਲਿਆਂ ਵਿੱਚ ਫ਼ਿਲਮ ਬਾਰੇ ਇਸ਼ਤਿਹਾਰ ਦੀ ਛਪਵਾਏ ਗਏ। ਸ਼ੂਟਿੰਗ ਦੀਆਂ ਤਾਰੀਕਾਂ ਮਿਥੀਆਂ ਜਾਣ ਲੱਗੀਆਂ। ਫਿਰ ਅਚਾਨਕ ਦਰਸ਼ਨ ਸਿੱਧੂ ਦੀ ਤਬੀਅਤ ਖਰਾਬ ਰਹਿਣ ਲੱਗੀ। ਰੋਗ ਦੀ ਭਿਆਨਕਤਾ ਬਾਰੇ ਜਾਣ ਕੇ 'ਸਿੱਧੂ' ਤੇਜ਼ੀ ਨਾਲ ਖੁਰਨ ਲੱਗਾ। ਉਸਦੇ ਲੁਧਿਆਣੇ-ਦਿੱਲੀ ਦੇ ਚੱਕਰਾਂ ਕਾਰਨ 'ਦੂਸਰਾ ਹੀਰੋਸ਼ੀਮਾ' ਦਾ ਇਹ ਪ੍ਰੋਜੈਕਟ ਹਟਕੋਰੇ ਲੈਣ ਲੱਗਾ। ਫਿਰ ਇੱਕ ਦਿਨ ਸਿੱਧੂ ਵੀ, ਸੁਰਿੰਦਰ ਸਿੰਘ ਵਾਂਗ ਹੈ ਤੋਂ ਸੀ ਹੋ ਗਿਆ। ਬਲਦੇਵ ਦੀ ਰੀਝ ਫੇਰ ਪੂਰੀ ਨਾ ਹੋ ਸਕੀ।

ਰੀਝ ਤਾਂ ਬਲਦੇਵ ਦੀ ਕਨੇਡਾ-ਅਮਰੀਕਾ ਜਾਕੇ ਕਾਨਫਰੰਸੀਆ ਲੇਖਕ ਬਨਣ ਦੀ ਵੀ ਪੂਰੀ ਨਹੀਂ ਹੋਈ। ਬਲਦੇਵ ਨੇ ਵੀਜ਼ਾ ਫਾਰਮਾਂ ਦੇ ਨਾਲ ਆਪਣੀਆਂ ਪ੍ਰਕਾਸ਼ਿਤ ਦੋ ਦਰਜਨ ਪੁਸਤਕਾਂ ਦੇ ਟਾਈਟਲ ਵੀ ਟੂੰਗ ਦਿੱਤੇ ਸਨ। ਇਥੇ ਉਸਦਾ ਕਿੱਤਾ, ਅੜਿਕਾ ਸਿਹੁੰ ਬਣ ਗਿਆ। ਅਕੂਪੇਸ਼ਨ ਵਾਲੇ ਖਾਨੇ ਵਿੱਚ ਟਰਾਂਸਪੋਰਟਰ ਭਰਿਆ ਹੋਇਆ ਹੈ। ਪਾਸਪੋਰਟ ਵੇਖਦਿਆਂ ਹੀ ਅੰਬੈਂਸੀ ਵਾਲਿਆਂ ਸੋਚਿਆ, "ਲੇਖਕਾਂ ਦੇ ਫੰਕਸ਼ਨ ਵਿੱਚ ਡਰਾਈਵਰ ਦਾ ਭਲਾ ਕੀ ਕੰਮ ?" ਤੇ ਗੋਰੀ ਨੇ 'ਸੌਰੀ' ਕਹਿੰਦਿਆਂ ਪਾਸਪੋਰਟ ਬਲਦੇਵ ਦੇ ਹੱਥ ਫੜਾ ਦਿੱਤਾ ਸੀ। ਬਾਈ ਕਿੰਨਾ ਚਿਰ ਚਿੱਟੀ ਚਮੜੀ ਦੀਆਂ ਹਰੀਆਂ-ਨੀਲੀਆਂ ਟਿਮਟਿਮਾਉਂਦੀਆਂ ਅੱਖਾਂ ਵੱਲ ਵੇਂਹਦਾ ਰਿਹਾ।

"ਯੱਦੀ ਸੌਰੀ ਦੀ.....।" ਬਾਹਰ ਆਕੇ ਉਸਨੇ ਡਰਾਈਵਰਾਂ ਵਾਗੂੰ ਦਿਲ ਦਾ ਗੁਬਾਰ ਕੱਢ ਸੁੱਟਿਆ ਸੀ।

ਇਹ ਤਾਂ ਪਿੱਛੋਂ ਪਤਾ ਚੱਲਿਆ ਸੀ ਕਿ ਵੀਜ਼ਾ ਲੱਗੇ ਪੰਜਾਬੀ ਸਾਹਿਤਕਾਰਾਂ ਵਿੱਚੋਂ ਇੱਕ ਦੋ ਨੂੰ ਤਾਂ 'ਗੁਰਮੁਖੀ' ਦੇ ਅੱਖਰ ਵੀ ਨਹੀਂ ਸੀ ਉਠਾਲਣੇ ਆਉਂਦੇ। ਸਾਹਿਤ ਦੇ ਨਾਂ ਹੇਠ ਇਹਨਾਂ ਕਬੂਤਰਾਂ ਨੇ ਅੱਜ ਤੱਕ ਕਦੇ ਇੱਕ ਅੱਖਰ ਵੀ ਨਹੀਂ ਸੀ ਝਰੀਟਿਆ।

ਬਲਦੇਵ ਦੀ ਜਿਹੜੀ ਵਿਸ਼ੇਸ਼ਤਾ ਮੈਨੂੰ ਸਭ ਤੋਂ ਪਿਆਰੀ ਲੱਗਦੀ ਹੈ-ਉਹ ਹਰ ਗੱਲ ਨੂੰ ਚੈਲੰਜ ਵਾਂਗ ਲੈਂਦਾ ਹੈ। 'ਲਾਲਬੱਤੀ', 'ਪੰਜਵਾਂ ਸਾਹਿਬਜ਼ਾਦਾ' ਨਾਵਲਾਂ ਉਪਰ ਉਸਨੇ ਅੰਗਰੇਜ਼ੀ ਨਾਵਲਕਾਰਾਂ ਵਾਂਗ ਕੰਮ ਕੀਤਾ ਹੈ। 'ਲਾਲ ਬੱਤੀ' ਉਸਦੀ 15 ਸਾਲਾਂ ਦੀ ਨਿਰੰਤਰ ਘਾਲਣਾ ਦਾ ਨਤੀਜਾ ਹੈ। 'ਵੇਸ਼ਵਾਗਿਰੀ ਦੇ ਧੰਦੇ 'ਦੀਆਂ ਪਰਤਾਂ' ਫਰੋਲਣ ਲਈ ਉਹ ਵਾਰ-ਵਾਰ ਬੰਬਈ, ਕਲਕੱਤੇ ਦੇ ਚੱਕਰ ਕੱਟਦਾ ਰਿਹਾ। 'ਲਾਲ ਬੱਤੀ' ਏਰੀਏ ਵਿੱਚ ਕੰਮ ਕਰਦੇ ਡਾਕਟਰਾਂ, ਗਾਹਕ ਭਾਲਦੇ ਦੱਲਿਆਂ, ਮਹੀਨਾ



ਉਗਰਾਂਦੇ ਪੁਲਿਸ ਵਾਲਿਆਂ, ਸਮਾਜਕ ਕਾਰਜਕਰਤਾਵਾਂ, ਪੱਤਰਕਾਰਾਂ ਤੋਂ ਲੈ ਕੇ ਜਿਸਮ ਵੇਚਣ ਲਈ ਮਜ਼ਬੂਰ ਦੇਵਕੀ ਵਰਗੀਆਂ ਕੁੜੀਆਂ ਨੂੰ ਮਿਲਿਆ। ਇਸ ਸਾਰੀ ਵਿਵਸਥਾ ਨੂੰ ਆਪਣੇ ਅਨੁਭਵ ਦਾ ਹਿੱਸਾ ਬਣਾਇਆ, ਫੇਰ ਕਿਤੇ ਸਮਾਜ ਦੀਆਂ ਇਹਨਾਂ ਤ੍ਰਿਸਕਾਰੀਆਂ ਧੀਆਂ ਦੇ ਦਰਦ ਨੂੰ ਇੰਨੀ ਸ਼ਿੱਦਤ ਨਾਲ ਪੇਸ਼ ਕਰ ਸਕਿਆ ਹੈ। ਬਾਈ ਬਲਦੇਵ ਦੀ ਅਜਿਹੀ ਸ਼ਿੱਦਤ ਨੂੰ 'ਪੰਜਵਾਂ ਸਾਹਿਬਜ਼ਾਦਾ' ਦੀ ਸਿਰਜਣਾ ਸਮੇਂ ਵੀ ਵੇਖਦੇ ਰਹੇ ਹਾਂ। ਭਾਈ ਜੈਤੋ ਦੇ ਵਡੇਰਿਆਂ ਵੱਲੋਂ ਉਸਾਰੀ ਕਲਿਆਣੇ ਦੀ ਧਰਮਸ਼ਾਲਾ ਲੱਭਣ ਲਈ ਉਹ ਘੰਟਿਆਂ ਬੱਧੀ ਦਿੱਲੀ ਵਰਗੇ ਮਹਾਂਨਗਰ ਵਿੱਚ ਭਟਕਦਾ ਰਿਹਾ। ਭਾਈ ਜੈਤੇ (ਬਾਬਾ ਜੀਵਨ ਸਿੰਘ) ਵੱਲੋਂ ਨੌਵੇਂ ਗੁਰੂ ਦਾ ਸੀਸ ਦਿੱਲੀ ਤੋਂ ਅਨੰਦਪੁਰ ਲਿਆਂਦੇ ਜਾਣ ਲਈ ਵਰਤੇ ਗਏ ਊਬੜ-ਖਾਬੜ ਤੇ ਬਿਖੜੇ ਰਾਹਾਂ ਦੀ ਨਿਸ਼ਾਹਦੇਹੀ ਕਰਨ ਲਈ ਬਲਦੇਵ ਵਾਰ-ਵਾਰ ਅਨੰਦਪੁਰ ਤੋਂ ਦਿੱਲੀ ਵਿਚਕਾਰ ਚੱਕਰ ਕੱਟਦਾ ਰਿਹਾ। ਇਤਿਹਾਸਕ ਥਾਵਾਂ ਅਤੇ ਤੱਥਾਂ ਦੀ ਖੋਜ-ਬੀਣ ਕਰਦਾ ਉਹ ਰਮਤਾ ਸਾਧੂ ਬਣਿਆ ਗਿਆ। ਉਸਦੇ ਸ਼ਿਦਤ ਦੀ ਧੁਨੀ 'ਪੰਜਵਾਂ ਸਾਹਿਬਜ਼ਾਦਾ' ਵਿੱਚੋਂ ਸੁਣੀ ਜਾ ਸਕਦੀ ਹੈ।

ਚੈਲੰਜ ਤਾਂ ਬਲਦੇਵ ਨੇ ਘਰਵਾਲੀ ਦਾ ਵੀ ਕਬੂਲ ਕਰ ਲਿਆ। ਪਤਨੀ 'ਕੁਲਜੀਤ' ਨੇ ਚੁਣੌਤੀ ਦਿੱਤੀ "ਤੂੰ ਜੀ ਦਾਹੜੀ ਰੰਗਣੀ ਵੀ ਛੱਡ ਸਕਦਾ। ਜਏ ਖਣੇ ਲੋਕਾਂ (ਲੋਕਾਂ ਤੋਂ ਉਸਦਾ ਕੀ ਭਾਵ-ਇਹ ਤਾਂ ਓਹੀ ਜਾਣੇ ਜਾਂ ਬਲਦੇਵ) ਨੇ ਨਹੀਂ ਤੈਨੂੰ ਛੱਡਣ ਦੇਣੀ। ਭਾਈ ਜਿਵੇਂ ਮਰਜ਼ੀ ਕਰ, ਮੇਰੇ ਤਾਂ ਪਹਿਲੇ ਦਿਨੋ ਈ ਰੱਸੇ ਲਾਹੇ ਵੇ ਐ।"

ਬਲਦੇਵ ਨੇ ਇਸ ਚੁਣੌਤੀ ਨੂੰ ਸਿਰ ਮੱਥੇ ਮੰਨਦਿਆਂ ਦਾੜੀ ਰੰਗਣੀ ਛੱਡ ਦਿੱਤੀ। 'ਤੂੰ ਜੀ ਹੋਰ ਵੀ ਸੋਹਣਾ ਨਿਕਲ ਆਇਐਂ।' ਭਾਬੀ ਕੁਲਜੀਤ ਉਸ ਦੀ ਤਰੀਫ਼ ਕਰਦੀ ਐ। ਹੁਣ ਉਸਦੀ ਉਮਰ ਦਾ ਕੁਛ-ਕੁਛ ਅੰਦਾਜਾ ਲੱਗਣ ਲੱਗਾ ਹੈ, ਨਹੀਂ ਤਾਂ ਬਹੁਤੇ ਲੇਖਕ, ਲੇਖਿਕਾਵਾਂ ਅਤੇ ਪ੍ਰਸੰਸਕ ਉਸਦੀ ਉਮਰ ਸੰਬੰਧੀ ਭਰਮ ਵਿੱਚ ਰਹਿੰਦੇ ਸਨ। ਉਂਜ ਵੀ ਬਾਈ ਸਿੰਗਾਂ ਦਾ ਚੋਰ ਐ। 63 ਦਾ ਹੋ ਕੇ ਵੀ 36 ਦਾ ਹੀ ਲੱਗਦਾ। ਜਾਪਦਾ ਈ ਨਹੀਂ ਕਿ ਸਾਰੀ ਕਬੀਲਦਾਰੀ ਕਿਊਂਟੀ ਬੈਠਾ ਹੋਊ। ਭਾਬੀ ਕੁਲਜੀਤ, ਧੀ ਤੋਰ ਕੇ, ਤੀਸਰੀ ਨੂੰਹ ਦੇ ਸਿਰ ਤੋਂ ਵੀ ਪਾਣੀ ਵਾਰ ਕੇ ਪੀ ਚੁੱਕੀ ਐ।

ਜ਼ਿੰਦਗੀ ਵਿੱਚ ਬਲਦੇਵ ਦੇ ਵੱਡੇ ਚੈਲੰਜਾਂ ਦਾ ਸਾਹਮਣਾ ਕੀਤਾ ਹੈ। ਉਹ ਮਾਸਟਰੀ ਪਾਸ ਕਰਕੇ ਮੁਕਤਸਰ ਲਾਗਲੇ ਇੱਕ ਪਿੰਡ ਵਿੱਚ ਪੰਜਾਬੀ ਪੜ੍ਹਾਉਣਾ ਜਾ ਲੱਗਾ ਸੀ। ਆਪਣੇ ਸੁਭਾਅ ਹੱਥੋਂ ਮਜ਼ਬੂਰ, ਛੇਤੀ ਉਸਨੇ ਪੰਗਾ ਸਹੇੜ ਲਿਆ। ਉਥੋਂ ਉਹ ਸਿੱਧਾ ਪਹਾੜਾਂ ਵੱਲੀ ਉਡਾਰੀ ਮਾਰ ਗਿਆ। ਟਿਕਿਆ ਉਹ ਇੱਥੇ ਵੀ ਨਹੀਂ। ਇੱਕ ਸਾਲ ਦੇ ਵਿੱਚ-ਵਿੱਚ ਤਿੰਨ ਥਾਈਂ ਬਦਲੀ ਹੋਈ। ਭਾਵੇਂ ਉਹ ਕਿਸੇ ਥਾਂ ਦਸ ਦਿਨ ਹੀ ਰਿਹਾ, ਆਪਣੀ 'ਪ੍ਰਸਿੱਧੀ' ਦੇ ਝੰਡੇ ਗੱਡਦਾ ਰਿਹਾ। ਉਸਦੇ ਦੋਖੀ ਡੀ. ਪੀ. ਆਈ. ਕੋਲ ਜਾ ਵੱਜਦੇ। ਉਸਦੀ ਬਦਲੀ ਅਗਲੇ ਸਟੇਸ਼ਨ ਦੀ ਹੋ ਜਾਂਦੀ। ਆਖਰ ਇਹਨਾਂ ਦੋਖੀਆਂ ਦੀਆਂ ਮਿਹਰਬਾਨੀਆਂ ਦਾ ਸਤਾਇਆ ਉਹ 'ਪਹਾੜਨ ਕੁੜੀ' ਨੂੰ ਬਿਨਾਂ ਦੱਸਿਆਂ ਰਾਤੋ-ਰਾਤ ਹੀ ਬਿਲਾਸਪੁਰ ਲਾਗਲੇ ਕਸਬੇ 'ਜੁਖਾਲਿਉਂ' ਖਿਸਕ ਆਇਆ। ਉਥੋਂ ਉਹ ਸਿੱਧਾ ਤਾਏ ਦੇ ਪੁੱਤਾਂ ਕੋਲ ਕਲਕੱਤੇ ਆ ਵੱਜਿਆ, ਡਰਾਈਵਰੀ ਸਿਖਣ ਲਈ। ਉਹਨਾਂ ਖ਼ੁਸ਼ੀ ਮਨਾਈ, "ਸ਼ੁਕਰ ਐ ਸ਼ਰੀਕ ਮਾਸਟਰੀ ਤੋਂ ਕਲੀਕਰੀ 'ਤੇ ਆਇਆ।" ਉੱਤੋਂ-ਉੱਤੋਂ ਉਹਨਾਂ, "ਮਾਸਟਰਾ ਕੀ ਲੈਣਾ ਡਰੈਵਲੀ ਤੋਂ....ਬੜਾ ਕੁੱਤਾ ਕੰਮ ਈ। ਸਾਰੀ ਦਿਹਾੜੀ ਸੂਲੀ ਟੰਗੇ ਰਹੀਦਾ। ਇਹ ਤੇਰੇ ਵੱਸ ਦਾ ਰੋਗ ਹੈਨੀ।" ਕਹਿੰਦੇ ਸਮਝਾਉਣ ਦਾ ਫਰਜ਼ ਨਿਭਾਇਆ ਤੇ ਇਕ ਤਰ੍ਹਾਂ ਇਹ ਕਿੱਤਾ ਅਪਨਾ ਲੈਣ ਲਈ ਚੈਲੰਜ ਵੀ ਕਰ ਦਿੱਤਾ। ਬਲਦੇਵ ਨੇ ਅੰਦਰੇ-ਅੰਦਰ ਇਸ ਚੈਲੰਜ ਨੂੰ ਕਬੂਲ ਲਿਆ। ਉਸਨੇ ਕਲੀਨਰੀ ਕੀਤੀ, ਟੈਕਸੀ ਚਲਾਉਣੀ ਸਿੱਖੀ ਤੇ ਆਖਰ ਉਸਤਾਦਾਂ ਦੀਆਂ ਝਿੜਕਾਂ ਖਾਦਿਆਂ-ਖਾਦਿਆਂ ਵੱਡੀ

ਗੱਡੀ ਦੇ ਸਟੇਰਿੰਗ ਨੂੰ ਜਾ ਹੱਥ ਪਾਇਆ. ਉਸਦਾ ਤੇਲ ਵਾਲਾ ਟੈਂਕਰ ਕਲਕੱਤੇ ਤੋਂ ਬੰਬੇ ਹਾਈ, ਗੁਹਾਟੀ ਦੇ ਚੱਕਰ ਕੱਟਣ ਲੱਗਾ। ਵਿਚ ਵਿਚਾਲੇ ਸਾਹਿਤ ਵੀ ਪੜ੍ਹ ਲੈਂਦਾ। ਕਲਕੱਤੇ ਦੀ ਸਾਹਿਤ ਸਭਾ 'ਚ ਵੀ ਜਾਣ ਆਉਣ ਲੱਗਿਆ। ਕਹਾਣੀ 'ਗਿੱਲੀਆਂ-ਛਿਟੀਆਂ ਦੀ ਅੱਗ' ਲਿਖਕੇ 'ਨਾਗਮਣੀ' ਨੂੰ ਭੇਜ ਦਿੱਤੀ। ਅੰਮ੍ਰਿਤਾ ਦੀ ਚਿੱਠੀ ਆਈ। ਉਸਦੇ ਪੈਰ ਧਰਤੀ 'ਤੇ ਈ ਨਾ ਲੱਗਣ। ਫੇਰ 'ਨਾਮਗਣੀ' 'ਚ ਕਹਾਣੀ ਛਪ ਕੇ ਆ ਗਈ। ਥੋੜ੍ਹੀ ਬਹੁਤ ਸਾਹਿਤਕ ਸੂਝ ਆਲੇ ਟਰਾਂਸਪੋਰਟਾਂ ਨੂੰ ਦਿਖਾਈ। ਉਹ ਤਾਂ ਕਿੱਤੇ ਦੀ ਸ਼ਰੀਕਾਚਾਰੀ ਕਾਰਨ ਪਹਿਲਾਂ ਹੀ ਭੁੱਜ ਕੇ ਕੋਲਾ ਹੋਏ ਪਏ ਸਨ। 'ਨਾਗਮਣੀ ਕੀ ਤੇਰੇ ਟਰੱਕਾਂ ਨੂੰ ਟਾਇਰ ਲਾਦੂ।' ਉਹਨਾਂ ਅੰਦਰਲੀ ਈਰਖਾ ਸਿਰ ਚੜ ਬੋਲੀ। ਬਲਦੇਵ ਅੰਦਰ ਇਹ ਚੈਲੰਜ ਵੀ ਚੁੱਪ-ਚਾਪ ਜਾ ਬੈਠਿਆ। ਉਸਦੀਆਂ ਕਹਾਣੀਆਂ ਧੜਾਪੜ ਨਾਗਮਣੀ, ਆਰਸੀ ਤੇ ਹੋਰ ਮਾਸਿਕ ਪੱਤਰਾਂ ਵਿੱਚ ਛੱਪਣ ਲੱਗੀਆਂ। ਫਿਰ ਜਦੋਂ 'ਸੜਕਨਾਮਾ' ਕਾਲਮ 'ਨਾਮਗਣੀ' ਵਿੱਚ ਛੱਪਣ ਲੱਗਾ। ਬਲਦੇਵ ਦਾ ਨਾਂ ਸਾਹਿਤਕ ਜਗਤ ਦੇ ਅੰਬਰ 'ਤੇ ਚਮਕਣ ਲੱਗਾ। ਸੜਕਨਾਮਾ ਤੇ ਬਲਦੇਵ ਇੱਕ ਦੂਜੇ ਦੇ ਪੂਰਕ ਬਣ ਗਏ। ਬਲਦੇਵ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਵਾਰ-ਵਾਰ ਬਦਲੀ ਕਰਾਉਣ ਵਾਲੇ ਉਸਦੇ ਦੋਖੀ ਨਹੀਂ, ਹਿਤੈਸ਼ੀ ਸਨ।

ਦੋ ਦਹਾਕੇ ਬੀਤ ਜਾਣ ਬਾਅਦ ਵੀ ਮੋਗੇ ਰਹਿੰਦਿਆਂ ਉਸਦਾ ਦਿਲ ਕਲਕੱਤੇ ਲਈ ਧੜਕਦਾ ਹੈ। ਇਹ ਮਹਾਂਨਗਰ ਮੁੜ-ਘਿੜ ਉਸਦੀਆਂ ਗਲਪੀ ਰਚਨਾਵਾਂ ਵਿੱਚ ਆ ਵੜਦਾ ਹੈ। ਕਲਕੱਤੇ ਰਹਿੰਦਿਆਂ ਜਿਹੋ-ਜਿਹਾ ਹੇਰਵਾ ਉਸ ਅੰਦਰ ਪੰਜਾਬ ਬਾਰੇ ਸੀ, ਪੰਜਾਬ ਰਹਿੰਦਿਆਂ ਕਲਕੱਤੇ ਬਾਰੇ ਹੈ। ਕਲਕੱਤੇ ਉਹ ਵੱਲੋਂ ਹਰਦੇਵ ਗਰੇਵਾਲ, ਪਰਮਜੀਤ ਸ਼ੁਦਰਖ, ਬੰਗਾਲੀ ਲੇਖਕ ਬਾਦਲ ਸਰਕਾਰ, ਰਿਤਵਿਕ ਘਟਕ, ਅਰੁਨ ਮੁਖਰਜੀ, ਨਾਟਕਕਾਰ ਉੱਤਪਲ ਦੱਤ, ਆਸ਼ਾ ਪੂਰਨਾ ਦੇਵੀ, ਪ੍ਰਭਾਕਰ ਮਾਚਵੇ ਅਤੇ ਫਿਲਮਕਾਰ ਸਤਿਆਜੀਤ ਰੇਅ ਆਦਿ ਵਰਗੇ ਮਹਾਨ ਕਲਾਕਾਰ ਦੀ ਮਾਣੀ ਸੰਗਤ ਨੇ ਉਸਦੇ ਅਨੁਭਵ ਨੂੰ ਵਿਸ਼ਾਲ ਕੀਤਾ। ਅੰਮ੍ਰਿਤਾ ਪ੍ਰੀਤਮ ਸਮੇਤ ਅਨੇਕਾਂ ਨਾਮਵਰ ਲੇਖਕਾਂ ਨੇ ਉਸਦੇ ਘਰ ਵਿੱਚ ਫੇਰੀ ਪਾਈ। ਪੰਜਾਬ ਤੋਂ ਗਏ ਲੇਖਕਾਂ ਨੂੰ ਬਲਦੇਵ ਚਾਅ ਨਾਲ ਸਾਂਭਦਾ। ਸੜਕਨਾਮਾ, ਕੱਚੀਆਂ ਕੰਧਾਂ ਅਤੇ ਲਾਲ ਬੱਤੀ ਆਦਿ ਅਨੇਕਾਂ ਸ਼ਾਹਕਾਰ ਕ੍ਰਿਤਾਂ ਦੀ ਜ਼ਰਖੇਜ ਭੂਮੀ ਕਲਕੱਤਾਂ ਹੀ ਬਣਿਆ ਹੈ।

ਕਲਕੱਤੇ 'ਚ ਗੱਡੀਆਂ ਦੇ ਮਾਲਕ ਬਣੇ ਬਲਦੇਵ ਨੂੰ ਮੋਗੇ ਆਕੇ ਰੋਜ਼ਮਾਰ ਲਈ ਅੱਕੀਂ ਪਲਾਹੀ ਹੱਥ ਮਾਰਨੇ ਪਏ ਸਨ। ਉਜ਼ਰ ਪੂਰਤੀ ਲਈ ਉਸਨੇ ਪ੍ਰਿੰਟਿੰਗ ਪ੍ਰੈੱਸ ਲਾ ਲਈ। ਇਥੇ ਵੀ ਕਲਕੱਤਾ ਉਸਨੇ ਆਪਣੇ ਅੰਗ-ਸੰਗ ਰੱਖਿਆ। ਆਪਣੀ ਪ੍ਰਿੰਟਿੰਗ ਪ੍ਰੈੱਸ ਦਾ ਨਾਂ 'ਕਲਕੱਤਾ ਪ੍ਰਿੰਟਿੰਗ ਪ੍ਰੈੱਸ' ਰੱਖਿਆ। ਕਾਮੇ ਮਸੀਨਿਸ਼ਟ ਨਾਲ ਰਲਕੇ ਅੱਖਰ ਜੋੜਨ ਲੱਗਾ। ਕਿਸੇ ਇਸਤਰੀ ਸਤਿਸੰਗ ਸਭਾ ਦੇ ਕਾਰਡ ਛਪਣੇ ਆ ਗਏ। ਪਰੂਫ ਰੀਡਿੰਗ ਦੀ ਗਲਤੀ ਨਾਲ 'ਇਸਤਰੀ ਸਤਿਸੰਗ ਸਭਾ ਦੀ ਥਾਂ 'ਇਸਤਰੀ ਸਤਿਭੰਗ ਸਭਾ' ਛਪ ਗਿਆ। ਇਸੇ ਤਰ੍ਹਾਂ ਹੀ ਛਪੇ ਹੋਏ ਅੱਧੇ ਕਾਰਡ ਵੰਡੇ ਗਏ, ਫੇਰ ਕਿਸੇ ਦੀ ਨਿਗਾਹ ਪੈ ਗਈ। ਬਲਦੇਵ ਨੂੰ ਪਤਾ ਚੱਲਿਆ, ਉਹ ਸਿਰ ਫੜ ਕੇ ਬੈਠ ਗਿਆ। ਬੀਬੀਆਂ ਦਾ ਜੱਥਾ, ਪ੍ਰਿੰਟਿੰਗ ਪ੍ਰੈੱਸ 'ਤੇ ਆ ਵੱਜਿਆ। "ਇਹ ਸ਼ਰਾਰਤ ਤੂੰ ਜਾਣ-ਬੁੱਝ ਕੇ ਕੀਤੀ ਐ। ਹੈ ਤਾਂ ਆਖਰ ਨੂੰ ਡਰਾਈਵਰ ਈ ਨਾ। ਐਹੇ ਜਈਆਂ ਸ਼ਰਾਰਤਾਂ ਨਾ ਕਰੂ ਤਾਂ ਹੋਰ ਕੀ ਕਰੂ।" ਜਥੇ ਦੀ ਮੋਹਰੀ ਬੀਬੀ ਝਈਆਂ ਲੈ-ਲੈ ਪੈ ਰਹੀ ਸੀ। ਬਲਦੇਵ ਨੂੰ ਪਤਾ ਜਾਂ ਉਹਦੇ ਰੱਬ ਨੂੰ, ਮਾਮਲਾ ਕਿਵੇਂ ਸੰਭਾਲਿਆ। ਉਸਨੇ ਮਹਿਸੂਸ ਕਰ ਲਿਆ ਕਿ ਉਹ ਇਸ ਕੰਮ ਲਈ ਨਹੀਂ ਬਣਿਆ। ਉਸਨੇ ਆਪਣੇ ਪੁਰਾਣੇ ਕਿੱਤੇ ਵੱਲ ਈ ਮੁਹਾਰਾਂ ਮੋੜ ਲਈਆਂ ਸਨ। ਪਹਿਲਾਂ ਉਸਨੇ ਮੋਗੇ ਤੋਂ ਪਿੰਡਾਂ ਨੂੰ ਸਵਾਰੀਆਂ ਢੋਣ ਵਾਲੇ ਤਿੰਨ ਪਹੀਆਂ ਟੈਂਪੂ ਪਾਏ ਤੇ ਫਿਰ ਮਿੰਨੀ ਬਸਾਂ ਦੇ ਪਰਮਿਟ ਲੈ ਲਏ। ਜ਼ਿੰਦਗੀ ਜਿਵੇਂ ਫਿਰ ਤੋਂ ਲੀਹੇ



ਪੈ ਗਈ। ਕਲਕੱਤਾ ਉਸਦੇ ਅਵਚੇਤਨ ਵਿੱਚ ਇੰਨਾ ਕੁ ਡੂੰਘਾ ਧੱਸ ਚੁੱਕਾ ਕਿ ਆਪਣੀਆਂ ਮਿੰਨੀ ਬਸਾਂ ਦੇ ਪਿੱਛੇ ਵੀ 'ਕਲਕੱਤਾ ਬਸ ਸਰਵਿਸ' ਹੀ ਲਿਖਵਾਇਆ। ਇੱਕ ਅਜੀਬ ਜਿਹੀ ਸੰਤੁਸ਼ਟੀ ਉਸਦੇ ਚਿਹਰੇ 'ਚੋਂ ਝਲਕਣ ਲੱਗੀ। ਹੁਣ ਉਹ ਮੁੜ ਤੋਂ ਗੱਡੀਆਂ ਦਾ ਮਾਲਕ ਜੋ ਬਣ ਗਿਆ ਸੀ।

ਮੇਰੇ ਸਮੇਤ ਬਹੁਤਿਆਂ ਨੂੰ ਸਮਝ ਨਹੀਂ ਆਈ ਬਲਦੇਵ ਲੇਖਕ ਪਹਿਲਾਂ ਐ ਜਾਂ ਟਰਾਂਸਪਰੋਟਰ। ਉਹ ਅਕਸਰ ਟਰਾਂਸਪੋਰਟਰਾਂ ਵਾਲੇ ਰੁਝੇਵਿਆਂ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਕਿਸੇ ਨੂੰ ਗੱਡੀ ਦੁਆਤੀ-ਕਿਸੇ ਦੀ ਵਿਕਾਤੀ। ਕਦੇ ਡੀ. ਟੀ. ਓ. ਦਫ਼ਤਰ, ਕਦੇ ਆਰ. ਟੀ. ਓ.। ਉਹ ਦੌੜ-ਭੱਜ ਵਿੱਚ ਰਹਿੰਦਾ।

– ਯਾਰ ਬਸ ਉਲਟਗੀ ਸੀ-ਬੀਮਾ ਲੈਣਾ। ਫੋਟੋ ਖਿਚਵਾ ਕੇ ਆਇਆਂ।'

– ਕਾਲਜ ਆਲੇ ਮੁੰਡੇ ਲੜਪੇ ਡਰੈਵਰ-ਕੰਡਕਟਰ ਨਾਲ, ਰਾਜ਼ੀਨਾਮਾ ਕਰਵਾਉਣਾ ਸੀ। ਥਾਣਿਉਂ ਆਇਆਂ।'

– ਡੀ. ਟੀ. ਓ. ਨੇ ਖਹਿਰਾ ਆਲਿਆਂ ਦੀ ਬਸ ਰੋਕ ਲਈ ਐ। ਟੈਕਸ ਨੀ ਸੀ ਤਾਰਿਆ, ਉਹਨੂੰ ਮਿਲਣ ਜਾਣੈ।"

– ਬਹੋਨੇ ਕੋਲੇ ਬਸ ਥੱਲੇ ਆ ਕੇ ਕਿਸੇ ਦੀ ਮੱਝ ਮਰਗੀ-ਉਹਦੇ 'ਚ ਈ ਉਲਝੇ ਰਹੇ ਸਾਰੀ ਦਿਹਾੜੀ।'

– ਕੰਡਕਟਰ ਦੀ ਚਾਚੀ ਸੱਸ ਮਰਗੀ-ਉਹਨੇ ਉਧਰ ਜਾਣਾ ਸੀ। ਬਸ ਨਾਲ ਗੇੜੇ ਲੁਆਉਣ ਜਾਣਾ ਪਿਆ।'

ਉਹ ਆਪਣੇ ਰੁਝੇਵੇਂ ਗਿਣਾਉਣ ਲੱਗਦਾ ਹੈ। ਇਹ ਬੰਦਾ ਲਿਖਦਾ ਕਿਹੜੇ ਟਾਈਮ ਹੋਊ ? ਸਮਝ ਨਹੀਂ ਸੀ ਲੱਗਦੀ। ਆਪਰ ਬੜੀ ਘੋਖ-ਪੜਤਾਲ ਉਪਰੰਤ ਸਿੱਟਾ ਕੱਢਿਆ ਕਿ ਬਲਦੇਵ ਬਾਈ ਸਮੇਂ ਦੀ ਆਪਣੇ ਹਿਸਾਬ ਨਾਲ ਵੰਡ ਕਰਕੇ ਰੱਖਦਾ। ਉਹ ਇੱਕ ਮਿੰਟ ਵੀ ਫਾਲਤੂ ਜਾਇਆ ਨਹੀਂ ਕਰਦਾ। ਕਿਸੇ ਸਮਾਗਮ ਦੀ ਪ੍ਰਧਾਨਗੀ ਹੀ ਕਿਉਂ ਨਾ ਕਰ ਰਿਹਾ ਹੋਵੇ, ਉਸਦੀ ਨਿਗਾਹ ਹਮੇਸ਼ਾ ਘੜੀ 'ਤੇ ਲੱਗੀ ਰਹਿੰਦੀ ਐ। ਕਈ ਵਾਰ ਤਾਂ ਸਮਾਗਮ ਅੱਧ-ਵਿਚਾਲਿਉਂ ਵੀ ਛੱਡ ਤੁਰਦਾ ਹੈ। ਉਸਦੇ ਇਸ ਗੁਣ ਜਾਂ ਦੋਸ਼ ਕਰਕੇ ਕਈ ਲੇਖਕ ਉਸ 'ਤੇ ਚਿੜਦੇ ਵੀ ਨੇ। ਉਹ ਆਲੋਚਨਾ ਕਰਦੇ ਨੇ ਕਿ ਬਲਦੇਵ ਲੇਖਕ ਤਾਂ ਚੰਗਾ ਐ, ਪਰ ਸ਼ੋਸ਼ਲ ਪ੍ਰਾਣੀ ਉਕਾ ਹੀ ਨਹੀਂ ਹੈ। ਬਲਦੇਵ ਅਜਿਹੇ ਆਲੋਚਕਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ। ਉਹ ਘੜੀ ਦੀਆਂ ਸੂਈਆਂ ਨਾਲ ਆਪਣੇ ਆਪਨੂੰ ਬੰਨ੍ਹੀ ਰੱਖਦਾ ਹੈ।

ਬਾਹਰ ਹੀ ਨਹੀਂ, ਸਮੇਂ ਦੀ ਪਾਬੰਦੀ ਦਾ ਅਸੂਲ ਘਰ 'ਚ ਵੀ ਲਾਗੂ ਕੀਤਾ ਹੋਇਆ। ਉਸਦੇ ਕਮਰੇ ਵਿੱਚ ਲਿਖਿਆ ਹੋਇਆ, 'ਕ੍ਰਿਪਾ ਕਰਕੇ ਇਸ ਕਮਰੇ ਵਿੱਚ ਪੰਜ ਮਿੰਟ ਤੋਂ ਵੱਧ ਨਾ ਠਹਿਰੋ।' ਆਪਣਾ ਪੰਜ ਮਿੰਟ ਵਾਲਾ ਇਹ ਸਿਧਾਂਤ ਉਸਨੇ ਆਪਣੀ ਪਤਨੀ 'ਤੇ ਵੀ ਲਾਗੂ ਕੀਤਾ ਹੋਇਆ।

'ਸਾਡੇ ਕਿੱਤੇ 'ਚ ਸਮੇਂ ਦੀ ਬੜੀ ਮਹੱਤਤਾ ਐ। ਬਸ ਨੇ ਸਮੇਂ ਸਿਰ ਸਵਾਰੀਆਂ ਚੁੱਕਣੀਆਂ ਹੁੰਦੀਆਂ। ਮਿਥੇ ਟਾਈਮ ਤੋਂ ਪਹਿਲਾਂ ਜਾਂ ਪਿਛੋਂ ਗੱਡੀ ਨੂੰ ਕਾਂਊਟਰ 'ਤੇ ਨੀ ਲੱਗਣ ਦਿੰਦਾ ਕੋਈ। ਏਵੇਂ ਬੰਬੇ ਹਾਈ ਤੋਂ ਤੇਲ ਦੀ ਭਰੀ ਗੱਡੀ (ਟੈਂਕਰ) ਮਿਥੇ ਸਮੇਂ 'ਤੇ ਟਿਕਾਣੇ ਲਾਉਣੀ ਪੈਂਦੀ ਸੀ। ਏਦਾਂ ਦੇ ਰੁਟੀਨ 'ਚੋਂ ਲੰਘਦਿਆਂ ਜ਼ਿੰਦਗੀ ਵਾਕਤ ਦੀ ਪਾਬੰਦੀ 'ਚ ਬੰਨ੍ਹੀ ਗਈ ਐ।' ਬਲਦੇਵ ਆਖਦਾ ਹੈ। ਇੰਜ ਸਮੇਂ ਦੀ ਪਾਬੰਦੀ ਵੀ ਉਸਨੇ ਡਰਾਈਵਰੀ ਵਾਲੇ ਕਿੱਤੇ 'ਚੋਂ ਈ ਸਿੱਖੀ ਐ।। ਬਲਦੇਵ ਨੂੰ ਆਪਣੇ ਡਰਾਈਵਰ ਹੋਣ 'ਤੇ ਮਾਣ ਐ।

ਬਲਦੇਵ ਨੂੰ ਆਪਣੇ ਡਰਾਈਵਰ ਹੋਣ 'ਤੇ ਮਾਣ ਹੋਵੇ ਜਾਂ ਨਾ ਹੋਵੇ, ਇਸ ਕਿੱਤੇ ਆਲੇ ਭਾਈਚਾਰੇ ਦੇ ਹਜ਼ਾਰਾਂ ਲੋਕਾਂ ਨੂੰ 'ਲੇਖਕ ਬਲਦੇਵ' ਦੇ ਆਪਣੇ ਭਾਈਚਾਰੇ 'ਚੋਂ ਹੋਣ ਤੇ ਰੱਬ ਵਰਗਾ

ਮਾਣ ਹੈ। ਉਹਨਾਂ ਨੂੰ ਮਾਣ ਹੈ ਕਿ ਬਲਦੇਵ ਨੇ ਉਹਨਾਂ ਦੀ ਖਤਰਿਆਂ ਨਾਲ ਭਰੀ ਜ਼ਿੰਦਗੀ ਨੂੰ ਇੰਨ-ਬਿੰਨ ਪੇਸ਼ ਕੀਤਾ ਹੈ। ਸਮਾਜ ਵੱਲੋਂ ਵੈਲੀ ਅਤੇ ਲਫੰਗੇ ਸਮਝੇ ਜਾਂਦੇ ਡਰਾਈਵਰਾਂ-ਕਲੀਨਰਾਂ ਅੰਦਰਲੇ ਸੁਹਿਰਦ, ਕੋਮਲ ਅਤੇ ਸੰਵੇਦਨਸ਼ੀਲ ਇਨਸਾਨਾਂ ਨੂੰ ਲੋਕਾਂ ਸਾਹਮਣੇ ਲਿਆਂਦਾ। ਇਸ ਕਿੱਤੇ ਨਾਲ ਜੁੜੇ ਲੋਕਾਂ ਵਿੱਚ ਉਸਦੇ ਭਗਤਾਂ ਦੀ ਸੰਖਿਆ ਕਿੰਨੀ ਅਤੇ ਕਿੱਥੇ-ਕਿੱਥੇ ਐ, ਬਲਦੇਵ ਨੂੰ ਨਹੀਂ ਪਤਾ। ਪਿੱਛੇ ਜਿਹੇ ਮੈਂ, ਸੁਰਜੀਤ ਬਰਾੜ ਅਤੇ ਕੰਡਾ, ਬਲਦੇਵ ਨਾਲ ਚੰਡੀਗੜ੍ਹੋਂ ਮੁੜ ਰਹੇ ਸਾਂ। ਮੁਲਾਂਪੁਰ ਲੰਘਦਿਆਂ ਹੀ ਕੰਡੇ ਨੇ ਗੱਡੀ ਢਾਬੇ 'ਤੇ ਰੋਕ ਲਈ। ਬੋਤਲ ਵਿੱਚੋਂ ਬਚਦੀ ਸ਼ਰਾਬ ਬਾਈ ਬਲਦੇਵ ਨੇ ਸਟੀਲ ਦੇ ਗਿਲਾਸਾਂ ਵਿੱਚ ਪਾ ਦਿੱਤੀ ਸੀ।

– ਤੂੰ ਬਾਈ ਬਲਦੇਵ ਐਂ ?" ਇਕ ਡਰਾਈਵਰ ਜੋ ਕਿੰਨੇ ਹੀ ਚਿਰ ਤੋਂ ਦੂਸਰੇ ਟੇਬਲ ਕੋਲ ਕੁਰਸੀ 'ਤੇ ਬੈਠਾ ਸਾਨੂੰ ਘੂਰੀ ਜਾਂਦਾ ਸੀ, ਬਲਦੇਵ ਦੇ ਮੋਢੇ ਕੋਲ ਆ ਖੜਾ ਸੀ। ਸ਼ਰਾਬ ਨਾਲ ਉਹ ਪੂਰਾ ਟੁੰਨ ਸੀ।

"ਕਿਹੜਾ ਬਲਦੇਵ ?"

"ਕਲਕੱਤੇ ਆਲਾ। ਸੜਕਨਾਮੇ ਆਲਾ।" ਡਿਗਣੋ ਬਚਣ ਲਈ ਉਸਨੇ ਕੁਰਸੀ ਨਾਲ ਢਾਸਣਾ ਲਾ ਲਿਆ।

"ਤੈਨੂੰ ਭੁਲੇਖਾ ਪਿਆ ਲੱਗਦੈ।" ਬਲਦੇਵ ਨੇ ਡਰਾਈਵਰ ਨੂੰ ਸ਼ਰਾਬੀ ਹੋਇਆ ਵੇਖ ਖਹਿੜਾ ਛੁਡਾ ਲੈਣ ਦੀ ਸੋਚੀ ਸੀ। ਸ਼ਰਾਬੀ ਡਰਾਈਵਰ ਅਨਮੰਨੇ ਜਿਹੇ ਮਨ ਨਾਲ ਦੂਰ ਪਏ ਮੰਜੇ 'ਤੇ ਜਾ ਟੇਡਾ ਹੋਇਆ। ਟੇਡਾ ਪਿਆ, ਉਸੇ ਤਰ੍ਹਾਂ ਘੂਰੀ ਜਾਂਦਾ ਸੀ। ਅਸੀਂ ਅਜੇ ਮਸਾਂ ਦੋ-ਦੋ ਬੁਰਕੀਆਂ ਹੀ ਅੰਦਰ ਲੰਘਾਈਆਂ ਸਨ, ਡਿੱਕ-ਡੋਲੇ ਖਾਂਦਾ ਉਹ ਫੇਰ ਸਾਡੇ ਕੋਲ ਆ ਖੜਾ ਹੋਇਆ।

– ਤੂੰ ਬਾਈ ਜੀ ਬਲਦੇਵ ਐਂ। ਸੜਕਨਾਮੇ ਆਲਾ। ਆਏ ਹਫ਼ਤੇ ਤੇਰੀ ਫੋਟੂ ਖ਼ਬਾਰ 'ਚ ਛਪਦੀ ਐ। ਸਾਲੀ ਨਿਗਾਹ ਧੋਖਾ ਕਿਮੇ ਖਾਜੂ ? ਅਸੀਂ ਤਾਂ ਸੌ ਕੋਹ ਤੋਂ ਬੰਦੇ ਦੀ ਤੋਰ ਪਛਾਣ ਦਿੰਨੇ ਆਂ।" ਉਹ ਆਪਣੀ ਗੱਲ 'ਤੇ ਦ੍ਰਿੜ ਸੀ।

– ਇਹ ਬਲਦੇਵ ਈ ਹੈਗਾ। ਤੂੰ ਸੱਚਾਂ। 'ਅੰਨਦਾਤਾ' ਨਾਵਲ ਛਪਦਾ ਇਹਦਾ ਅਜੀਤ 'ਚ।" ਇੰਜ ਇੱਕ ਕਦਰਦਾਨ ਨੂੰ ਝੂਠ ਬੋਲਣਾ, ਡਾ. ਬਰਾੜ ਦੀ ਸਮਾਜਵਾਦੀ ਸੂਝ ਨੂੰ ਚੰਗਾ ਨਹੀਂ ਸੀ ਲੱਗਿਆ।

– ਹੋਈ ਕਨਾ ਉਹੀ ਗੱਲ। ਮੈਂ ਵੀ ਸੋਚੀ ਜਾਮਾ-ਐਂ ਸਾਲਾ ਡਮਾਕ ਚੱਕਰ ਕਿਮੇ ਖਾਜੂ ? ਉਏ ਪਾਨਿਆ....ਉਏ ਆ ਭੱਜ ਕੇ। ਦੇਖ ਡਰੈਵਲਾਂ-ਕਲੀਡਰਾਂ ਬਾਰੇ ਲਿਖਣ ਆਲਾ ਬਲਦੇਵ ਬੈਠਾ ਈ।" ਉਹ ਉੱਚੀ ਉੱਚੀ ਕਲੀਨਰ ਨੂੰ ਆਵਾਜ਼ਾਂ ਮਾਰਨ ਲੱਗਾ। ਜਿਵੇਂ ਕੋਈ ਚਿਰਾਂ ਦੀ ਗੁਆਚੀ ਸ਼ੈਅ ਥਿਆ ਗਈ ਹੋਵੇ। ਉਹ ਬਲਦੇਵ ਦੇ ਪੈਰੀ ਹੱਥ ਲਾਉਣ ਲੱਗਾ।

– ਤੂੰ ਬਾਈਂ....ਡਰੈਵਲਾਂ ਤੇ ਲਿਖਕੇ ਕਮਾਲ ਕਰਤੀ....ਦੁਨੀਆਂ ਭੈਣ ਦੀ....। ਸਾਨੂੰ ਤਾਂ ਲੁੱਚੇ ਈ ਸਮਝਦੀ ਰਹੀ ਐ। ਤੂੰ ਬਾਈ.......ਸਾਡੀ ਵੀ ਕੋਈ ਜ਼ਿੰਦਗੀ ਆ। ਮੇਰੇ ਸਾਲਿਓ ਅਸੀਂ ਵੀ ਨਸਾਨ ਆਂ ਆਖਰ ਨੂੰ.....।' ਉਸਨੇ ਪਤਾ ਨਹੀਂ ਕਿਸਨੂੰ ਗਾਹਲ ਕੱਢੀ ਸੀ।

– ਅਸੀਂ ਵੀ ਧੀਆਂ-ਭੈਣਾਂ ਆਲੇ....ਮੇਰੀ ਵੀ ਐਡੀ ਕੁ ਬੱਚੀ ਐ ਘਰੇ। ਅੱਜ ਮਹੀਨੇ ਬਾਅਦ ਮਿਲਣਾ ਜਾਕੇ......ਆਖੂ ਪਾ...ਪਾ.....।' ਤੇ ਉਹ ਡੁਸਕਣ ਲੱਗ ਪਿਆ। ਹੰਝੂ ਪਰਲ-ਪਰਲ ਵਗਦੇ, ਘਰਾਲਾਂ ਬਣਕੇ ਉਸਦੀ ਕੱਕੀ-ਭੂਰੀ ਦਾਹੜੀ ਵਿੱਚ ਰਲਣ ਲੱਗੇ।

– ਬਾਈ ਦਾਰੂ ਮੇਰੀ ਚੱਲੂ.....ਰੋਟੀ ਛੱਡ ਦਿਉ ਹੈਥੇ ਈ। .......ਪਹਿਲਾਂ ਪੈਗ ਲਾਉ....ਦਾਰੂ ਪੀਣੀ ਪਊ।' ਉਹਨੇ ਪਰਸ ਕੱਢ ਕੇ ਸੌ-ਸੌ ਦੇ ਨੋਟ ਕਲੀਨਰ ਨੂੰ ਫੜਾ ਦਿੱਤੇ। ਕਲੀਨਰ ਉਸ ਨਾਲੋਂ ਵੀ ਜ਼ਿਆਦਾ ਟੱਲੀ ਸੀ, ਉਹ ਉਥੇ ਖੜ੍ਹਾ ਈ ਝੋਲੇ ਖਾਂਦਾ ਰਿਹਾ।



– ਸੁੱਖ ਆ ਮੇਰਾ ਨਾਉਂ......ਭਰੋਆਲੀਆ ਸੁੱਖ ਡਰੈਵਰ....ਜਿਥੋਂ ਮਰਜ਼ੀ ਪੁੱਛ ਲਿਉ। ਬਾਈ ਦੇ ਸਾਰੇ ਨਾਵਲ ਸਟੋਰੀਆਂ ਪੜ੍ਹੇ ਆ। ਨਵਾਂ ਨਾਵਲ ਵੀ ਆ ਗਿਆ 'ਪੰਜਵਾਂ ਸਾਹਿਬਜ਼ਾਦਾ' ਮੈਂ ਕਵਾਰ 'ਚ ਰਪੋਟ ਪੜ੍ਹੀ ਐ। ਲੈਣਾ ਹਜੇ ਮੈਂ.....।" ਉਹ ਲਗਾਤਾਰ ਬੋਲੀ ਜਾਂਦਾ ਸੀ। ਸੱਚਮੁੱਚ ਬਲਦੇਵ ਨੇ ਅਜਿਹੇ ਹਜ਼ਾਰਾਂ-ਲੱਖਾਂ ਲੋਕਾਂ ਨੂੰ ਸਾਹਿਤ ਨਾਲ ਜੋੜਿਆ ਜਿਨ੍ਹਾਂ ਨੂੰ ਸਾਡਾ ਸਮਾਜ ਵਰ੍ਹਿਆਂ ਤੋਂ ਉੱਜਡ ਈ ਸਮਝਦਾ ਆਇਆ।

– ਬਾਈ ! ਤੇਰੀਆਂ ਲਿਖਤਾਂ ਨੂੰ ਡਰੈਵਲ-ਕਲੀਂਡਰ ਪਾਠ ਆਗੂੰ ਪੜ੍ਹਦੇ ਆ। ਸਾਡੇ ਦੁੱਖਾਂ ਦੀਆਂ ਬਾਤਾਂ ਪਾਉਨੈ ਉਏ ਬਾਈ ਸਿਆਂ.......ਕਿਥੇ ਦੇਣ ਦਿਆਂਗੇ ਤੇਰਾ।' ਉਹ ਪਿਘਲਿਆ ਤੁਰਿਆ ਜਾਂਦਾ ਸੀ।

– ਆਹ ਈ ਸਾਹਿਤ! ਲੋਕਾਂ ਦਾ ਸਾਹਿਤ! ਲੋਕ ਸਾਹਿਤ! ਲੋਕਾਂ ਲਈ ਸਾਹਿਤ! ਯੂਨੀਵਰਸਿਟੀਆਂ ਆਲੇ ਡਾਕਟਰ ਕੀ ਜਾਨਣ-ਸਾਹਿਤ ਕਿਸ ਬਲਾ ਦਾ ਨਾਂ ਐ। ਆਹਾਂ ! ਆਪਣੇ ਲੋਕਾਂ ਲਈ ਸਾਹਿਤ। ਬਲਦੇਵ ਜ਼ਿੰਦਾਬਾਦ। ਬਾਈ ਬਲਦੇਵ ਜ਼ਿੰਦਾਬਾਦ!' ਸੁਰਜੀਤ ਬਰਾੜ ਨੇ ਬਲਦੇਵ ਦਾ ਹੱਥ ਫੜਕੇ ਚੁੰਮਿਆ ਸੀ ਅਤੇ ਦੂਜੇ ਹੱਥ ਨੂੰ ਉਪਰ ਚੁੱਕਦਿਆਂ ਕਾਮਰੇਡੀ ਨਾਅਰਾ ਲਾ ਦਿੱਤਾ ਸੀ। ਢਾਬੇ 'ਤੇ ਰੋਟੀ-ਟੁੱਕ ਖਾਂਦੇ ਲੋਕ ਹੈਰਾਨ ਹੋ ਕੇ ਸਾਡੇ ਵੱਲੀਂ ਵੇਖਣ ਲੱਗੇ ਸਨ। ਬਲਦੇਵ ਨੂੰ ਸਮਝ ਨਹੀਂ ਸੀ ਆ ਰਹੀ ਕੀ ਕਰੇ। ਆਪਣੇ ਉਸ ਕਦਰਦਾਨ ਦਾ ਧੰਨਵਾਦ ਕਿਸ ਤਰ੍ਹਾਂ ਕਰੇ-ਉਸਨੂੰ ਦਾਰੂ ਤੋਂ ਕਿਵੇਂ ਜੁਆਬ ਦੇਵੇ। ਆਪਣੇ-ਆਪਣੇ ਸਰੀਰਕ ਵਿੱਤ ਮੁਤਾਬਕ ਅਸੀਂ ਪਹਿਲਾਂ ਹੀ ਲਾ ਚੁੱਕੇ ਸਾਂ। ਮੈਂ ਬਲਦੇਵ ਦੇ ਚਿਹਰੇ ਉਤਲੇ ਉਤਰਾਅ-ਚੜ੍ਹਾਅ ਵਾਚਦਾ ਰਿਹਾ। ਉਹ ਉਪਰੋਂ ਭਾਵੇਂ ਮੁਸਕਰਾ ਰਿਹਾ ਸੀ ਪ੍ਰੰਤੂ ਅੱਖਾਂ ਵਿੱਚ ਡੂੰਘੀ ਉਦਾਸੀ ਉਤਰ ਆਈ ਸੀ, ਸ਼ਾਇਦ ਬੀਤੇ ਸਾਲ ਅੱਖਾਂ ਅੱਗੋਂ ਗੁਜ਼ਰਨ ਲੱਗੇ ਸਨ।

ਬਲਦੇਵ ਨੂੰ ਵੀ ਬਹੁਤੇ ਸਮਕਾਲੀ ਲੇਖਕ, ਲੇਖਿਕਾਵਾਂ, ਸਾਹਿਤਕਾਰ ਨਾਲੋਂ ਡਰਾਈਵਰ ਜ਼ਿਆਦਾ ਸਮਝਦੇ ਨੇ। ਇੱਕ ਹੁਸਨ ਦੇ ਸਿਰ 'ਤੇ ਚਰਚਿਤ ਹੋਈ ਕਾਨਫਰੰਸੀ ਕਵਿਤਰੀ ਉਸਨੂੰ 'ਡਰਾਈਵਰ ਲੇਖਕ' ਆਖਦੀ ਹੈ। ਇਹ ਕਵਿਤਰੀ, ਇੱਕ ਵਾਰ ਕਿਸੇ ਭੁਲੇਖੇ ਦਾ ਸ਼ਿਕਾਰ ਹੋ ਕੇ, ਕਿਸੇ ਗੱਲੋਂ, ਆਪਣੇ ਜੁਆਕਾਂ ਨੂੰ ਨਾਲ ਲੈ ਕੇ, ਬਲਦੇਵ ਦੇ ਘਰ ਖਰੂਦ ਵੀ ਪਾ ਗਈ ਸੀ। ਇਸੇ ਤਰ੍ਹਾਂ ਪਿੱਛੇ ਜਿਹੇ ਇੱਕ ਧੱਕੇ ਨਾਲ ਬਣੀ ਕਹਾਣੀਕਾਰਾ ਦੇ ਫੋਨ ਵੀ ਜਲੰਧਰ ਵਾਲੇ ਪਾਸਿਉਂ ਆਉਂਦੇ ਰਹੇ।

– ਮੈਂ ਤੈਨੂੰ ਮਿਲਣੈ ?"

– ਮਿਲ ਲੈ ਭਾਈ। ਐਥੇ ਅੱਡੇ 'ਚ ਈ ਹੁੰਨੈ। ਸਾਡਾ ਆਫਿਸ ਬਣਾਇਆ ਵਿਐ ਛੋਟਾ ਜਿਹਾ। ਜਾਂ ਫਿਰ ਘਰ ਆਜੋ, ਐਡਰੈਸ ਥੋਨੂੰ ਪਤਾ ਈ ਹੋਊ-ਨਹੀਂ ਲਿਖਲੋ।"

– ਨਹੀਂ ਘਰ ਨ੍ਹੀਂ। ਮੈਂ ਤੈਨੂੰ ਕੱਲੇ ਨੂੰ ਮਿਲਣਾ।"

– ਐਹੋ ਜੀ ਕੀ ਸਮੱਸਿਆ ?"

– ਦਰਅਸਲ ਮੈਂ ਬੜੀ ਦੁੱਖੀ ਆਂ...ਮੇਰੀ ਫੈਮਲੀ ਲਾਈਫ਼ ਬੜੀ ਅਪਸੈੱਟ ਆ। ਮੇਰੇ ਹਸਬੈਂਡ..........ਮੈਂ ਇਕੱਲੀ ਰਹਿਨੀ ਆਂ। ਆਈ ਫੀਲ ਲੋਨਲੀਨੈੱਸ.......।"

– ਦੁਖੀ ਤਾਂ ਭਾਈ ਕੁੱਲ ਦੁਨੀਆ। ਨਾਨਕ ਦੁਖੀਆ ਸਭ ਸੰਸਾਰ। ਹੈਥੇ ਜਲੰਧਰ 'ਚ ਬੜੇ ਸਿਆਣੇ ਪੁਰਸ਼ ਬੈਠੇ ਆ...ਵੱਡੇ-ਵੱਡੇ ਲੇਖਕ। ਉਹਨਾਂ ਨੂੰ ਵਿੱਚ ਪਾਕੇ, ਫੈਮਲੀ ਪਰਬਲਮ ਹੱਲ ਕਰੋ। ਤੇਰੇ ਲਈ ਜ਼ਿਆਦਾ ਹੈਲਪ-ਫੁੱਲ ਹੋ ਸਕਦੇ। ਮੈਂ ਤੇਰੇ ਲਈ ਕੀ ਕਰ ਸਕਦਾਂ ?"

– ਨਹੀਂ..ਗੱਲ ਨੀ। ਮੈਂ ਮਿਲਣਾ ਐ।"

– ਕੋਈ ਨੀ......ਹਜ਼ੇ ਤਾਂ ਮੇਰਾ ਸ਼ਡਿਊਲ ਬਿਜ਼ੀ ਚੱਲ ਰਿਹਾ। ਫੇਰ ਕਿਸੇ ਟੈਮ ਫੋਨ ਕਰਿਉ....ਓ.ਕੇ.।' ਬਲਦੇਵ ਨੇ ਫੋਨ ਦੇ ਬੰਦ ਹੋਣ 'ਤੇ ਸੁੱਖ ਦਾ ਸਾਹ ਲਿਆ ਸੀ।

ਇਸ ਘਟਨਾ ਨੂੰ ਦੋ ਕੁ ਮਹੀਨੇ ਲੰਘ ਗਏ। ਅਸੀਂ ਲੁਧਿਆਣੇ ਪੰਜਾਬੀ ਅਕਾਦਮੀ ਦੇ ਕਿਸੇ ਫੰਕਸ਼ਨ 'ਤੇ ਗਏ ਸਾਂ। ਫੰਕਸ਼ਨ ਅਜੇ ਸ਼ੁਰੂ ਨਹੀਂ ਸੀ ਹੋਇਆ। ਅਸੀਂ ਬਾਹਰ ਲਾਨ ਵਿੱਚ ਬੈਠੇ ਧੁੱਪ ਸੇਕ ਰਹੇ ਸਾਂ। ਬਲਦੇਵ ਦੂਰ ਇਕੱਲਾ ਖੜਾ ਅਖ਼ਬਾਰ ਦੇ ਪੰਨਿਆਂ ਉਪਰੋਂ ਉਡਦੀਆਂ ਖ਼ਬਰਾਂ ਫੜ ਰਿਹਾ ਸੀ।

– ਤੁਸੀਂ ਬਲਦੇਵ ਜੀ ਓਂ ਨਾ....।' ਗੂੜ੍ਹੀ ਲਿਪਸਟਿਕ ਰੰਗ ਬੁੱਲ ਮਾਸਾ ਕੁ ਖੁੱਲ੍ਹੇ ਸਨ।

– ਜੀ.....।'

– ਮੈਂ ਤੁਹਾਨੂੰ ਫੋਨ ਕੀਤਾ ਸੀ ਨਾ......।'

– ਨਾ ਤੁਸੀਂ ਓ।' ਬਲਦੇਵ ਨੇ ਕਸੂਤਾ ਫਸ ਗਿਆ ਮਹਿਸੂਸ ਕੀਤਾ।

– ਜੀ ਮੈਂ ਕਹਾਣੀਆਂ ਵੀ ਲਿਖਦੀ ਆਂ। ਤੁਹਾਡੇ ਤੋਂ ਬੜੀ ਇੰਮਪਰੈਸਡ ਹਾਂ।' ਉਸਨੇ ਪਰਸ 'ਚੋਂ ਪੰਜਾਬੀ ਅਖ਼ਬਾਰ ਕੱਢਿਆ ਅਤੇ ਖੂੰਜੇ 'ਚ ਛਪੀ ਕਹਾਣੀ ਦਿਖਾਈ।

– ਬੜੀ ਹੱਛੀ ਗੱਲ ਐ.....ਲੇਖਿਕਾਵਾਂ ਦੀ ਤਾਂ ਪੰਜਾਬੀ ਸਾਹਿਤ 'ਚ ਬੜੀ ਘਾਟ ਐ। ਔਰਤਾਂ ਨੂੰ ਇਸ ਫੀਲਡ 'ਚ ਆਉਣਾ ਚਾਹੀਦੈ।' ਇੰਜ ਉਤਸ਼ਾਹਤ ਕਰਨਾ ਬਲਦੇਵ ਨੇ ਆਪਣਾ ਫਰਜ਼ ਸਮਝਿਆ।

– ਸਾਰੇ ਤੁਹਾਡੇ ਵਾਗੂੰ ਕਿਥੇ ਸੋਚਦੇ ਨੇ ਜੀ। ਬੜਾ ਡਿਸਕਰਜ ਕਰਦੇ ਆ।.....ਲੱਕੀਲੀ ਤੁਸੀਂ ਮਿਲ ਗਏ। ਅੱਜ ਮਰੇ ਕੋਲ ਰਹਿਨਾ। ਕਿਸੇ ਅੱਛੇ ਰੈਸਟੋਰੈਂਟ 'ਚ ਰੂਮ ਬੁੱਕ ਕਰ ਲੈਨੇ ਆਂ......ਮੈਂ ਹੁਣੇ ਬੁੱਕ ਕਰਾ ਦਿੰਦੀ ਆਂ।'

– ਮੈਡਮ ਮੈਂ ਐਹੋ ਜਾ ਹੈਨੀ....ਸ਼ਾਇਦ ਤੁਸੀਂ ਲੇਖਿਕਾਵਾਂ ਨਾਲ ਘੁੰਮਣ-ਫਿਰਨ ਵਾਲੇ ਕਿਸੇ ਹੋਰ ਬਲਦੇਵ ਦਾ ਭੁਲੇਖਾ ਖਾ ਰਹੇ ਓ।'

– ਐਹੋ ਜੇ ਨੂੰ ਕੀ ਐ...ਸਾਰੀ ਦੁਨੀਆਂ ਨੂੰ ਪਤਾ ਤੁਹਾਡਾ। ਆਖਰ ਨੂੰ ਹੈ ਤਾਂ ਡਰਾਈਵਰ ਈ ਐਂ ਨਾ। ਫਿਰ 'ਲਾਲ ਬੱਤੀ' ਲਿਖੀ ਐ। ਪ੍ਰਾਸੀਚਿਊਟਜ਼ ਤੇ ਕਿਤੇ ਐਵੇਂ ਲਿਖਿਆ ਜਾਂਦਾ।' ਉਸਨੂੰ ਬਲਦੇਵ ਵੱਲੋਂ ਇੰਜ ਠੁਕਰਾ ਦੇਣਾ ਚੰਗਾ ਨਾ ਲੱਗਾ।

– ਲਿਖਣਾ ਹੋਰ ਗੱਲ ਐ-ਜ਼ਰੂਰੀ ਨਹੀਂ ਲੇਖਕ ਜਿਹੋ-ਜਿਹਾ ਲਿਖੇ ਅਸਲ ਜ਼ਿੰਦਗੀ ਵੀ ਉਹੋ ਜਿਹੀ ਜਿਉਂਦਾ ਹੋਵੇ। ਤੁਸੀਂ ਮੈਨੂੰ ਗਲਤ ਸਮਝ ਰਹੇ ਓਂ। ਮੈਂ ਨੂੰਹਾਂ ਧੀਆਂ ਵਾਲਾ। ਇੱਜ਼ਤਦਾਰ ਇਨਸਾਨ। ਆਈ ਐਮ ਇਨਜ਼ਾਇੰਗ ਵੈਲ ਸੈਂਟੀਸਫਾਈਡ ਫੈਮਲੀ ਲਾਈਫ਼....।' ਬਲਦੇਵ ਸਪੱਸ਼ਟੀਕਰਨ ਦੇਣ ਲੱਗਿਆ ਸੀ।

ਇੰਨੇ ਨੂੰ ਸਮਾਗਮ ਸ਼ੁਰੂ ਹੋਣ ਦਾ ਸੱਦਾ ਆ ਗਿਆ। ਬਲਦੇਵ 'ਥੈਂਕ-ਊ-ਮੈਡਮ' ਕਹਿ ਕੇ ਖਹਿੜਾ ਛੁਡਾ ਤੁਰਿਆ।

– ਬਲਦੇਵ ਜੀ.....ਫੰਕਸ਼ਨ ਤੋਂ ਬਾਅਦ.....ਆਈ ਵੇਟ ਯੂ।' ਕਹਾਣੀਕਾਰਾ ਦੇ ਬੋਲ, ਬਲਦੇਵ ਦੀ ਪਿੱਠ 'ਤੇ ਚਿਪਕ ਗਏ ਸਨ।

ਬਾਈ ਨੂੰ ਸਮਾਗਮ ਵਿੱਚ ਬੈਠਣਾ ਮੁਸ਼ਕਲ ਹੋ ਗਿਆ ਸੀ। ਉਸਨੇ ਫੰਕਸ਼ਨ ਖਤਮ ਹੋਣ ਦਾ ਇੰਤਜ਼ਾਰ ਕਰਨ ਵੀ ਬੇਹਤਰ ਨਾ ਸਮਝਿਆ ਤੇ ਸਾਨੂੰ ਵਿਚਕਾਰੋਂ ਹੀ ਉਠਾ ਕੇ ਗੱਡੀ ਮੋਗੇ ਵੱਲ ਭਜਾ ਲਈ।

– ਖੱਚ ਕਿਸੇ ਥਾਂ ਦੀ.....ਅਖੇ 'ਲਾਲ ਬੱਤੀ' ਲਿਖੀ ਐ। ਏਹਨੂੰ ਇਹ ਨੀ ਸਮਝ ਇਹਦੇ 'ਚ ਮਜ਼ਬੂਰੀ ਵੱਸ ਜਿਸਮ ਵੇਚਦੀਆਂ ਮਾਸੂਮ ਕੁੜੀਆਂ ਦਾ ਦਰਦ ਆ। ਤੇਰੇ ਅਰਗੀ....ਪ੍ਰਾਸੀਚਿਊਟ ਦਾ



ਨੀ.....।' ਸਾਰੇ ਰਾਹ ਉਹ ਉਸ ਅਖੌਤੀ ਲੇਖਕਾ ਦੀ ਬੇਹੁਦਗੀ 'ਤੇ ਝੂਰਦਾ ਰਿਹਾ। ਉਹ ਉਦਾਸ ਸੀ।

ਬਲਦੇਵ ਦੀਆਂ ਅੱਖਾਂ ਵਿੱਚ ਪਸਰੀ ਅਜਿਹੀ ਉਦਾਸੀ ਬੈਂਕਾਕ ਵਿੱਚ ਵੀ ਤੱਕੀ ਸੀ। ਬੈਂਕਾਕ ਹਵਾਈ ਅੱਡੇ ਤੋਂ ਬਾਹਰ ਨਿਕਲਦਿਆਂ ਹੀ ਸਾਡੇ ਨਾਲ ਗਏ ਕੁੱਝ ਗੈਰ-ਸਾਹਿਤਕ ਬੰਦਿਆਂ ਦੀਆਂ ਗੁੰਟਰ-ਗੂੰ, ਗੁਟਰ-ਗੂੰ ਕਰਦੀਆਂ, ਟਿਪ-ਟਾਪ ਹੋਈਆਂ ਕੁੜੀਆਂ ਵੱਲ ਵੇਖਕੇ ਲਾਰਾਂ ਟਪਕ ਪਈਆਂ ਸਨ।

– ਗੁਰੁਦੇਵ! ਔਹ ਦੇਖ। ਸ਼ਰ੍ਹੇਆਮ!' ਕੰਡੇ ਦੀ ਰੀਸੇ ਉਹ ਵੀ ਬਲਦੇਵ ਨੂੰ ਗੁਰੁਦੇਵ ਹੀ ਕਹਿਣ ਲੱਗੇ ਸਨ।

– ਮੁਆਫ਼ ਕਰਨਾ! ਹੈਦਾ ਰੇਟ ਪੁੱਛੋ...।' ਉਹ ਹਾਬੜ ਪਏ ਸਨ ਜਿਵੇਂ ਚਿਰਾਂ ਦੇ ਭੁੱਖੇ ਹੋਣ। ਅਸੀਂ ਜਿੰਨੇ ਦਿਨ ਬਾਹਰ ਰਹੇ, ਉਹ ਡਾਂਸ ਕਲੱਬਾਂ, ਬੀਅਰਬਾਰਾਂ ਅਤੇ ਮਸਾਜਘਰਾਂ, ਹੋਟਲਾਂ ਵਿੱਚ ਚੱਕਰ ਕੱਟਦੇ ਹੌਲੇ-ਫੁੱਲ ਹੁੰਦੇ ਰਹੇ। ਉਹਨਾਂ ਬਲਦੇਵ ਨੂੰ ਨਾਲ ਖਿੱਚਣ ਦੀ ਪੂਰੀ ਵਾਹ ਲਾਈ ਪਰ ਬਾਈ 'ਤੇ ਕੋਈ ਅਸਰ ਨਹੀਂ ਸੀ ਹੋਇਆ। ਕਲਕੱਤੇ ਵਰਗੇ ਸ਼ਹਿਰ ਦੀਆਂ ਚਰਮਰਾਂਦੀਆਂ ਗਲੀਆਂ ਅੰਦਰ ਪਸਰੇ ਹਨ੍ਹੇਰੇ ਨੂੰ ਗਹੁ ਨਾਲ ਵੇਖ ਚੁੱਕੇ ਬਲਦੇਵ ਨੂੰ ਕਿਸੇ ਕਿਸਮ ਦੇ ਦੂਧੀਆ ਚਾਨਣ ਨੇ ਕੀ ਪੋਹਣਾ ਸੀ? ਉਸਨੇ ਤਾਂ ਲਿਪੀ-ਪੋਚੀ ਮੁਸਕਾਨ ਦੇ ਪਿਛੇ ਛੁਪੇ ਹਾਉਂਕਿਆਂ ਦੀ ਦਾਸਤਾਨ ਬੜੀ ਨੇੜਿਉਂ ਸੁਣੀ ਹੋਈ ਐ।

ਬਾਈ ਬਲਦੇਵ ਬਾਹਰੋਂ ਜਿੰਨਾ ਸਖ਼ਤ ਤੇ ਭਾਵਹੀਣ ਜਿਹਾ ਜਾਪਦਾ, ਅੰਦਰੋਂ ਓਨਾ ਹੀ ਕੋਮਲ ਤੇ ਸੰਵੇਦਨਸੀਲ ਐ। ਡਲਹੌਜ਼ੀ ਕਹਾਣੀ ਗੋਸ਼ਟੀ 'ਤੇ ਜਾਂਦਿਆਂ, ਇੱਕ ਥਾਂ ਅਚਾਨਕ ਗੱਡੀ ਰੋਕ ਲਈ ਸੀ। ਦੂਰ ਜਾਕੇ, ਕਿੰਨਾ ਹੀ ਚਿਰ ਨੀਝ ਲਾਈ ਦੂਰ-ਪਾਰ ਦੁਮੇਲ ਵੱਲੀਂ ਝਾਰਦਾ ਰਿਹਾ। ਉਸਦੀ ਨਿਗਾਹ ਜਿਵੇਂ ਕੁਝ ਗੁਆਚਿਆ ਤਲਾਸ਼ ਰਹੀ ਹੋਵੇ।

– ਕਿਉਂ ਬਾਈ, ਕੀ ਵੇਹਨੈ? ਕਿਤੇ ਜੁਖਾਲੇ ਆਲੀ ਪਹਾੜਨ ਨੂੰ ਤਾਂ ਨੀ ਤਲਾਸ਼ ਰਿਹਾ?'

– ਹੁਣ ਕੀ ਪਤਾ ਕਿਥੇ ਹੋਊ?' ਇੱਕ ਸਰਦ ਹਉਕਾ ਉਸਦੇ ਧੁਰ ਅੰਦਰੋਂ ਨਿਕਲ ਗਿਆ ਸੀ।

ਤੇ ਸਾਰੇ ਰਾਤ ਬਲਦੇਵ 'ਉਸ' ਦੀਆਂ ਯਾਦਾਂ ਸਾਂਝੀਆਂ ਕਰਦਾ ਰਿਹਾ ਸੀ।

ਇੰਝ ਹੀ ਸਖ਼ਤ ਜਿਹਾ ਜਾਪਦਾ ਇਹ ਬੰਦਾ ਆਪਣੇ ਚਾਰ ਸਾਲਾ ਪੋਤਰੇ ਕਿਵੀ ਦੀ ਮੌਤ ਨਾਲ 'ਕੜੱਕ' ਕਰਕੇ ਟੁੱਟ ਗਿਆ ਸੀ। ਦੂਜਿਆਂ ਨੂੰ ਹੌਂਸਲਾ ਰੱਖੋ-ਦਿਲ ਨਾ ਢਾਹੋ....ਧੀਰਜ ਰੱਖੋ ਕਹਿਣ ਵਾਲਾ ਆਪਣੇ 'ਤੇ ਧੀਰਜ ਨਹੀਂ ਸੀ ਰੱਖ ਸਕਿਆ। ਉਹ ਮੋਮ ਵਾਗੂੰ ਪਿਘਲ ਕੇ ਵਹਿ ਤੁਰਿਆ ਸੀ।

****

ਬਾਈ ਬਲਦੇਵ ਕਮਾਲ ਦਾ ਹਿੰਮਤੀ ਇਨਸਾਨ ਐ। ਆਪਣੇ ਫਾਈਨਾਂਸਰ ਬਨਣ ਦਾ ਝੱਸ ਵੀ ਉਸਨੇ ਪੂਰਾ ਕਰ ਲਿਆ। ਕਾਰੋਬਾਰ ਦੇ ਹੋਰ ਝੰਜਟ ਵੀ ਸਹੇੜੀ ਬੈਠਾ। ਇਸ ਵਿੱਚ ਕੋਈ ਸ਼ੱਕ ਨਹੀਂ-ਉਸ ਅੰਦਰ ਕਮਾਲ ਦੀ ਸਮਰੱਥਾ ਹੈ। ਨਿੰਦਕ ਵੀ ਉਸਦੀ ਕੰਮ ਕਰਨ ਅਤੇ ਲਿਖਣ ਸਮਰੱਥਾ ਦੇ ਕਾਇਲ ਨੇ। ਸਚਮੁੱਚ ਬਲਦੇਵ ਜੇ ਕੁਲਵਕਤੀ ਲੇਖਕ ਹੁੰਦਾ, ਲਿਖ-ਲਿਖ ਗੱਡੇ ਭਰ ਦਿੰਦਾ। ਸਾਰਾ ਨਾ ਸਹੀ, ਇਸ ਵਿੱਚ ਕਾਫ਼ੀ ਸਾਰਾ ਮੁੱਲਵਾਨ ਸਾਹਿਤ ਵੀ ਹੋਣਾ ਸੀ।

ਹੁਣ ਜੀਅ ਕਰਦਾ ਉਸਨੂੰ ਆਖੀਏ, 'ਬਾਈ! ਛੱਡ ਹੁਣ ਸਾਰੇ ਜੰਜਾਲ ਨੂੰ। ਬਥੇਰਾ ਧੰਦ ਪਿੱਟ ਲਿਆ। ਧੀਆਂ-ਪੁੱਤ ਸੈੱਟ ਹੋਗੇ। ਹੁਣ ਟਿੱਕ ਕੇ ਲਿਖ। ਕੋਈ ਸੜਕਨਾਮਾ ਵਰਗੀ ਅਮਰ ਰਚਨਾ! 'ਤੇ ਹਾਂ! ਫ਼ਿਲਮ ਦਾ ਫਿਕਰ ਨਾ ਕਰ। ਤੇਰੇ ਜੀਂਦੇ ਜੀਅ ਨਾ ਬਣੇ ਤਾਂ ਨਾ ਸਹੀ......ਤੈਥੋਂ ਮਗਰੋਂ ਜ਼ਰੂਰ ਬਣ ਜਾਊ!'

# ਹਵਾ, ਸ਼ੀਸ਼ਾ ਤੇ ਰੋਟੀ ਵਾਲਾ ਗੁਰਦੇਵ ਸਿੰਘ ਰੁਪਾਣਾ

**-ਜਿੰਦਰ**

ਕਾਫੀ ਗਰਮੀ ਸੀ। ਇਹੀ ਕੋਈ ਚਾਲੀ ਜਾਂ ਇਕਤਾਲੀ ਡਿਗਰੀ ਦੇ ਲਾਗੇ-ਛਾਗੇ ਦਾ ਤਾਪਮਾਨ ਹੋਣਾ। ਮੈਂ ਹਰਜਿੰਦਰ ਸੂਰੇਵਾਲੀਆ ਦੇ ਮੋਟਰਸਾਈਕਲ ਦੇ ਪਿੱਛੇ ਬੈਠਾ, ਮੁਕਤਸਰ ਤੋਂ ਰੁਪਾਣਾ ਨੂੰ ਜਾ ਰਿਹਾ ਸੀ। 25 ਮਈ, 2005 ਦੀ ਢਲਦੀ ਹੋਈ ਸ਼ਾਮ। ਦਿਨ ਬੁੱਧਵਾਰ। ਮੈਂ ਸੱਜੇ ਖੱਬੇ ਤੇਜ਼ੀ ਨਾਲ ਦੇਖ ਰਿਹਾ ਸੀ। ਜ਼ਿਹਨ 'ਚ 'ਹਵਾ' ਤੇ 'ਸ਼ੀਸ਼ਾ' ਕਹਾਣੀਆਂ ਘੁੰਮ ਰਹੀਆਂ ਸਨ। ਮੈਂ ਇਹਨਾਂ ਖੇਤਾਂ, ਸੜਕ 'ਚੋਂ ਕੁਝ ਭਾਲ ਰਿਹਾ ਸੀ। ਕੋਈ ਊਠ ਵਾਲਾ ਗੱਡਾ ਲੰਘਦਾ ਤਾਂ ਮੈਂ ਮਦਨ ਲਾਲ ਦੀ ਭਾਲ ਕਰਨ ਲੱਗ ਜਾਂਦਾ। ਸੋਚੀਂ ਪੈ ਜਾਂਦਾ ਕਿ ਜੇ ਰੌਲਿਆਂ ਵੇਲੇ ਮਦਨ ਲਾਲ ਦੀ ਉਮਰ 25 ਸਾਲ ਦੀ ਹੋਈ ਤਾਂ ਇਸ ਵੇਲੇ ਉਸ ਦੀ ਉਮਰ 76-77 ਸਾਲਾਂ ਦੀ ਹੋਵੇਗੀ। ਸ਼ਾਇਦ ਉਹ ਜਿਉਂਦਾ ਹੋਵੇ। ਸ਼ਾਇਦ ਨਾ ਹੋਵੇ। ਜੇ ਹੋਵੇਗਾ ਤਾਂ ਉਹਦੀ ਸ਼ਕਲ ਸੂਰਤ ਕਿਹੋ ਜਿਹੀ ਹੋਵੇਗੀ। ਮੈਨੂੰ ਕਈ ਬਜ਼ੁਰਗ ਦਿੱਸੇ ਪਰ ਉਹਨਾਂ ਦੇ ਨੈਣ ਨਕਸ਼ ਮਦਨ ਲਾਲ ਨਾਲ ਨਾ ਮਿਲੇ। ਸ਼ਾਇਦ ਮਿਲੇ ਹੋਣ। ਮੈਥੋਂ ਹੀ ਉਹ ਪਛਾਣਿਆਂ ਨਾ ਗਿਆ ਹੋਵੇ। ਇਸੇ ਵਿਚਕਾਰ ਮੈਨੂੰ ਮਦਨ ਲਾਲ ਦੀ ਮਾਂ ਦੀ ਰੋਣੀ ਸੂਰਤ ਕਈ ਵਾਰ ਦਿੱਸੀ - "ਵੇ ਪਿੰਡਾ ਅਸੀਂ ਲੁੱਟ ਗਏ....ਮੈਂ ਛੋਟੇ ਨੂੰ ਰੋਂਦੀ ਸਾਂ...ਵੱਡੇ ਨੂੰ ਵੀ ਕੁਸ਼ ਹੋ ਗਿਐ...ਪਤਾ ਨਹੀਂ ਕੀਹਦੀ 'ਵਾ ਲੱਗ ਗਈ ਐ...ਵੇਖੋ ਕਿਵੇਂ ਦੀਦੇ ਪਾੜ-ਪਾੜ ਵੇਖੀ ਜਾਂਦੈ...।"

ਮੁਕਤਸਰ ਤੋਂ ਰੁਪਾਣਾ ਸੱਤ ਅੱਠ ਕਿਲੋਮੀਟਰ ਦੂਰ ਹੈ। ਇਹ ਕਾਫ਼ੀ ਵੱਡਾ ਪਿੰਡ ਹੈ। ਜਾਂਦਿਆਂ ਨੂੰ ਸੱਜੇ ਹੱਥ ਪੇਪਰ ਮਿਲ ਹੈ। ਰੁਪਾਣੇ ਨੇ ਮੈਨੂੰ ਸਮਝਾਇਆ ਸੀ, "ਸਕੂਲ ਕੋਲੋਂ ਭੁੱਲਰਾਂ ਨੂੰ ਜਾਂਦੀ ਸੜਕ ਤੇ ਮੁੜ ਜਾਈਉ। ਉਪਰ ਦੀ ਘੁੰਮ ਕੇ ਤੁਹਾਨੂੰ ਮੇਰਾ ਘਰ ਲੱਭਣਾ ਪੈਣਾ। ਮੈਨੂੰ ਇੱਥੇ ਕੋਈ ਨਹੀਂ ਜਾਣਦਾ।" ਇਹ ਕਿੱਡਾ ਵੱਡਾ ਦੁਖਾਂਤ ਸੀ ਕਿ ਜਿਸ ਸਖ਼ਸ਼ ਨੂੰ ਪੰਜਾਬੀ ਕਹਾਣੀ ਵਿੱਚ ਏਨਾ ਮਾਣ ਸਤਿਕਾਰ ਮਿਲਿਆ ਹੋਵੇ, ਉਸ ਦੀ ਆਪਣੇ ਹੀ ਪਿੰਡ ਵਿੱਚ ਕੋਈ ਖਾਸ ਜਾਣ ਪਹਿਚਾਣ ਨਾ ਬਣੀ ਹੋਵੇ। ਮੈਂ ਉਹਨੂੰ ਛੇੜਿਆ ਸੀ, "ਕਿਹੜੀ ਪਿਲਾਉਂਗੇ ?" ਉਸ ਦਾ ਸਿੱਧਾ ਜਵਾਬ ਸੀ, "ਆਉਣ ਲੱਗੇ ਜਿਹੜੀ ਮਰਜ਼ੀ ਫੜ ਲਿਆਉ। ਅਸੀਂ ਵੀ ਮੁਕਤਸਰੋਂ ਲੈ ਜਾਈਦੀ ਐ।"

ਸਰਕਾਰੀ ਸਕੂਲ ਦੀ ਬਿਲਡਿੰਗ ਕੋਲੋਂ ਦੀ ਅਗਾਂਹ ਲੰਘ ਕੇ ਸੂਰੇਵਾਲੀਏ ਨੇ ਭੁੱਲਰਾਂ ਵਾਲੀ ਸੜਕ ਤੇ ਮੋਟਰਸਾਈਕਲ ਮੋੜ ਲਿਆ ਸੀ। ਸੱਜੇ ਹੱਥ ਦੂਰ ਤੱਕ ਰੂੜੀਆਂ ਹੀ ਰੂੜੀਆਂ ਸਨ। ਭਾਵੇਂ ਪੱਕੀਆਂ ਇੱਟਾਂ ਦੇ ਬਗਲ ਕੀਤੇ ਹੋਏ ਸਨ ਪਰ ਨਾ ਤਾਂ ਇਹਨਾਂ ਨੂੰ ਪਲੱਸਤਰ ਕੀਤਾ ਗਿਆ ਸੀ ਤੇ ਨਾ ਹੀ ਟੀਪ। ਖੱਬੇ ਪਾਸੇ ਮਜ਼ਹਬੀਆਂ ਦੇ ਪੱਕੇ ਕੱਚੇ ਘਰ ਸਨ। ਵਾਟਰ ਵਰਕਸ ਦੀ ਉੱਚੀ ਟੈਂਕੀ ਸੀ। ਥੋੜ੍ਹਾ ਕੁ ਅਗਾਂਹ ਜਾ ਕੇ ਖੱਬੇ ਪਾਸੇ ਖੇਤ ਸ਼ੁਰੂ ਹੋ ਗਏ ਸਨ। ਸੜਕ ਪੱਕੀ ਸੀ। ਬਾਕੀ ਸਭ ਕੁਝ ਕੱਚਾ-ਪੱਕਾ ਜਿਹਾ ਹੀ ਸੀ। ਸੂਰੇਵਾਲੀਏ ਨੇ ਖੇਤਾਂ ਵੱਲੋਂ ਆਉਂਦੇ ਸੱਤਰ ਕੁ ਸਾਲਾਂ ਦੇ ਬਜ਼ੁਰਗ ਨੂੰ ਪੁੱਛਿਆ, "ਇੱਥੇ ਇੱਕ ਮਾਸਟਰ ਰਹਿੰਦਾ। ਉਹ ਦਿੱਲੀਉਂ ਆਇਆ। ਲਿਖਦਾ ਲੁਖਦਾ ਵੀ ਆ।"

"ਹੈਗਾ ਜੀ," ਬਜ਼ੁਰਗ ਨੇ ਬੜੀ ਨਿਮਰਤਾ ਨਾਲ ਦੱਸਿਆ।

"ਅਸੀਂ ਉਹਨੂੰ ਮਿਲਣਾ।"



"ਐਉਂ ਕਰੋ। ਦੋ ਮੋੜ ਛੱਡ ਕੇ ਅਗਾਂਹ ਵਾਲੀ ਗਲੀ ਵਿੱਚ ਵੜ ਜਾਏਉ।"

ਸੂਰੇਵਾਲੀਏ ਨੇ ਮੋਟਰਸਾਈਕਲ ਦੀ ਰੇਸ ਵਧਾਈ ਤੇ ਬੋਲਿਆ, "ਹਰ ਬੰਦੇ ਦੀ ਆਪਣੀ ਪਹਿਚਾਣ ਹੁੰਦੀ ਐ। ਜੇ ਮੈਂ ਉਹਨੂੰ ਕਹਿੰਦਾ ਕਿ ਗੁਰਦੇਵ ਸਿਹੁੰ ਨੂੰ ਮਿਲਣਾ ਤਾਂ ਉਹਨੂੰ ਮੇਰੀ ਗੱਲ ਸਮਝ ਨਹੀਂ ਲੱਗਣੀ ਸੀ।"

ਅਗਾਂਹ ਜਾ ਕੇ ਅਸੀਂ ਫੇਰ ਉਲਝ ਗਏ। ਦਰਅਸਲ ਗੱਲਾਂ ਵਿੱਚ ਪਿਆਂ ਗਿਣਤੀ ਕਰਨੀ ਹੀ ਭੁੱਲ ਗਏ। ਇੱਕ ਪਾਸੇ ਧਰੇਕਾਂ ਹੇਠ ਖੜ੍ਹੇ ਨਿਆਣਿਆਂ ਨੂੰ ਪੁੱਛਿਆ ਤਾਂ ਉਹਨਾਂ ਵਿੱਚੋਂ ਇੱਕ ਬੋਲਿਆ, "ਸਾਹਮਣੇ ਅਗਾਂਹ ਜਾ ਕੇ ਉਹਨਾਂ ਦਾ ਘਰ ਐ।"

ਬਾਹਰਲੀ ਫਿਰਨੀ ਵਾਲੇ ਪਾਸੇ ਤੋਂ ਚਾਰ ਕੁ ਘਰ ਛੱਡ ਕੇ ਰੁਪਾਣੇ ਦਾ ਘਰ ਸੀ। 'ਹਵਾ', 'ਸ਼ੀਸ਼ਾ' ਤੇ 'ਰੋਟੀ' ਜਿਹੀਆਂ ਸ਼ਾਹਕਾਰ ਕਹਾਣੀਆਂ ਵਾਲੇ ਗੁਰਦੇਵ ਸਿੰਘ ਰੁਪਾਣਾ ਦਾ ਘਰ। ਕੱਚੀ ਗਲੀ ਸੀ। ਘਰਾਂ ਦੀਆਂ ਕੰਧਾਂ ਉਹੋ ਜਿਹੀਆਂ ਹੀ ਸਨ ਜਿਹੋ ਜਿਹੀਆਂ ਮੈਂ ਪਿੱਛੇ ਦੇਖਦਾ ਆ ਰਿਹਾ ਸੀ। ਰੁਪਾਣੇ ਦੇ ਘਰ ਦਾ ਬਾਹਰਲਾ ਗੇਟ ਲੱਕੜ ਦਾ ਸੀ। ਖਸਮੈਲਾ ਜਿਹਾ ਹੋਇਆ ਜਿਹਨੂੰ ਹੁਣ ਤੱਕ ਨਾ ਤਾਂ ਕਦੇ ਪਰੈਮਰ ਜੁੜਿਆ ਸੀ ਤੇ ਨਾ ਹੀ ਰੰਗ। ਸੱਜੇ ਪਾਸੇ ਵਾਲੇ ਗੇਟ 'ਤੇ ਚਾਰ ਫੱਟੇ ਲੱਗੇ ਸਨ ਤੇ ਖੱਬੇ ਵਾਲੇ ਪਾਸੇ ਤੇ ਸੱਤ ਜਾਂ ਅੱਠ। ਅਗਾਂਹ ਕੱਚਾ ਵਿਹੜਾ ਸੀ। ਗੇਟ ਤੋਂ ਦੱਸ ਕੁ ਫੁੱਟ ਦੀ ਦੂਰੀ ਤੇ ਭਰਤੀ ਪਾ ਕੇ ਇੱਕ ਨਵਾਂ ਮਕਾਨ ਬਣਿਆ ਹੋਇਆ ਸੀ ਜਿਹੜਾ ਕਿ ਉਹ ਦੇ ਭਤੀਜੇ ਦਾ ਸੀ। ਇਸਦੇ ਸੱਜੇ ਪਾਸੇ ਇੱਕ ਹੋਰ ਘਰ ਸੀ। ਆਮ ਜਿਹਾ। ਅਗਾਂਹ ਖੁੱਲ੍ਹਾ ਵਿਹੜਾ ਸੀ। ਹਵੇਲੀ ਨੁਮਾ। ਤਿੰਨਾਂ ਘਰਾਂ ਦਾ ਬਗਲ। ਸੱਜੇ ਪਾਸੇ ਤੁੱਕਿਆਂ ਨਾਲ ਭਰੀਆਂ ਦੋ ਕਿੱਕਰਾਂ ਸਨ। ਇੱਕ ਮੱਝ ਤੇ ਇੱਕ ਗਾਂ ਬੈਠੀਆਂ ਜੁਗਾਲੀ ਕਰ ਰਹੀਆਂ ਸਨ। ਟਰੈਕਟਰ ਦੇ ਪਿੱਛਲੇ ਟਾਇਰਾਂ ਦੀ ਬਣਾਈ ਹੋਈ ਖੁਰਲੀ ਸੀ। ਕੰਧ ਨਾਲ ਲੰਮੀ ਬਣੀ ਪੱਕੀ ਖੁਰਲੀ ਵੀ ਸੀ। ਖੱਬੇ ਪਾਸੇ ਵੀ ਦੋ ਕਿੱਕਰਾਂ ਸਨ। ਉੱਥੇ ਕਿੱਕਰਾਂ ਦੀ ਉਮਰ ਜਿੱਡੀ ਨਿੰਮ ਵੀ ਸੀ। ਇੱਟਾਂ ਤੇ ਟਿਕਾਇਆ ਹੋਇਆ ਇੰਜਨ ਪਿਆ ਸੀ। ਸੱਜੇ ਪਾਸੇ ਰੇਤੇ ਦੀ ਢੇਰੀ ਪਈ ਸੀ ਜਿਸ ਤੇ ਕਪਾਹ ਦੀਆਂ ਛਿੱਟੀਆਂ ਉਗੜ ਦੁਗੜ ਪਈਆਂ ਸਨ। ਇਸ ਤੋਂ ਅਗਾਂਹ ਦੋ ਪਾਥੀਆਂ ਦੇ ਗਹੂਰੇ ਸੀ। ਇੱਕ ਤ੍ਰਿਕੋਣ ਦੇ ਰੂਪ ਵਿੱਚ ਬਣਾਇਆ। ਦੂਜਾ ਗੁਲਾਈ ਵਿੱਚ। ਖੂੰਜੇ ਵਾਲੇ ਪਾਸੇ ਤੂੜੀ ਦਾ ਢੇਰ ਲੱਗਾ ਸੀ ਜਿਸ ਨੂੰ ਮਿੱਟੀ ਨਾਲ ਲਿੱਪਿਆ ਹੋਇਆ ਸੀ। ਇੱਕ ਪਾਸਿਉਂ ਤੂੜੀ ਕੱਢਣ ਲਈ ਥਾਂ ਬਣਾਈ ਹੋਈ ਸੀ। ਇਸ ਸਭ ਕੁਝ ਦੇ ਠੀਕ ਸਾਹਮਣੇ ਰੁਪਾਣੇ ਨੇ ਦਿੱਲੀਉਂ ਵਾਪਸ ਆ ਕੇ ਆਪਣਾ ਮਕਾਨ ਬਣਾਇਆ ਸੀ।

ਰੁਪਾਣੇ ਨੇ ਅੰਦਰੋਂ ਹੀ ਆਵਾਜ਼ ਮਾਰੀ, "ਲੰਘ ਆਉ।"

ਉਹਦੇ ਚਿੱਟਾ ਕੁੜਤਾ ਪਜ਼ਾਮਾ ਪਾਇਆ ਹੋਇਆ ਸੀ। ਸਿਰ ਤੇ ਵੀ ਚਿੱਟੀ ਪੱਗ ਸੀ। ਪਲ ਦੀ ਪਲ ਉਹ ਮੈਨੂੰ ਕੋਈ ਪਹੁੰਚਿਆ ਹੋਇਆ ਸੰਤ-ਫਕੀਰ ਲੱਗਾ ਸੀ। ਉਸਦੇ ਗੱਲ ਕਰਨ 'ਚ ਸਲੀਕਾ ਸੀ। ਅਖੜਪਨ ਵੀ ਸੀ। ਉਹ ਦੀ ਜੱਟ ਹਊਮੈਂ ਵੀ ਬੋਲਦੀ ਸੀ। ਉਹ ਗੱਲ ਕਰਨ ਲੱਗਾ ਲੋੜ ਨਾਲੋਂ ਵੱਧ ਮੂੰਹ ਖੋਲ੍ਹਦਾ ਸੀ। ਆਮ ਨਾਲੋਂ ਉੱਚੀ ਆਵਾਜ਼ 'ਚ ਬੋਲਦਾ ਸੀ। ਉਸ ਕੋਲ ਆਪਣੀ ਗੱਲ ਮੰਨਵਾਉਣ ਲਈ ਤਰਕ ਸੀ। ਬੁੱਧੀ ਸੀ। ਗਿਆਨ ਸੀ। ਉਹਨੂੰ ਸਾਹਿਤ ਦੀ ਸਿਆਸਤ ਦਾ ੳ ਤੋਂ ਲੈ ਕੇ ਫ਼ ਤੱਕ ਗਿਆਨ ਸੀ। ਪਰ ਐਨੇ ਸਾਲ ਦਿੱਲੀ ਰਹਿ ਕੇ, ਉਹ ਵੀ ਉਵੇਂ ਦਾ ਉਵੇਂ ਸੀ ਜਿਵੇਂ ਸਾਡੇ ਦੁਆਬੀਏ ਭਾਈ ਸਾਰੀ ਉਮਰ ਵਲਾਇਤ 'ਚ ਰਹਿ ਕੇ, ਮੁੜ ਪਿੰਡ ਆ ਜਾਂਦੇ ਹਨ। ਉਨ੍ਹਾਂ ਦਾ ਬਹੁਤਾ ਕੁਝ ਨਹੀਂ ਬਦਲਦਾ। ਰੁਪਾਣੇ ਦਾ ਵੀ ਬਹੁਤ ਕੁਝ ਨਹੀਂ ਬਦਲਿਆ ਸੀ। ਉਹ ਪੇਂਡੂ ਸੀ। ਪੇਂਡੂ ਰਿਹਾ। ਸ਼ਾਇਦ ਇਹ ਵੀ ਉਸ ਦੀ ਪ੍ਰਾਪਤੀ ਹੋਵੇ। ਕਮਰੇ 'ਚ ਦੋ ਬੈੱਡ ਪਏ ਸਨ। ਇੱਕ ਵੱਡਾ ਬੈੱਡ। ਦੂਜਾ ਮੰਜਾ। ਰੁਪਾਣੇ ਵਾਲੇ ਬੈੱਡ ਦੇ ਨਾਲ ਬਣੀ ਵੱਡੀ ਖਿੜਕੀ ਤੇ ਦਵਾਈਆਂ ਦੀਆਂ ਸ਼ੀਸ਼ੀਆਂ ਪਈਆਂ ਸਨ। ਕੰਧ ਤੇ ਮੇਖ ਠੋਕ ਕੇ ਪਲਾਸਟਕ ਦੇ ਚਾਰ ਲਿਫਾਫੇ ਟੰਗੇ ਸਨ। ਅੱਲਾ ਜਾਣੇ ਉਹਨਾਂ 'ਚ ਕੀ ਹੋਵੇਗਾ। ਸਾਹਮਣੀ

ਕੰਧ ਤੇ ਸ਼ੋਭਾ ਸਿੰਘ ਦੀ ਬਣਾਈ ਸੋਹਣੀ ਮਹੀਵਾਲ ਦੀ ਪੇਂਟਿੰਗ ਸੀ। ਨੁਕਰ 'ਚ ਪਏ ਮੇਜ਼ ਤੇ ਟੀਵੀ ਪਿਆ ਸੀ। ਨਾਲ ਹੀ ਪਈ ਕੁਰਸੀ ਤੇ ਪੀਲਾ ਪੱਟਕਾ ਫੈਲਾਇਆ ਹੋਇਆ ਸੀ। ਜਿਸ ਪਾਸੇ ਮੈਂ ਤੇ ਸੁਰੇਵਾਲੀਏ ਬੈਠੇ ਸੀ, ਉਸ ਵਾਲੇ ਪਾਸੇ ਸੋਫਾ ਪਿਆ ਸੀ। ਅੱਗੇ ਮੇਜ਼ ਪਿਆ ਸੀ। ਰੁਪਾਣੇ ਵਾਲੇ ਪਾਸੇ ਵੀ ਮੇਜ਼ ਪਿਆ ਸੀ ਜਿਸ ਤੇ ਬਹੁਤ ਸਾਰੀਆਂ ਅੰਗਰੇਜ਼ੀ ਦੀਆਂ ਕਿਤਾਬਾਂ ਪਈਆਂ ਸਨ। ਪਰਲ ਐਸ.ਬਕ. ਦੀ 'ਦੀ ਐਂਗਰੀ ਵਾਈਫ਼'; ਜੋਸੇਫ ਹੇਲੇਰ ਦੀ 'ਗਾਡ ਨੋਜ਼'; ਜੌਹਨ ਸਟੇਨਬਕ ਦੀ 'ਦੀ ਗਰੇਪਜ਼ ਆਫ ਰਾਥ' ; ਨਹਿਰੂ ਦੀ 'ਦੀ ਡਿਸਕਵਰੀ ਆਫ਼ ਇੰਡੀਆ' ਤੇ ਆਈਨ ਰੈਂਡ ਦੀ 'ਐਟਸ ਸਟਰਗਲਡ'। ਲਕੀਰ, ਸ਼ਬਦ, ਮੁਹਾਂਦਰਾ ਤੇ ਤ੍ਰਿਸ਼ੰਕੂ।

ਮੈਂ ਉਹਨੂੰ ਛੇੜਿਆ, "ਦਿੱਲੀ ਵਰਗੇ ਮਹਾਨਗਰ ਤੋਂ ਆ ਕੇ ਇੱਥੇ ਮਨ ਲੱਗ ਗਿਆ ?"

"ਆਪਣੇ ਜੱਟ ਭਾਈ ਸ਼ਹਿਰ ਵਿੱਚ ਨੌਕਰੀ ਕਰਕੇ-ਰਿਟਾਇਮੈਂਟ ਲੈਣ ਪਿੱਛੋਂ ਪਿੰਡ ਆ ਕੇ ਕਿਉਂ ਖੇਤੀ ਕਰਨ ਲੱਗ ਜਾਂਦੇ ?" ਸੁਰੇਵਾਲੀਏ ਨੇ ਉਸਦੇ ਜਵਾਬ ਦੇਣ ਤੋਂ ਪਹਿਲਾਂ ਪੁੱਛਿਆ।

"ਦਿੱਲੀ ਵਿੱਚ ਇਹੀ ਸਵਾਲ ਅਵਤਾਰ ਜੱਜ-ਉਹੀ ਜੱਜ-ਸੋਵੀਅਤ ਲੈਂਡ ਮੈਗਜ਼ੀਨ ਵਾਲਾ-ਨੇ ਪੁੱਛਿਆ ਸੀ। ਮੈਂ ਉਹਨੂੰ ਜਵਾਬ ਦਿੱਤਾ ਸੀ ਕਿ ਜਿੰਨੇ ਕੁ ਕਮਲੇ ਦਿੱਲੀ ਵਿੱਚ ਰਹਿੰਦੇ-ਉੰਨੇ ਕੁ ਰੁਪਾਣੇ ਵਿੱਚ ਵੀ ਆ। ਕੋਈ ਜ਼ਿਆਦਾ ਫਰਕ ਨਹੀਂ।" ਕੁਝ ਪਲਾਂ ਲਈ ਉਹ ਰੁਕਿਆ। ਸੋਟੀ ਨਾਲ ਫਰਸ਼ 'ਤੇ ਠੱਕ ਠੱਕ ਕੀਤੀ। ਫਿਰ ਦੱਸਣ ਲੱਗਾ, "ਦਰਅਸਲ ਹੁਣ ਦਿੱਲੀ ਰਹਿਣ ਵਾਲੀ ਥਾਂ ਨਹੀਂ ਰਹੀ। ਮੇਰਾ ਸਰਕਲ ਨਹੀਂ ਰਿਹਾ। ਕਨਾਟ ਪਲੇਸ ਵਾਲਾ ਕੌਫ਼ੀ ਹਾਊਸ ਨਹੀਂ ਰਿਹਾ। ਸਾਰੇ ਬੰਦੇ ਖਿਲਰ ਗਏ। ਤਾਰਾ ਸਿੰਘ ਨਹੀਂ ਰਿਹਾ। ਪਹਿਲਾਂ ਵਾਲਾ ਮਾਹੌਲ ਨਹੀਂ ਰਿਹਾ। ਉਦੋਂ ਮਹੀਨੇ ਵਿੱਚ ਦੋ ਮੀਟਿੰਗਾਂ ਹੁੰਦੀਆਂ ਸੀ। ਇਕ ਨਾਗਮਣੀ ਸ਼ਾਮ ਤੇ ਦੂਜਾ ਹਰੀ ਸਿੰਘ ਗਿਆਨੀ ਹਰ ਐਤਵਾਰ ਮੀਟਿੰਗ ਬੁਲਾਉਂਦਾ ਸੀ। ਗਿਆਨੀ ਨੇ ਦਿੱਲੀ 'ਚ ਪੰਜਾਬੀ ਨੂੰ ਬਹੁਤ ਫੈਲਾਇਆ। ਉਹਨੇ ਹੀ ਦਿੱਲੀ ਵਿੱਚ ਪੰਜਾਬੀ ਸ਼ੁਰੂ ਕਰਵਾਈ ਸੀ। ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਈ। ਅੰਮ੍ਰਿਤਾ ਪ੍ਰੀਤਮ ਦੀ ਨਾਗਮਣੀ ਸ਼ਾਮ ਕਮਾਲ ਦੀ ਹੁੰਦੀ ਸੀ। ਉੱਥੇ ਵਿਦੇਸ਼ੀ ਲੇਖਕ ਵੀ ਆਉਂਦੇ ਸਨ। ਕਦੇ ਕੋਈ ਬੰਗਾਲੀ ਆ ਗਿਆ। ਕਦੇ ਕਿਸੇ ਮਰਾਠੀ ਦੇ ਲੇਖਕ ਨੂੰ ਸੱਦ ਲਿਆ। ਕਦੇ ਕੋਈ ਬਾਹਰਲਾ ਲੇਖਕ ਆ ਗਿਆ। ਦਿੱਲੀ ਵਿੱਚ ਸਾਡਾ ਗਰੁੱਪ ਹੁੰਦਾ ਸੀ। ਮਹਿੰਦਰ ਸਿੰਘ ਜੋਸ਼ੀ, ਭੁੱਲਰ, ਗੁਲਜਾਰ, ਅੰਮ੍ਰਿਤਾ, ਤਾਰਾ ਸਿੰਘ। ਇਹਨਾਂ ਵਿੱਚੋਂ ਬਹੁਤੇ ਐਕਟਿਵ ਨਹੀਂ ਰਹੇ। ਫੇਰ ਮੈਂ ਦਿੱਲੀ ਰਹਿ ਕੇ ਕੀ ਕਰਨਾ ਸੀ।"

"ਦਿੱਲੀ ਆਉਣ ਦਾ ਸਬੱਬ ਕਿਵੇਂ ਬਣਿਆ ?"

"ਮੈਂ ਕਾਮਰੇਡਾਂ ਦੇ ਮੁਜ਼ਾਹਰੇ ਤੇ ਗਿਆ ਸੀ। ਤਿੰਨ ਦਿਨ ਰਿਹਾ। ਕਿਸੇ ਨੂੰ ਪੁੱਛਿਆ ਕਿ ਜੇ ਇੱਥੇ ਮਾਸਟਰੀ ਕਰਨੀ ਹੋਵੇ ਤਾਂ ਨੌਕਰੀ ਮਿਲ ਸਕਦੀ ਆ। ਉਹਨੇ ਮੈਨੂੰ ਦੀਨ ਦਿਆਲ ਸ਼ਰਮੇ ਬਾਰੇ ਦੱਸਿਆ। ਦੀਨ ਦਿਆਲ ਸ਼ਰਮਾ ਐਜੂਕੇਸ਼ਨ ਆਫੀਸਰ ਲੱਗਾ ਸੀ। ਮੈਂ ਉਹਨੂੰ ਤੀਜੇ ਦਿਨ ਉਹਦੇ ਦਫ਼ਤਰ 'ਚ ਜਾ ਕੇ ਮਿਲਿਆ। ਉਸ ਦੇ ਮੇਜ਼ ਤੇ ਪ੍ਰੀਤਲੜੀ ਦਾ ਨਵਾਂ ਅੰਕ ਪਿਆ ਸੀ। ਗੱਲਾਂ ਗੱਲਾਂ 'ਚ ਮੈਂ ਉਸਨੂੰ ਦੱਸਿਆ ਕਿ ਇਸ ਅੰਕ ਵਿੱਚ ਮੇਰੀ ਨਵੀਂ ਕਹਾਣੀ ਛਪੀ ਐ। ਉਹਨੇ ਹੈਰਾਨੀ ਨਾਲ ਮੇਰੇ ਵੱਲ ਵੇਖਿਆ। ਉਦੋਂ ਪ੍ਰਤੀਲੜੀ ਵਿੱਚ ਛਪਣਾ ਇੱਕ ਬਹੁਤ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਸੀ। ਉਹਨੇ ਪ੍ਰੀਤਲੜੀ ਦੇ ਪੰਨੇ ਫਰੋਲੇ। ਪੁੱਛਿਆ। ਤੁਹਾਡਾ ਕੀ ਨਾਂ ਐ। ਮੈਂ ਉਸਨੂੰ ਆਪਣੀ ਕਹਾਣੀ ਵਾਲੇ ਪੰਨੇ ਦਿਖਾਏ। ਉਹਨੇ ਉਸੇ ਵੇਲੇ ਮੈਨੂੰ ਕਿਹਾ ਕਿ ਤੁਹਾਡੀ ਨੌਕਰੀ ਅਗਲੇ ਹਫ਼ਤੇ ਸ਼ੁਰੂ ਹੋ ਜਾਏਗੀ। ਤੁਸੀਂ ਆਪਣੇ ਸਰਟੀਫਿਕੇਟ ਤੇ ਬਿਸਤਰਾ ਲੈ ਆਉ। ਮੈਂ ਆਪਣੀ ਮੁਕਤਸਰ ਵਾਲੀ ਜੌਬ ਤੋਂ ਅਸਤੀਫਾ ਨਹੀਂ ਦਿੱਤਾ ਸੀ। ਸੋਚਿਆ ਪਹਿਲਾਂ ਇੱਥੇ ਜੁਆਇਨ ਕਰ ਲਵਾਂ। ਫੇਰ ਰਿਜਾਇਨ ਦੇ ਦਵਾਂਗਾ। ਤੀਜੇ ਦਿਨ ਮੈਂ ਪੰਜਾਬ ਮੇਲ ਫੜੀ ਤੇ ਦੀਨ ਦਿਆਲ ਸ਼ਰਮਾ ਦੇ ਕਸ਼ਮੀਰੀ ਗੇਟ ਵਾਲੇ ਦਫ਼ਤਰ ਜਾ ਪਹੁੰਚਾ। ਉਹਨੇ ਮੈਨੂੰ ਚਾਹ ਪਾਣੀ ਦਾ ਪੁੱਛਿਆ। ਮੈਂ ਉਹਨੂੰ ਦੱਸਿਆ ਕਿ ਮੈਂ ਹੁਣੇ ਹੁਣੇ ਚਾਹ ਪੀ ਕੇ ਆਇਆਂ।



ਉਹਨੇ ਦੋ ਫਰਮ ਮੰਗਵਾਏ। ਮੇਰੇ ਸਾਈਨ ਕਰਵਾਏ ਤੇ ਮੈਨੂੰ ਨਰਾਇਨਾ ਦੇ ਸਕੂਲ ਦਾ ਨਿਯੁਕਤੀ ਪੱਤਰ ਦੇ ਦਿੱਤਾ। ਉਸ ਭਲੇ ਬੰਦੇ ਨੇ ਚਪੜਾਸੀ ਨੂੰ ਸੱਦਿਆ। ਉਹਨੂੰ ਕਿਹਾ ਕਿ ਉਹ ਮੈਨੂੰ ਨਰਾਇਨਾ ਵਾਲੇ ਸਕੂਲ ਵਿੱਚ ਛੱਡ ਆਵੇ। ਉਦੋਂ ਸਕੂਲ ਦੋ ਸ਼ਿਫ਼ਟਾਂ ਵਿੱਚ ਲੱਗਦਾ ਸੀ। ਪਹਿਲੀ ਸ਼ਿਫ਼ਟ ਵਿੱਚ ਕੁੜੀਆਂ ਨੂੰ ਪੜ੍ਹਾਇਆ ਜਾਂਦਾ ਸੀ ਤੇ ਦੂਜੀ ਵਿੱਚ ਮੁੰਡਿਆਂ ਨੂੰ। ਮੈਂ ਮੁੰਡਿਆਂ ਨੂੰ ਪੜ੍ਹਾਉਣਾ ਸੀ।"

"ਦਿੱਲੀ ਦੀਆਂ ਮੁੱਢਲੀਆਂ ਯਾਦਾਂ ?"

"ਉਦੋਂ ਅੰਮ੍ਰਿਤਾ ਸਲੈਕਸ ਪਾਉਂਦੀ ਸੀ। ਸਾਡੇ ਨਾਲ ਬੈਠ ਕੇ ਸ਼ਰਾਬ ਪੀਂਦੀ ਸੀ। ਸਿਗਰਟਾਂ ਪੀਂਦੀ ਸੀ। ਉੱਥੇ ਹੀ ਮੈਨੂੰ ਨਵਤੇਜ ਮਿਲਿਆ ਸੀ। ਹੋਰ ਕਈ ਦੋਸਤ ਮਿਲੇ ਸਨ।"

"ਇੰਨੇ ਸਾਲ ਦਿੱਲੀ ਰਹਿਣ ਉਪਰੰਤ ਵੀ ਤੁਸੀਂ ਕਿਸੇ ਕਾਲਜ ਜਾਂ ਯੂਨੀਵਰਸਿਟੀ 'ਚ ਕਿਉਂ ਨਹੀਂ ਗਏ। ਮੇਰੇ ਕਹਿਣ ਦਾ ਭਾਵ ਹੈ ਕਿ ਤੁਸੀਂ ਉੱਥੇ ਨੌਕਰੀ ਕਿਉਂ ਨਹੀਂ ਕੀਤੀ ?"

"ਮੈਨੂੰ ਸਕੂਲ ਦੀ ਮਾਸਟਰੀ ਕਰਨ ਵਿੱਚ ਬਹੁਤ ਮਜ਼ਾ ਆਇਆ। ਇੱਕ ਵਾਰੀ ਦੀ ਗੱਲ ਦੱਸਦਾਂ। ਮੇਰੇ ਕੋਲ ਪ੍ਰੇਮ ਪ੍ਰਕਾਸ਼ ਆਇਆ। ਉਹਨੇ ਦੱਸਿਆ ਕਿ ਨਰਿੰਜਨ ਸਿੰਘ ਢੇਸੀ ਨੇ ਭੇਜਿਆ। ਖਾਲਸਾ ਕਾਲਜ ਜਲੰਧਰ ਵਿੱਚ ਪੰਜਾਬੀ ਦੇ ਲੈਕਚਰਾਰ ਦੀ ਪੋਸਟ ਖਾਲੀ ਪਈ ਐ। ਉਹ ਕਿਸੇ ਅਜਿਹੇ ਵਿਅਕਤੀ ਦੀ ਭਾਲ 'ਚ ਨੇ ਜਿਹੜਾ ਕਿ ਮੂਲ ਰੂਪ ਵਿੱਚ ਸਾਹਿਤਕਾਰ ਹੋਵੇ। ਤੂੰ ਉੱਥੇ ਜਾ। ਤੇਰੀ ਸਲੈਕਸ਼ਨ ਹੋ ਜਾਵੇਗੀ। ਮੈਂ ਉਹਨੂੰ ਦੱਸਿਆ ਕਿ ਮੈਂ ਦਾੜ੍ਹੀ ਕੱਟਦਾਂ, ਸ਼ਰਾਬ ਪੀਨਾਂ। ਉਹ ਕਹਿੰਦਾ ਕਿ ਉਹਨਾਂ ਨੂੰ ਇਸ ਗੱਲ ਨਾਲ ਕੋਈ ਵਾ-ਬਾਸਤਾ ਨਹੀਂ। ਮੇਰਾ ਮਨ ਨਹੀਂ ਮੰਨਿਆ। ਇੱਦਾਂ ਹੀ ਤਰਲੋਕ ਸਿੰਘ ਕੰਵਰ ਕੁਰੁਕਸ਼ੇਤਰ ਗਿਆ ਤਾਂ ਉਹਨੇ ਮੈਨੂੰ ਉੱਥੇ ਆਉਣ ਲਈ ਬੜਾ ਜ਼ੋਰ ਪਾਇਆ। ਉਹ ਮੇਰਾ ਪੀ.ਐਚ.ਡੀ. ਦਾ ਗਾਈਡ ਸੀ। ਮੈਂ ਆਪਣੀ ਸ਼ਰਤ ਰੱਖ ਦਿੱਤੀ ਕਿ ਮੈਂ ਅਰਜ਼ੀ ਨਹੀਂ ਪਾਉਣੀ। ਉਹਨੂੰ ਮੇਰੀ ਇਹ ਸ਼ਰਤ ਵੀ ਮਨਜ਼ੂਰ ਸੀ। ਮੈਂ ਫੇਰ ਵੀ ਨਾ ਗਿਆ। ਜਦੋਂ ਅਤਰ ਸਿੰਘ ਕੋਸ਼ਕਾਰੀ ਡਿਪਾਰਟਮੈਂਟ ਵਿੱਚ ਗਿਆ ਸੀ ਤਾਂ ਉਹਨੇ ਵੀ ਮੈਨੂੰ ਉੱਥੇ ਜੋਆਇਨ ਕਰਨ ਲਈ ਕਿਹਾ ਸੀ। ਇਕ ਵਾਰ ਮਹਿੰਦਰ ਸਿੰਘ ਰੰਧਾਵਾ ਮੈਨੂੰ ਦਿੱਲੀ ਮਿਲਿਆ। ਉਹਨੇ ਮੈਨੂੰ ਪੁੱਛਿਆ ਕਿ ਤੂੰ ਹੀ 'ਇੱਕ ਟੋਟਾ ਔਰਤ' ਕਹਾਣੀ ਲਿਖੀ ਆ। ਮੈਂ ਦੱਸਿਆ ਕਿ ਇਹ ਮੇਰੀ ਹੀ ਕਹਾਣੀ ਆ। ਉਹਨੇ ਮੈਨੂੰ ਕਿਹਾ ਕਿ ਤੂੰ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣੇ ਆ ਜਾ। ਕੁਲਵੰਤ ਸਿੰਘ ਵਿਰਕ ਵੀ ਉੱਥੇ ਆ ਰਿਹਾ। ਮੈਂ ਉਹਨੂੰ ਕਿਹਾ ਕਿ ਮਸਾਂ ਤਾਂ ਖੇਤੀ ਵਿੱਚੋਂ ਨਿਕਲ ਕੇ ਦਿੱਲੀ ਆਇਆਂ ਹੁਣ ਫੇਰ ਉਸੇ ਖੇਤੀ ਵਿੱਚ ਜਾ ਬੜਾਂ।"

ਗੁਰਦੇਵ ਸਿੰਘ ਦਾ ਜਨਮ 13-4-1936 ਦਾ ਹੈ। ਪਰ ਸਰਟੀਫਿਕੇਟਾਂ 'ਤੇ ਇਹ ਮਿਤੀ 1-4-1936 ਹੈ। ਉਹਨੇ 1953 ਵਿੱਚ ਖਾਲਸਾ ਸਕੂਲ, ਮੁਕਤਸਰ ਤੋਂ ਮੈਟ੍ਰਿਕ ਕੀਤੀ। ਇਸ ਸਕੂਲ ਦੀ ਹਾਕੀ ਦੀ ਟੀਮ ਬਹੁਤ ਹੀ ਉੱਚ ਪਾਏ ਦੀ ਹੁੰਦੀ ਸੀ। ਹਰਬਖ਼ਸ਼ ਸਿੰਘ ਓਲੀਪਿੰਅਨ ਵੀ ਇਸੇ ਸਕੂਲ ਵਿੱਚੋਂ ਪੜ੍ਹਿਆ ਸੀ। ਉਹਨੇ ਗੌਰਮਿੰਟ ਕਾਲਜ ਮੁਕਤਸਰ ਤੋਂ 1957 'ਚ ਬੀ.ਏ. ਦੀ ਡਿਗਰੀ ਲਈ। 1969 'ਚ ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ.ਏ. ਕੀਤੀ। ਤਰਲੋਕ ਸਿੰਘ ਕੰਵਰ ਹੇਠ 'ਕਾਦਰਯਾਰ-ਇੱਕ ਅਧਿਐਨ' ਵਿਸ਼ੇ ਅਧੀਨ ਪੀ.ਐਚ.ਡੀ. ਕੀਤੀ। ਉਹਨੇ ਮੌਜਗੜ੍ਹ, ਭੰਗਚੜ੍ਹੀ, ਦਸ਼ਮੇਸ਼ ਕਾਲਜ ਮੁਕਤਸਰ ਪੜ੍ਹਾਇਆ ਤੇ 1996 'ਚ ਗੌਰਮਿੰਟ ਸੀਨੀਅਰ ਸਕੈਂਡਰੀ ਸਕੂਲ, ਅਸ਼ੋਕ ਬਿਹਾਰ, ਦਿੱਲੀ 'ਚੋਂ ਰਿਟਾਇਰ ਹੋਇਆ। ਰਿਟਾਇਰਮੈਂਟ ਤੋਂ ਦੋ ਸਾਲ ਬਾਅਦ ਵੀ ਉਹ ਦਿੱਲੀ ਰਿਹਾ। 2001 ਵਿੱਚ ਉਹ ਆਪਣੇ ਛੋਟੇ ਮੁੰਡੇ ਪ੍ਰੀਤਪਾਲ, ਜਿਹੜਾ ਕਿ ਨੈਸ਼ਨਲ ਸਕੂਲ ਆਫ਼ ਡਰਾਮਾ ਦਾ ਵਿਦਿਆਰਥੀ ਸੀ, ਕੋਲ ਮੁੰਬਈ ਰਿਹਾ ਤੇ 2003 ਵਿੱਚ ਮੁੜ ਪਿੰਡ ਆ ਗਿਆ।

1988 'ਚ ਉਹਦੀ 'ਮਾਡਲ' ਕਹਾਣੀ ਛਪੀ। ਇਸ ਕਹਾਣੀ ਕਰਕੇ ਹੀ ਉਹਨੇ ਭਾਪਾ ਪ੍ਰੀਤਮ ਸਿੰਘ 'ਤੇ ਮੁਕੱਦਮਾ ਠੋਕਿਆ। ਕਈਆਂ ਨੇ ਅੰਦਰ-ਖਾਤੇ ਇਸ ਦਾ ਵਿਰੋਧ ਕੀਤਾ। ਫੇਰ ਕਈ ਸਾਲ

ਰੁਪਾਣਾ ਚੁੱਪ ਰਿਹਾ। ਉਹ ਕਿੱਥੇ ਸੀ ? ਕੀ ਕਰ ਰਿਹਾ ਸੀ ? ਇਸ ਬਾਰੇ ਥੋੜ੍ਹਾ ਚਿਰ ਕਿਆਸ ਲੱਗੇ। ਫੇਰ ਲੇਖਕ/ਮਿੱਤਰ ਰੁਪਾਣੇ ਨੂੰ ਭੁੱਲਣ ਹੀ ਲੱਗੇ ਸਨ। ਲੱਗਣ ਲੱਗਾ ਸੀ ਕਿ ਜਿਵੇਂ ਰੁਪਾਣੇ ਦੇ ਦਾਣੇ ਮੁੱਕ ਗਏ ਹੋਣ ਤੇ ਉਹ ਏਕਾਂਤਵਸ ਚਲਿਆ ਗਿਆ ਹੋਵੇ। ਪਰ ਉਹ ਤਾਂ ਉਰਦੂ, ਹਿੰਦੀ ਤੇ ਇੰਗਲਿਸ਼ ਦੇ ਨਾਵਲ ਪੜ੍ਹ ਰਿਹਾ ਸੀ। ਵਿਚ-ਵਿਚਾਲੇ ਉਹ ਪੰਜਾਬੀ ਸਾਹਿਤ ਵੀ ਪੜ੍ਹ ਲੈਂਦਾ। ਪਰ ਇਸ ਲਿਖੇ ਦੀ ਉਹ ਨੂੰ ਤਸੱਲੀ ਨਾ ਹੁੰਦੀ। ਉਸ ਅਨੁਸਾਰ, ਸ਼ਾਇਰੀ ਤੇ ਕਹਾਣੀ 'ਚ ਕੋਈ ਵੱਡਾ ਲੇਖਕ ਪੈਦਾ ਹੀ ਨਹੀਂ ਹੋ ਰਿਹਾ ਸੀ। ਆਪਣੀ ਚੁੱਪ ਬਾਰੇ ਉਹਨੇ ਪ੍ਰੇਮ ਪ੍ਰਕਾਸ਼ ਨੂੰ (ਲਕੀਰ-ਅਪ੍ਰੈਲ, 2002) 'ਚ ਦੱਸਿਆ ਸੀ, "ਮੈਂ ਸਮਝਦਾਂ ਕਿ ਜਿਹੜਾ ਲੇਖਕ ਹੈ, ਉਹ ਹਮੇਸ਼ਾ ਲੇਖਕ ਹੁੰਦਾ ਹੈ। ਜਦ ਅਸੀਂ ਨਹੀਂ ਲਿਖਦੇ ਤਾਂ ਲਿਖਣ ਬਾਰੇ ਵਿਉਂਤਾਂ ਕਰਦੇ ਰਹਿੰਦੇ ਹਾਂ। ਪਲਾਟਾਂ, ਪਾਤਰਾਂ ਬਾਰੇ ਸੋਚ ਚਲਦੀ ਰਹਿੰਦੀ ਹੈ। ਸਮਾਜ 'ਚ ਆ ਰਹੀਆਂ ਨਵੀਆਂ ਤਬਦੀਲੀਆਂ ਬਾਰੇ ਸੋਚਦੇ ਰਹਿੰਦੇ ਹਾਂ। ਉਹ ਲੋਕ ਪੁੱਛੀ ਜਾਂਦੇ ਘਰੇ ਆ ਆ ਕੇ। ਮੈਂ ਕਹਿ ਦੇਂਦਾ, ਮੈਂ ਤਾਂ ਲਿਖਦਾ ਹੀ ਨਹੀਂ। ਜੀ ਤੁਹਾਡੀ ਕਹਾਣੀ ਨਹੀਂ ਛਪੀ ਕੋਈ। ਉਹ ਬਈ ਜੇ ਨਹੀਂ ਛਪੀ ਤਾਂ ਮੈਂ ਲੇਖਕ ਨਹੀਂ ਰਿਹਾ। ਹੈਂ, ਜਦ ਟਾਲਸਟਾਇ ਮਰ ਗਿਆ, ਨਾਨਕ ਸਿੰਘ ਗੁਜ਼ਰ ਗਿਆ ਤਾਂ ਕੀ ਇਹ ਲੇਖਕ ਨਹੀਂ ਰਹੇ।"

ਫੇਰ ਉਹਨੇ ਚੁੱਪ ਤੋੜੀ। ਉਸਦੀਆਂ ਕਹਾਣੀਆਂ ਅੱਖਰ, ਲਕੀਰ ਤੇ ਹੁਣ 'ਚ ਛਪੀਆਂ। ਉਹ ਪਿੰਡ 'ਚ ਬੈਠ ਕੇ ਸ਼ਹਿਰ ਬਾਰੇ ਕਹਾਣੀਆਂ ਲਿਖਣ ਲੱਗਾ। ਠੀਕ ਉਵੇਂ ਹੀ ਜਿਵੇਂ ਉਹ ਸ਼ਹਿਰ 'ਚ ਬੈਠਾ ਪਿੰਡ ਬਾਰੇ ਲਿਖ ਰਿਹਾ ਸੀ। ਹੁਣ ਵੀ ਉਹ ਦੋ ਨਾਵਲਾਂ ਤੇ ਕੁਝ ਕਹਾਣੀਆਂ ਲਿਖ ਰਿਹਾ ਹੈ।

ਕਦੇ ਉਸ ਨੇ ਦੱਸਿਆ ਸੀ :

– ਲਹਿਰਾਂ ਤੇ ਸ਼ੈਹਰਾਂ ਜਿਹੜੀਆਂ ਆਈਆਂ ਨਾ ਪਹਿਲਾਂ ਸਾਹਿਤਕ ਕਾਰਨਾਂ ਕਰਕੇ ਨਹੀਂ ਸੀ ਆਈਆਂ। ਉਨ੍ਹਾਂ ਦੇ ਕਾਰਨ ਰਾਜਨੀਤਕ ਅਤੇ ਸਾਹਿਤਕ ਸਨ ਅਤੇ ਖਾਸ ਤੌਰ 'ਤੇ ਕਹਾਣੀ, ਨਾਵਲ ਦਾ ਸੰਬੰਧ ਸਿੱਧਾ ਬੰਦੇ ਨਾਲ ਹੁੰਦਾ, ਕਿਉਂਕਿ ਸਮੇਂ ਤੇ ਸਥਾਨ ਵਿਚ ਫੈਲਦੀਆਂ। ਇਸ ਕਰਕੇ ਬੰਦਾ ਉਹਦੇ 'ਚੋਂ ਖਾਰਜ ਨਹੀਂ ਹੋ ਸਕਦਾ। ਬੰਦਾ ਜਦੋਂ ਹੋਵੇਗਾ ਉਦੋਂ ਬੰਦੇ ਦੇ ਅੰਦਰ ਦੀਆਂ ਤੇ ਬਾਹਰ ਦਾ ਵਰਤਾਰਾ ਤੇ ਉਹਦੇ ਨਾਲ ਜੁੜੀਆਂ ਸਾਰੀਆਂ ਗੱਲਾਂ....ਅਸਲ ਵਿਸ਼ਾ ਤਾਂ ਇਹੋ ਹੈ। ਬੰਦਾ ਹੀ ਫਿਕਸ਼ਨ ਹੈ। ਲੋਕਤੰਤਰ ਵਿੱਚ ਤਾਂ ਆਮ ਬੰਦਾ ਅੱਗੇ ਆ ਜਾਂਦਾ ਹੈ, ਕਿੰਗ ਮੇਕਰ ਹੋ ਜਾਂਦਾ ਹੈ। ਇਸੇ ਕਰਕੇ ਉਹਦੀ ਗੱਲ ਕਰਨੀ ਹੀ ਚੰਗੀ ਲੱਗਦੀ ਹੈ। ਪਹਿਲਾਂ ਮੱਧ ਕਾਲ ਵਿੱਚ ਰਾਜੇ ਰਜਵਾੜਿਆਂ ਦੀਆਂ ਕਹਾਣੀਆਂ ਹੁੰਦੀਆਂ ਹਨ। ਉਸ ਤੋਂ ਪਹਿਲਾਂ ਧਾਰਮਿਕ ਕਹਾਣੀਆਂ ਹੁੰਦੀਆਂ ਸਨ। ਐਪਿਕਸ ਪੁਰਾਣ ਉਸ ਟਾਈਮ ਦੀ ਜ਼ਰੂਰਤ ਸੀ। ਭਗਤੀ ਤੇ ਰਾਜ ਭਗਤ ਦੀ, ਇਸ ਕਰਕੇ ਉਹ ਚੰਗੀਆਂ ਲੱਗਦੀਆਂ ਸਨ। ਅੱਜ ਡੈਮੋਕਰੇਸੀ ਦੇ ਵਿੱਚ ਕੀ ਹੈ ਕਿ ਉਸ ਨੇ ਆਮ ਬੰਦੇ 'ਤੇ ਕੇਂਦਰਤ ਹੋਣਾ ਹੈ। ਆਮ ਬੰਦਾ ਹੀ ਵਿਸ਼ਾ ਹੋਣਾ ਚਾਹੀਦਾ ਹੈ, ਵੈਸੇ ਵੀ ਬੰਦਾ ਆਪਣੇ ਆਪ ਨੂੰ ਸਮਝਣ ਦੀ ਕੋਸ਼ਿਸ ਕਰਦਾ ਹੈ, ਦੂਜੇ ਨੂੰ ਘੱਟ। ਜਦੋਂ ਲੇਖਕ ਵੀ ਕਹਾਣੀ ਲਿਖਦਾ, ਕਿਸੇ ਦੇ ਰਾਹੀਂ ਉਹ ਆਪਣੇ ਆਪ ਨੂੰ ਹੀ ਸਮਝ ਰਿਹਾ ਹੁੰਦਾ। ਬੰਦੇ ਦੀ ਵਿਸ਼ੇਸ਼ਤਾ ਉਹ ਇਹ ਦੇਖਦਾ ਪੁੱਛਦਾ ਬਈ ਇਹ ਕਿਉਂ ਹੈ ? ਕੀ ਗੱਲ ਹੈ, ਉਹਨੂੰ ਜਸਟੀਫਾਈ ਕਰਦਾ। ਇਸੇ ਤਰ੍ਹਾਂ ਬੰਦਾ ਹੀ ਬੰਦੇ ਨੂੰ ਜਾਣਦਾ ਜਟਿਲ ਹੁੰਦਾ ਜਾਂਦਾ ਹੈ।

– ਮੈਂ ਦੇਖਦਾ ਹਾਂ ਜਿਹੜੀਆਂ ਔਰਤਾਂ/ ਕੁੜੀਆਂ ਲਿਖ ਰਹੀਆਂ...ਅਸੀਂ ਜ਼ੁਬਾਨ ਬੇਸੀਕਲੀ ਔਰਤਾਂ ਤੋਂ ਸਿੱਖਦੇ ਹਾਂ। ਵਿਆਕਰਨ ਸਕੂਲਾਂ 'ਚ ਸਿੱਖਦੇ ਹਾਂ। ਮਾਵਾਂ, ਮਾਸੀਆਂ, ਚਾਚੀਆਂ, ਤਾਈਆਂ ਉਨ੍ਹਾਂ ਨੂੰ ਕਦੇ ਸ਼ਬਦਾਂ ਦੀ ਥੁੜ੍ਹ ਨਹੀਂ ਪਈ। ਲੇਕਿਨ ਜਦੋਂ ਔਰਤਾਂ ਕਹਾਣੀ 'ਚ ਗਲਤ ਜ਼ੁਬਾਨ ਵਰਤਣ, ਇਸ ਦਾ ਮਤਲਬ ਜਾਂ ਤਾਂ ਉਹ ਜੰਗਲ 'ਚ ਰਹੀਆਂ ਜਾਂ ਔਰਤਾਂ 'ਚ ਬੈਠੀਆਂ ਹੀ ਨਹੀਂ ਜਾਂ ਉਹ ਧਿਆਨ ਨਹੀਂ ਦੇਂਦੀਆਂ। ਪਹਿਲੀ ਗੱਲ ਭਾਸ਼ਾ ਹੁੰਦੀ ਹੈ। ਭਾਸ਼ਾ ਦੇ ਪੱਖੋਂ ਐਨੀਆਂ ਗਲ਼ਤੀਆਂ ਆ ਰਹੀਆਂ ਹਨ। ਹੁਣ ਜਿਹੜੇ ਨਵੇਂ ਬੰਦੇ ਆ ਰਹੇ ਹਨ ਉਨ੍ਹਾਂ ਨੂੰ ਪੜ੍ਹ ਕੇ ਕਈ ਵਾਰ ਤਾਂ ਕੋਫਤ ਹੋਣ



ਲੱਗਦੀ ਹੈ।

– ਡਿਸਕਸ਼ਨ ਜਾਂ ਵਿਚਾਰ ਚਰਚਾ ਹਮੇਸ਼ਾ ਹੀ ਚੰਗੀ ਹੁੰਦੀ ਹੈ ਲੇਕਿਨ ਇਹ ਸਭਾਵਾਂ ਦਾ ਮੈਂ ਅਜੇ ਤੀਕਰ ਬਾਬੇ ਦੀ ਦਇਆ ਨਾਲ ਮੈਂਬਰ ਨਹੀਂ ਬਣਿਆ। ਇਹ ਸਾਨੂੰ ਲਿਖਣਾ ਨਹੀਂ ਸਿਖਾ ਸਕਦੀਆਂ। ਬਿਲਕੁੱਲ ਨਹੀਂ ਸਿਖਾ ਸਕਦੀਆਂ। ਮੈਂ ਕਿਸੇ ਵੀ ਗੁਰੱਪ ਵਿੱਚ ਨਹੀਂ ਰਿਹਾ। ਇਹ ਐਸੀ ਚੀਜ਼ ਹੈ ਜਿਵੇਂ ਕਹਿੰਦੇ ਨੇ ਇਕ ਸਵਰਗ ਜਾਣਾ ਹੈ ਤਾਂ ਮਰਨਾ ਹੀ ਪੈਂਦਾ ਆਪ ਹੀ। ਲੇਕਿਨ ਉਹਦੇ ਬਾਰੇ ਵਿਚਾਰ ਹੁੰਦੀ ਰਹੇ, ਗੱਲ ਹੁੰਦੀ ਰਹੇ...ਇੱਕ ਸਬਜੈਕਟ ਦੇ ਬੰਦੇ ਆ, ਇੱਥੇ ਤਰ੍ਹਾਂ ਦੇ ਬੰਦੇ ਆ। ਆਪਸ 'ਚ ਮਿਲਣਾ ਚਾਹੁੰਦੇ ਆਂ। ਤੀਵੀਆਂ ਆਪਸ 'ਚ ਗੱਲਾਂ ਨਹੀਂ ਕਰਦੀਆਂ-ਝੁਰਮਟ ਜਿਹਾ ਕਰਕੇ..ਇਵੇਂ ਲੇਖਕ...। ਨਾਈਆਂ ਨੇ ਯੂਨੀਅਨਾਂ ਬਣਾਈਆਂ ਹੋਈਆਂ ਹਨ ਤੇ ਸਾਹਿਤ ਸਭਾਵਾਂ ਬਣਾਉਣਾ ਕੀ ਮਾੜੀ ਗੱਲ ਆ।

– ਜਦੋਂ ਮੈਂ ਦਿੱਲੀ ਗਿਆ ਦਿੱਲੀ ਜਾਣ ਤੋਂ ਬਾਅਦ ਹੀ ਮੈਂ ਕਹਾਣੀਆਂ ਲਿਖੀਆਂ। ਮੁੜ ਕੇ ਦੇਖਿਆ ਪਿੰਡ ਵੱਲ ਪਤਾ ਲੱਗਾ ਕਿ ਇਹ ਗੱਲ ਔਰ ਸੀ। ਉਨ੍ਹਾਂ ਦੇ ਅਰਥ ਇਹ ਸੀ। ਪਹਿਲਾਂ ਨਹੀਂ ਸੀ ਪਤਾ ਕੁੱਝ। ਮੈਨੂੰ ਲੋਕ ਕਹਿੰਦੇ ਕਿ ਤੂੰ ਦਿੱਲੀ ਬਾਰੇ ਕਿਉਂ ਨਹੀਂ ਕਹਾਣੀਆਂ ਲਿਖਦਾ। ਮੈਂ ਕਿਹਾ ਦਿੱਲੀ ਬਾਰੇ ਮੈਂ ਉਦੋਂ ਲਿਖੂੰਗਾ ਜਦੋਂ ਦਿੱਲੀ ਛੱਡਾਂਗਾ। ਏਥੇ ਰਹਿ ਕੇ ਮੇਰੇ ਕੋਲੋਂ ਨਹੀਂ ਕਹਾਣੀਆਂ ਲਿਖੀਆਂ ਜਾਣੀਆਂ। ਦੂਰ ਜਾ ਕੇ ਪਿੰਡ ਬੜੇ ਸੋਹਣੇ ਲੱਗਣ ਲੱਗ ਪਏ। ਛੋਟੀ ਜਗ੍ਹਾ ਦੇ ਵਿੱਚ ਹੀ ਰਹਿੰਦਿਆਂ ਉਨ੍ਹਾਂ ਦੀ ਅਬਜਰਵੇਸ਼ਨ ਐਨੀ ਨਹੀਂ ਹੁੰਦੀ। ਜਦੋਂ ਵੱਡੀ ਜਗ੍ਹਾ 'ਤੇ ਜਾਂਦੇ ਹਾਂ ਤਾਂ ਉਨ੍ਹਾਂ ਦੀ ਅਬਜਰਵੇਸ਼ਨ ਵੱਡੀ ਹੋ ਜਾਂਦੀ ਹੈ। ਉਦੋਂ ਅਬਜਰਵੇਸ਼ਨ ਬੰਦੇ ਦੀ ਛੋਟੇ ਥਾਵਾਂ 'ਤੇ ਵੀ ਤੇਜ਼ ਹੋ ਜਾਂਦੀ ਹੈ।

– ਪੰਜਾਬੀ 'ਚ ਮੈਂ ਸਭ ਤੋਂ ਪਹਿਲਾਂ ਜਿਹੜੀ ਕਿਤਾਬ ਖਰੀਦੀ ਉਹ ਕੁਲਵੰਤ ਸਿੰਘ ਵਿਰਕ ਦੀ ਸੀ, ਜੀਹਦੇ 'ਚ 'ਖਬਲ' ਕਹਾਣੀ ਹੈ। ਉਦੋਂ ਮੇਰੀ ਇਕ ਕਹਾਣੀ ਛਪ ਚੁੱਕੀ ਸੀ। ਮੇਰੇ ਅੰਗਰੇਜ਼ੀ ਦਾ ਟੀਚਰ ਸੀ ਪ੍ਰੋਫੈਸਰ ਏ. ਸੀ. ਬਹਾਰ। ਉਹ ਉਰਦੂ ਦੇ ਸ਼ਾਇਰ ਸਨ। ਅੰਗਰੇਜ਼ੀ ਵੀ ਉਰਦੂ ਦੀ ਕਵਿਤਾ ਰਾਹੀਂ ਸਮਝਾਉਂਦੇ ਸੀ। ਬੜਾ ਅਨੰਦ ਆਉਂਦਾ ਸੀ। ਮੈਂ ਉਹਨਾਂ ਨੂੰ ਆਪਣੀ ਕਹਾਣੀ ਸੁਣਾਈ। ਉਹਨਾਂ ਮੈਨੂੰ ਓ. ਹੈਨਰੀ ਦੀਆਂ ਕਹਾਣੀਆਂ ਦੀ ਕਿਤਾਬ ਦਿੱਤੀ। ਉਹ ਵਿਰਕ ਦੀ ਕਹਾਣੀ ਸੁਣ ਕੇ ਹੈਰਾਨ ਹੋਏ ਕਿ ਪੰਜਾਬੀ 'ਚ ਵੀ ਅਜਿਹੀ ਕਹਾਣੀ ਲਿਖੀ ਜਾਂਦੀ ਹੈ। ਫੇਰ ਧੀਰ, ਨਵਤੇਜ, ਫੇਰ ਜਸਵੰਤ ਸਿੰਘ ਕੰਵਲ ਦਾ ਨਾਵਲ ਪੂਰਨਮਾਸ਼ੀ। ਮੈਂ ਉਰਦੂ ਸਾਹਿਤ ਵੀ ਪੜ੍ਹਦਾ ਸੀ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਤੇ ਕਹਾਣੀਆਂ ਪੜ੍ਹੀਆਂ। 'ਆਗ ਕਾ ਦਰਿਆ' ਪੜ੍ਹਿਆ। ਉਹ 1956 'ਚ ਛਪਿਆ ਸੀ। ਮੈਂ ਚੰਡੀਗੜ੍ਹ ਸੀ। ਪ੍ਰੋ. ਪ੍ਰੀਤਮ ਸਿੰਘ ਆਪਣੇ ਵਿਦਿਆਰਥੀਆਂ ਨੂੰ ਪੜ੍ਹ ਕੇ ਸੁਣਾਉਂਦੇ ਹੁੰਦੇ ਸੀ। ਮੇਰਾ ਬਹਿਣਾ ਉਠਣਾ ਸੀ ਹਰਬੰਸ ਸਿੰਘ ਬਰਾੜ ਨਾਲ।

– ਕਹਾਣੀ ਮੇਰੇ ਵਾਸਤੇ ਇੰਜ ਹੈ ਕਿ ਇਹ ਗੱਲ ਕਰਨ ਦਾ ਇੱਕ ਤਰੀਕਾ ਹੈ, ਇੱਕ ਫਾਰਮ ਹੈ। ਉਹ ਜ਼ਿੰਦਗੀ 'ਚ ਬਹੁਤ ਸਾਰੀਆਂ ਗੱਲਾਂ ਪਈਆਂ ਜਦੋਂ ਉਸ ਫਾਰਮ ਵਿੱਚ ਆ ਜਾਵੇਗੀ ਉਹ ਭਾਵੇਂ 500 ਸਫੇ ਦਾ ਜਾਂ ਦਸ ਹਜ਼ਾਰ ਸਫੇ ਦਾ ਨਾਵਲ ਹੋਵੇ ਜਾਂ 10 ਸ਼ਬਦਾਂ ਦੀ ਕਹਾਣੀ ਹੋਵੇ ਇੱਕੋ ਸਕਿੰਟ 'ਚ ਉਹਦਾ ਅਹਿਸਾਸ ਹੋ ਜਾਂਦਾ ਹੈ। ਬਾਕੀ ਵੇਰਵੇ ਬਾਅਦ 'ਚ ਆਉਂਦੇ ਹਨ। ਜਿਵੇਂ 'ਜਲਦੇਵ' ਮੇਰਾ ਵੱਡਾ ਸਾਰਾ ਨਾਵਲ ਹੈ 400 ਪੰਨੇ ਦਾ। ਉਹਦੀ ਕਹਾਣੀ ਇੱਕੋਦਮ ਨਿਕਲੀ ਸੀ। ਬਾਅਦ 'ਚ ਉਹਦੇ ਹੋਰ ਕਰੈਕਟਰ ਆਏ। ਉਹਨੂੰ ਤੁਸੀਂ ਸੁਹਜ ਸੁਵਾਦ ਦੇ ਅਨੁਭਵ ਕਹਿੰਦੇ ਹੋ ਜਾਂ ਫਾਰਮਲ ਐਕਸਪੀਰੀਐਂਸ, ਉਹ ਬੰਦੇ ਨੂੰ ਇੱਕ ਵਾਰ ਹੁੰਦਾ ਹੈ। ਭਾਵੇਂ ਛੋਟੀ ਰਚਨਾ ਹੋਵੇ ਜਾਂ ਵੱਡੀ...ਮੈਂ ਵਿੱਚੋਂ ਥੋੜ੍ਹਾ ਜਿਹਾ ਲਿਖ ਕੇ ਤੁਰਿਆ ਫਿਰਦਾ ਰਹਿਨਾ.....ਚਾਹ ਪੀ ਲਈ.....ਚਿੱਠੀ ਲਿਖਣ ਬਹਿ ਗਏ ਜਾਂ ਆਟਾ ਹੀ ਪਿਹਾਉਣ ਚਲੇ ਗਿਆ। ਪਤਾ ਵੀ ਇਹ ਨਹੀਂ ਹੁੰਦਾ ਕਿ ਇਹ ਕਹਾਣੀ ਮੈਂ ਇੱਕੋ ਬੈਠਕ ਵਿੱਚ ਲਿਖਣੀ

ਹੈ...ਕਈ ਵਾਰੀ ਕਹਾਣੀ ਪਈ ਭੁੱਲ ਹੀ ਗਏ...ਸਫਾਈ ਸਫੂਈ ਕਰੇ ਘਰ ਦੇ ਕਾਗਜ਼ ਏਧਰ ਉਧਰ ਕਰ ਦਿੰਦੇ ਆ..ਭੁੱਲ ਗਏ...ਫਿਰ ਲੱਭੀ ਉਹ ਤਾਂ ਯਾਰ ਵਿੱਚ ਹੀ ਰਹਿ ਗਈ। ਚਲੋ ਫਿਰ ਲਿਖ ਲੈਂਦੇ ਆ। ਇਹ ਨਹੀਂ ਬਈ ਕੋਈ ਬਿੱਲੀ ਨਿੱਛ ਜਾਂਦੀ, ਜਾਂ ਹੁਣ ਕਿਸੇ ਨੇ ਛਿੱਕ ਮਾਰ ਦਿੱਤੀ ਆ ਬਈ ਲਿਖਿਆ ਨਹੀਂ ਜਾਣਾ। ਉਹ ਤਾਂ ਸਾਰੇ ਪਖੰਡ ਹੈ ਐਵੇਂ ਲੋਕ ਤਮਾਸ਼ੇਬਾਜ਼ੀ ਕਰਦੇ ਆ ਜਿਵੇਂ ਕਲਾਬਾਜ਼ੀਆਂ ਨਹੀਂ ਲਾਉਂਦੇ ਮਦਾਰੀ ਪੁਠੀਆਂ ਛਾਲਾਂ ਮਾਰ ਕੇ ਆਪਣੇ ਵੱਲ ਧਿਆਨ ਵਾਸਤੇ। ਕੁਝ ਨਹੀਂ ਹੁੰਦਾ ਉਨ੍ਹਾਂ ਨੂੰ ਘੋੜੇ ਵਰਗੇ ਆ ਭੱਜੇ ਫਿਰਦੇ।

– ਕਲਯੁੱਗ ਤੇ ਸਤਯੁੱਗ ਦਾ ਇਕ ਫਰਕ ਦੱਸਾਂ ਮੈਂ ਤੁਹਾਨੂੰ। ਸਤਯੁੱਗ 'ਚ ਜਿਨ੍ਹਾਂ ਨੂੰ ਅਕਲ ਨਹੀਂ ਸੀ ਨਾ ਉਨ੍ਹਾਂ ਨੂੰ ਮੌਤ ਬਹੁਤ ਛੇਤੀ ਆਇਆ ਕਰਦੀ ਸੀ। ਕਲਯੁੱਗ 'ਚ ਉਲਟ ਹੋਇਆ ਪਿਆ ਹੁਣ। ਅਤਰ ਸਿੰਘ ਤੋਂ ਬਾਅਦ ਆਲੋਚਕ ਪੰਜਾਬੀ ਵਿੱਚ ਨਹੀਂ ਰਹਿ ਗਿਆ।(ਇਹੀ ਸ਼ਬਦ ਰੁਪਾਣੇ ਦੀ ਕਹਾਣੀ 'ਰੱਜੋ' 'ਚ ਵੀ ਆਉਂਦੇ ਹਨ।"ਮਾਂ ਤੈਨੂੰ ਕਲਜੁਗ ਤੇ ਸਤਜੁਗ ਦੇ ਫ਼ਰਕ ਦਾ ਪਤੈ ?" ਘਰ ਆ ਕੇ ਉਹਨੇ ਮਾਂ ਤੋਂ ਪੁੱਛਿਆ।

"ਮੈਂ ਵਿਚਾਰੀ ਅਨਪੜ੍ਹ ਨੂੰ ਕੀ ਪਤੈ।" ਮਾਂ ਨੇ ਕਿਹਾ।

"ਮੈਂ ਦੱਸਦੀ ਆਂ।" ਰੱਜੋ ਨੇ ਕਿਹਾ, "ਸਤਯੁਗ ਵਿਚ ਜਿਨ੍ਹਾਂ ਲੋਕਾਂ ਨੂੰ ਅਕਲ ਨਹੀਂ ਸੀ ਹੁੰਦੀ ਉਨ੍ਹਾਂ ਨੂੰ ਮੌਤ ਛੇਤੀ ਆ ਜਾਂਦੀ ਸੀ। ਕਲਯੁਗ ਵਿਚ ਮੂਰਖਾਂ ਦੀ ਉਮਰ ਲੰਮੀ ਹੁੰਦੀ ਐ।" ਮਾਂ ਨੂੰ ਰੱਜੋ ਦੀ ਗੱਲ ਦੀ ਕੋਈ ਸਮਝ ਨਾ ਆਈ। ਰੱਜੋ ਦਲਜੀਤ ਨੂੰ ਕੋਈ ਕਲਜੁਗੀ ਜੀਵ ਕਹਿ ਕੇ ਕੋਸਦੀ ਰਹੀ। ਵਿਸ ਘੋਲਦੀ ਰਹੀ।)

ਰੁਪਾਣਾ ਪੈਰਾਂ ਭਾਰ ਬੈਠ ਗਿਆ ਸੀ। ਉਸ ਕੋਲ ਦੋ ਸੋਟੀਆਂ ਪਈਆਂ ਸਨ। ਜਦੋਂ ਉਹ ਤੁਰਦਾ ਤਾਂ ਇਹਨਾਂ ਵਿੱਚੋਂ ਇੱਕ ਉਸ ਦੇ ਹੱਥ ਵਿੱਚ ਹੁੰਦੀ। ਗੱਲਾਂ ਕਰਦਾ ਕਰਦਾ ਉਹ ਫਰਸ਼ ਤੇ ਸੋਟੀ ਨਾਲ ਠੱਕ ਠੱਕ ਕਰਦਾ। ਜਿਵੇਂ ਉੱਥੇ ਕੋਈ ਅਦਿੱਖ ਹਸਤੀ ਵੀ ਬੈਠੀ ਹੋਵੇ। ਸ਼ਾਇਦ ਇਹ ਉਸ ਦੀ ਆਦਤ ਹੀ ਬਣ ਗਈ ਹੋਵੇ। ਕਹਿੰਦੇ ਹਨ ਕਿ ਬੁਢਾਪੇ ਵਿੱਚ ਸੋਟੀ ਦਾ ਬੜਾ ਆਸਰਾ ਹੁੰਦਾ ਹੈ। ਪਰ ਸਰੀਰ ਤੋਂ ਰੁਪਾਣਾ ਇੰਨਾ ਬੁੱਢਾ ਨਹੀਂ ਲੱਗਦਾ। ਜਦੋਂ ਸੋਟੀ ਲੈ ਕੇ ਤੁਰਦਾ ਤਾਂ ਬਜ਼ੁਰਗ ਹੋਣ ਦਾ ਭੁਲੇਖਾ ਪੈਂਦਾ।

"ਭਾਪਾ ਜੀ ਨਾਲ ਮੁਕੱਦਮਾ ਖਤਮ ਹੋ ਗਿਆ ?"

"ਕਾਹਦਾ ਸੀ ਉਹ ਮੁਕੱਦਮਾ। ਉਹ ਮੇਰਾ ਯਾਰ ਸੀ। ਮਰਣ ਤੋਂ ਦੋ ਕੁ ਮਹੀਨੇ ਪਹਿਲਾਂ ਭਾਪੇ ਦਾ ਫੋਨ ਆਇਆ ਸੀ। ਉਹ ਅਕਸਰ ਮੈਨੂੰ ਫੋਨ ਕਰਦਾ ਸੀ। ਉਸ ਦੀ ਬੇਟੀ ਰੋਕਦੀ ਸੀ ਕਿ ਰੁਪਾਣੇ ਨੇ ਤਾਂ ਤੁਹਾਡੇ ਤੇ ਮੁਕੱਦਮਾ ਠੋਕਿਆ ਸੀ ਤਾਂ ਅੱਗੋਂ ਭਾਪੇ ਦਾ ਜੁਆਬ ਹੁੰਦਾ ਸੀ ਕਿ ਆਖਿਰ ਯਾਰ ਐ।"

"ਕਾਸ ਤੋਂ ਹੋਇਆ ਸੀ ?" ਸੂਰੇਵਾਲੀਏ ਨੇ ਪੁੱਛਿਆ।

"ਮਾਡਲ ਕਹਾਣੀ ਤੋਂ। ਲਉ ਜੀ-ਮੁਕੱਦਮਾ ਸ਼ੁਰੂ ਹੋ ਗਿਆ। ਤਰੀਕ ਭੁਗਤਣ ਮੈਂ ਵੀ ਜਾਇਆ ਕਰਾਂ। ਭਾਪਾ ਵੀ ਜਾਇਆ ਕਰੇ। ਮੈਂ ਉਹਨੂੰ ਦੱਸਣਾ ਚਾਹੁੰਦਾ ਸੀ ਕਿ ਲੇਖਕ ਕੀ ਹੁੰਦਾ ਐ। ਇਕ ਪੇਸ਼ੀ ਤੇ ਭਾਪੇ ਨੇ ਕਿਹਾ ਕਿ ਉਹਨੇ ਮੈਨੂੰ ਲੇਖਕ ਬਣਾਇਆ। ਜੱਜ ਸਿਆਣਾ ਸੀ। ਉਸ ਕਿਹਾ ਕਿ ਉਹ ਉਸਦੀ ਗੱਲ ਨਾਲ ਸਹਿਮਤ ਨਹੀਂ। ਮੈਂ ਜੱਜ ਨੂੰ ਦੱਸਿਆ ਕਿ ਇਹਨੂੰ 35 ਵਰ੍ਹੇ ਮੈਗਜ਼ੀਨ ਕੱਢਦੇ ਨੂੰ ਹੋ ਗਏ। ਇਹਨੂੰ ਪੁੱਛੋ ਕਿ ਇਹਨੇ ਕਦੇ ਇਕ ਵੀ ਸ਼ਬਦ ਲਿਖਿਆ 'ਆਰਸੀ' ਵਿੱਚ। ਇਹ ਤਾਂ ਸਾਡੇ ਲਿਖੇ ਨੂੰ ਛਾਪ ਕੇ ਆਪਣੀ ਬੱਲੇ-ਬੱਲੇ ਕਰਾਈ ਜਾਂਦਾ। ਇਹਨੂੰ ਕਹੋ ਕਿ ਮੇਰੀ ਇਕ ਗੱਲ ਦਾ ਜੁਆਬ ਦੇਵੇ ਕਿ ਕਣਕ ਪਹਿਲਾਂ ਆਉਂਦੀ ਐ ਜਾਂ ਕਿ ਆੜ੍ਹਤੀਆ। ਪੇਸ਼ੀਆਂ ਪੈਂਦੀਆਂ ਗਈਆਂ। ਸਾਡੀ ਨੋਕ-ਝੋਕ ਚਲਦੀ ਰਹੀ। ਫੇਰ ਭਾਪਾ ਬੀਮਾਰ ਰਹਿਣ ਲੱਗਾ। ਮੈਂ ਜੱਜ ਨੂੰ ਕਿਹਾ ਕਿ ਮੈਂ ਕੇਸ ਵਾਪਸ ਲੈਣਾ ਚਾਹੁਣਾ। ਜੱਜ ਨੇ ਕਿਹਾ ਕਿ ਇਸ ਅਦਾਲਤ ਚੋਂ ਕੇਸ ਵਾਪਸ ਨਹੀਂ ਲਿਆ ਜਾ ਸਕਦਾ। ਇਹ



ਦੀ ਮੰਜ਼ੂਰੀ ਤਾਂ ਹਾਈਕੋਰਟ ਤੋਂ ਲੈਣੀ ਪੈਣੀ। ਮੈਂ ਜੱਜ ਨੂੰ ਕਿਹਾ ਮੈਂ ਆਪਣੀ ਲੜਾਈ ਤੰਦਰੁਸਤ ਨਾਲ ਜਾਰੀ ਰੱਖਣੀ ਸੀ। ਹੁਣ ਭਾਪਾ ਠੀਕ ਨਹੀਂ ਰਹਿੰਦਾ, ਮੈਂ ਉਹਦੇ ਲੜ ਨਹੀਂ ਸਕਦੈ। ਮੈਂ ਫੇਰ ਹਾਈਕੋਰਟ ਅਪੀਲ ਕਰਕੇ ਕੇਸ ਵਾਪਸ ਲੈ ਲਿਆ। ਗੱਲ ਕੁਸ਼ ਵੀ ਹੋਵੇ ਭਾਪੇ ਦੀ ਪੰਜਾਬੀ ਸਾਹਿਤ ਨੂੰ ਦੇਣ ਤੋਂ ਇਨਕਾਰੀ ਨ੍ਹੀਂ ਹੋਇਆ ਜਾ ਸਕਦਾ।"

"ਪੰਜਾਬੀ ਕਹਾਣੀ ਦਾ ਸਿਤਾਰਾ ?"

"ਅਜੇ ਤੱਕ ਤਾਂ ਵਿਰਕ ਐ। ਇਕ ਦੋ ਕਹਾਣੀਆਂ ਗੁਲਜਾਰ ਸੰਧੂ ਨੇ ਵੀ ਚੰਗੀਆਂ ਲਿਖੀਆਂ। ਮੇਰੀ ਵਿਰਕ, ਗੁਲਜਾਰ, ਗੁਰਬਚਨ ਭੁੱਲਰ ਨਾਲ ਬੜੀ ਸਾਂਝ ਰਹੀ। ਇੱਕ ਗੱਲ ਚੇਤੇ ਆਈ। ਸੁਣੋ ! ਇਕ ਦਿਨ ਮੈਨੂੰ ਗੁਲਜਾਰ ਮਿਲਿਆ। ਬੋਲਿਆ-ਤੂੰ ਕਲ੍ਹ ਨੂੰ ਚਾਂਦਨੀ ਚੌਂਕ ਵੱਲ ਜਾਣਾ। ਆਹ ਮੇਰੀ ਕਹਾਣੀ ਭਾਪਾ ਜੀ ਨੂੰ ਫੜਾ ਆਈਂ। ਪੜ੍ਹ ਵੀ ਲਈਂ। ਰਾਤੀਂ ਮੈਂ ਕਹਾਣੀ ਪੜ੍ਹੀਂ। ਮੈਨੂੰ ਜੱਚੀ ਨ੍ਹੀਂ। ਮੈਂ ਗੁਲਜਾਰ ਨੂੰ ਦੱਸਿਆ ਕਿ ਇਹ ਕਹਾਣੀ ਤੇਰੇ ਲੈਵਲ ਦੀ ਨਹੀਂ ਐ। ਮਿਹਨਤ ਕਰ। ਉਹ ਚੰਗਾ ਬੰਦਾ। ਮੇਰੀ ਗੱਲ ਮੰਨ ਲਈ। ਉਹ ਕਹਾਣੀ ਉਸ ਤੋਂ ਦੋਬਾਰਾ ਲਿਖੀ ਹੀ ਨ੍ਹੀਂ ਗਈ। ਸਾਨੂੰ ਦੋਸਤਾਂ ਮਿੱਤਰਾਂ ਦੀ ਰਾਏ ਨੂੰ ਮੰਨਣਾ ਚਾਹੀਦਾ।"

ਤੀਜੇ ਦਿਨ ਮੇਰੇ ਨਾਲ ਆਏ ਡਾ. ਬਲਕਾਰ ਸਿੰਘ ਨੇ ਪੁੱਛਿਆ ਸੀ, "ਤੁਹਾਡੀ ਆਪਣੀ ਪਸੰਦ ਦੀ ਕੋਈ ਕਹਾਣੀ ?"

"ਵਿਰਕ ਦੀਆਂ 106 ਦੀਆਂ 106 ਕਹਾਣੀਆਂ ਹੀ ਵਧੀਆ। ਸੰਤੋਖ ਸਿੰਘ ਧੀਰ ਦੀ 'ਕੋਈ ਇਕ ਸਵਾਰ', ਸੇਖੋਂ ਦੀ 'ਪੇਮੀ ਦੇ ਨਿਆਣੇ', ਅਣੋਖ ਸਿੰਘ ਦੀ 'ਵਹੁਟੀ', ਗੁਲਜਾਰ ਸੰਧੂ ਦੀ 'ਸੋਨੇ ਦੀ ਇੱਟ' ਤੇ ਭੁੱਲਰ ਦੀਆਂ ਕਈ ਕਹਾਣੀ ਨੇ।"

"ਪ੍ਰੇਮ ਪ੍ਰਕਾਸ਼ ਪਸੰਦ ਨਹੀਂ ਆਇਆ ?" ਬਲਕਾਰ ਸਿੰਘ ਦਾ ਦੂਜਾ ਸਵਾਲ ਸੀ।

"ਉਹ ਇਕੋ ਕਹਾਣੀ ਲਿਖੀ ਜਾਂਦੈ। ਸੈਕਸ ਕੋਈ ਇਕ ਸਬਜੈਕਟ ਨਹੀਂ ਹੁੰਦਾ। ਇਹ ਤਾਂ ਟੂ ਪ੍ਰਾਈਵੇਟ ਥਿੰਗ ਹੁੰਦਾ। ਉਹਨੂੰ ਕੋਈ ਪੁੱਛੇ ਕਿ ਉਹਨੇ ਕਹਾਣੀ 'ਕਾਰ ਸੇਵਾ' ਲਈ ਸਿੱਖਾਂ ਅਤੇ 'ਨਬਾਜ਼ੀ' ਲਈ ਮੁਸਲਮਾਨਾਂ ਦੇ ਸਿੰਬਲ ਕਿਉਂ ਲਏ ? 'ਕਾਰ ਸੇਵਾ' ਲਈ ਉਹ ਹਿੰਦੂ ਮਿਥਿਹਾਸ ਤੋਂ ਵੀ ਸਿੰਬਲ ਲੈ ਸਕਦਾ ਸੀ।"

ਉਹਦਾ ਮੁੰਡਾ ਚਾਹ 'ਤੇ ਬਿਸਕੁਟ ਲੈ ਆਇਆ। ਵਿਚਕਾਰ ਹੀ ਉਸ ਦੇ ਭਤੀਜੇ ਦਾ ਮੁੰਡਾ ਵੀ ਆ ਬੈਠਿਆ ਸੀ। ਉਹ ਬੋਲ ਨਹੀਂ ਸਕਦਾ। ਉਸ ਦੀ ਸ਼ਕਲ 'ਚ ਵੀ ਵਿਗਾੜ ਸੀ। ਉਹਨੇ ਇਸ਼ਾਰੇ ਨਾਲ ਸਮਝਾਇਆ ਸੀ ਕਿ ਬਾਹਰ ਖੜੀ ਕਾਰ ਠੀਕ-ਠਾਕ ਹੈ।

ਰੁਪਾਣੇ ਨੇ ਕਮਰੇ ਅੰਦਰ ਦੀ ਚਿਟਕਣੀ ਲਾਈ। ...... ਤਰੋਤਾਜ਼ਾ ਹੋ ਗਿਆ।

ਇਸੇ ਵਿਚਕਾਰ ਕਈ ਦਲਿਤ ਭਾਈਆਂ ਨੇ ਮੇਰੇ ਚੂੰਢੀਆਂ ਵੱਢੀਆਂ ਕਿ ਰੁਪਾਣੇ ਨੂੰ ਪੁੱਛ ਕਿ ਉਹਨੇ 'ਹਵਾ' ਕਹਾਣੀ ਵਿੱਚ ਦਲਿਤ ਪਾਤਰ ਮਦਨ ਲਾਲ ਹੀ ਕਿਉਂ ਲਿਆ ਸੀ। ਮੈਂ ਉਹਨੂੰ ਪੁੱਛਣ ਹੀ ਲੱਗਾ ਸੀ ਕਿ ਰੁਪਾਣੇ ਦੀਆਂ ਔਰਤ ਪਾਤਰਾਂ ਨੇ ਮੇਰੇ ਮੂੰਹ 'ਤੇ ਹੱਥ ਰੱਖ ਦਿੱਤਾ। ਕਹਾਣੀ 'ਰੱਜੋ' ਦੀ ਰੱਜੋ, 'ਪਹਿਲੀ ਰਾਤ' ਦੀ ਰਾਣੀ, 'ਭੂੰਗਾ' ਦੀ ਬੌਬੀ, 'ਕਣਕ ਦਾ ਦਾਣਾ' ਦੀ ਰੱਜੋ ਤੋਂ ਬਾਅਦ 'ਇਕ ਟੋਟਾ ਔਰਤ' ਦੀ ਲਾਜੋ ਨੇ ਮੇਰੇ ਜ਼ੋਰ ਦੀ ਹੁੰਝ ਮਾਰੀ ਕਿ ਵੱਡੇ ਕਹਾਣੀਕਾਰ ਨੂੰ ਪੁੱਛ ਕਿ ਇਹਦੇ ਲਈ ਔਰਤ ਕੀ ਹੈ। ਮੈਂ ਇਹੀ ਸਵਾਲ ਰੁਪਾਣੇ ਤੋਂ ਪੁੱਛ ਲਿਆ।

"ਮੇਰੇ ਲਈ ਔਰਤ ਔਪੋਜਿਟ ਸੈਕਸ ਹੈ। ਬੇਸੀਕਲੀ ਵੋਮਨ ਇਜ ਆਫਟਰਆਲ ਵੋਮਨ। ਅਸੀਂ ਉਹਦੇ ਲਈ ਮਾਡਲ ਸੈੱਟ ਕੀਤੇ ਹੋਏ ਆ ਤੇ ਇਹ ਉਵੇਂ ਹੀ ਪਰਫੋਰਮ ਕਰ ਰਹੀ ਐ। ਜਿਹੜੀ ਕੋਈ ਔਰਤ ਇਧਰ ਉਧਰ ਹੋ ਜਾਂਦੀ ਆ ਉਹ ਅਜੀਤ ਕੌਰ ਬਣ ਜਾਂਦੀ ਐ।"

"ਗੁਰਦੇਵ ਸਿੰਘ ਰੁਪਾਣਾ ਕੀ ਸ਼ੈਅ ਹੈ ?"

"ਗੁਲਜ਼ਾਰ ਸੰਧੂ ਮੇਰੇ ਬਾਰੇ ਕਹਿੰਦਾ ਹੁੰਦਾ ਐ ਕਿ ਰੁਪਾਣਾ ਅਨਪਰੀਡੈੱਕਟੇਬਲ ਐ। ਇਹ ਉਤ ਕਿਸਮ ਦਾ ਬੰਦਾ ਐ। ਫਿਕਰਾ ਬਣਾ ਲੈਂਦਾ ਐ। ਦੋਸਤ ਗੁਆ ਦਿੰਦਾ ਐ। ਮੈਂ ਚਾਹੁੰਨਾ ਕਿ ਬੰਦੇ ਦੀ ਆਜ਼ਾਦੀ ਬਰਕਰਾਰ ਰਹਿਣੀ ਚਾਹੀਦੀ ਐ। ਮੇਰੇ ਸਕੂਲ ਲੈਵਲ ਦੇ ਦੋਸਤਾਂ ਦੇ ਸਰਕਲ ਚੋਂ ਅਜੇ ਤੱਕ ਵੀ ਕੋਈ ਨਹੀਂ ਟੁੱਟਾ।"

"ਲਿਖਣਾ ਕਿਉਂ ਸ਼ੁਰੂ ਕੀਤਾ ?"

"ਸਾਡੇ ਪਿੰਡ ਦੇ ਸਕੂਲ ਵਿੱਚ ਇੱਕ ਟੀਚਰ ਹੁੰਦਾ ਸੀ। ਉਹ ਪ੍ਰੀਤਲੜੀ, ਪੰਜ ਦਰਿਆ ਪੜ੍ਹਦਾ ਸੀ। ਉਹ ਨਵਤੇਜ ਦੀਆਂ ਕਹਾਣੀਆਂ ਦਾ ਪ੍ਰਸੰਸਕ ਸੀ। ਅਸੀਂ ਦੋ ਚਾਰ ਮੁੰਡੇ ਸਾਂ। ਅਸੀਂ ਇਕਨੋਮਿਕ ਬੇਸਿਕ ਦੀਆਂ ਗੱਲਾਂ ਕਰਦੇ। ਕੌਟਨ ਫੀਲਡ ਨੂੰ ਕਿਵੇਂ ਨਿਖਾਰਿਆ ਜਾਵੇ ਇਹਦੇ ਬਾਰੇ ਬਹਿਸਾਂ ਕਰਦੇ। ਅਸੀਂ ਚਾਹੁੰਦੇ ਸੀ ਕਿ ਟੀਚਰ ਵੀ ਇਸ ਬਾਰੇ ਸਿਆਣੀਆਂ ਗੱਲਾਂ ਕਰੇ। ਗੱਲਾਂ ਗੱਲਾਂ 'ਚ ਉਸ ਨੇ ਮੈਨੂੰ ਚੈਲਿੰਜ ਕੀਤਾ ਕਿ ਤੂੰ ਕਹਾਣੀ ਲਿਖ ਕੇ ਦਿਖਾ। ਮੈਂ ਉਹਦੇ ਚੈਲਿੰਜ ਨੂੰ ਕਬੂਲ ਕਰ ਲਿਆ। ਕੁਝ ਦਿਨਾਂ ਬਾਅਦ ਮੈਂ ਸਾਈਕਲ ਤੇ ਮੁਕਤਸਰ ਜਾ ਰਿਹਾ ਸੀ। ਮੇਰੇ ਅੱਗੇ ਦੋ ਸਾਈਕਲਾਂ ਵਾਲੇ ਜਾ ਰਹੇ ਸੀ। ਉਹਨਾਂ ਨੇ ਕੋਈ ਗੱਲ ਛੋਈ ਹੋਈ ਸੀ। ਮੈਂ ਕਦੇ ਸਾਈਕਲ ਉਹਨਾਂ ਤੋਂ ਅੱਗੇ ਕਰ ਲੈਂਦਾ, ਕਦੇ ਪਿੱਛੇ। ਉਹਨਾਂ ਨੂੰ ਅਧਾਰ ਬਣਾ ਕੇ ਮੈਂ ਕਹਾਣੀ ਲਿਖੀ ਤੇ ਇਹ 'ਪੰਜ ਦਰਿਆ 'ਚ' ਨੂੰ ਛਪਣ ਨੂੰ ਭੇਜ ਦਿੱਤੀ। ਕੁਝ ਦਿਨਾਂ ਬਾਅਦ ਅਜੀਤ ਦਾਗ ਦੀ ਚਿੱਠੀ ਆਈ ਕਿ ਇਹ ਕਹਾਣੀ 'ਪੰਜ ਦਰਿਆ' ਛਪ ਰਹੀ ਹੈ। ਕਹਾਣੀ ਛਪ ਗਈ। ਉਨ੍ਹਾਂ ਨੇ ਕਹਾਣੀ ਦਾ ਨਾਂ ਬਦਲ ਦਿੱਤਾ। ਮੈਂ ਆਪਣਾ ਨਾਂ ਗੁਰਦੇਵ ਸਿੰਘ ਵਿਰਕ ਰੱਖਿਆ ਸੀ। ਉਨ੍ਹਾਂ ਨੇ ਵਿਰਦੀ ਕਰ ਦਿੱਤਾ। ਇਹ ਵੀ ਗਲਤੀ ਨਾਲ ਹੋ ਗਿਆ। ਵਿਰਕ ਹੇਠਲੀ ਲਾਈਨ ਦੀ ਡੰਡੀ ਉੱਪਰ ਨੂੰ ਜਾਣ ਕਰਕੇ ਉਹਨਾਂ ਨੇ ਦੀ ਸ਼ਬਦ ਜੋੜ ਦਿੱਤਾ ਸੀ। ਪਰਚਾ ਛਪ ਕੇ ਆ ਗਿਆ। ਮੈਂ ਆਪਣੇ ਟੀਚਰ ਨੂੰ ਦਿਖਾਇਆ। ਫੇਰ ਉਸ ਨੂੰ ਦੱਸਿਆ ਕਿ ਉਨ੍ਹਾਂ ਨੇ ਮੇਰਾ ਨਾਂ ਗਲਤ ਛਾਪ ਦਿੱਤਾ ਹੈ। ਅਜੀਤ ਦਾਗ ਦੀ ਚਿੱਠੀ ਵੀ ਦਿਖਾਈ, ਉਹਨੇ ਦੋ ਸਾਲ ਪਰਚਾ ਮੁਫ਼ਤ ਭੇਜਣ ਬਾਰੇ ਲਿਖਿਆ ਸੀ। ਫੇਰ ਦਾਗ ਦੀਆਂ ਦੋ ਹੋਰ ਚਿੱਠੀਆਂ ਆਈਆਂ। ਇਸ ਤੋਂ ਬਾਅਦ ਮੈਂ ਉਹਨਾਂ ਨੂੰ ਕਹਾਣੀ 'ਦੇਵਤੇ ਪੁੱਜ ਨਹੀਂ ਸਕੇ' ਭੇਜੀ। ਉਹ ਵੀ ਛਪ ਗਈ। ਉਨ੍ਹਾਂ ਨੇ ਕਹਾਣੀ ਦਾ ਨਾਂ ਬਦਲ ਕੇ 'ਦਰੋਪਤੀ' ਰੱਖ ਦਿੱਤਾ। ਇਸ ਤੋਂ ਪਹਿਲਾਂ ਉਹਨਾਂ ਨੇ ਚਿੱਠੀ ਲਿਖੀ ਸੀ ਕਿ ਕਹਾਣੀ ਵਿੱਚ ਦੋ ਗੱਲਾਂ ਫਾਲਤੂ ਹਨ ਜੇ ਕਹੋ ਤਾਂ ਕੱਟ ਦਿਆਂ। ਇਹਦੇ ਨਾਲ ਕਹਾਣੀ ਚੰਗੀ ਬਣ ਸਕਦੀ ਸੀ। ਮੈਂ ਕੋਈ ਜੁਆਬ ਨਹੀਂ ਦਿੱਤਾ। ਉਹਨੇ ਦੋ ਫਾਲਤੂ ਗੱਲਾਂ ਕੱਟ ਦਿੱਤੀਆਂ। ਮੇਰੀ ਤੀਜੀ ਕਹਾਣੀ ਦਾ ਨਾਂ 'ਆਸੋ ਦਾ ਟੱਬਰ' ਸੀ ਜਿਹੜੀ ਕਿ ਮੈਂ ਵੀਹ ਸਾਲਾਂ ਦੀ ਉਮਰ ਵਿੱਚ ਲਿਖੀ।"

"ਕਹਾਣੀਆਂ ਸ਼ੀਸ਼ਾ, ਹਵਾ ਤੇ ਰੋਟੀ ਦੀ ਜ਼ਿਆਦਾ ਚਰਚਾ ਹੋਈ ਹੈ। ਤੁਹਾਨੂੰ ਕਿਹੜੀਆਂ ਕਹਾਣੀ ਪਸੰਦ ਆ ?"

"ਕਣਕ ਦਾ ਦਾਣਾ, ਭਾਈਚਾਰਾ, ਅਕਲ, ਡੂੰਗਾ, ਕੋਟ ਮੇਹਰ ਸਿੰਘ ਕਹਾਣੀਆਂ ਨੂੰ ਮੈਂ ਵਾਰ-ਵਾਰ ਪੜ੍ਹਦਾਂ। ਸੁਣ ਛੋਟੇ ਭਾਈ, ਮੈਂ ਤਾਂ ਕੰਸਪਰੇਸੀ ਆਫ ਸਾਈਲੈਂਸ ਦਾ ਸ਼ਿਕਾਰ ਆਂ।"

ਗੱਲਾਂ ਤੁਰਦੀਆਂ ਗਈਆਂ। ਰੁਪਾਣਾ ਖੁੱਲ੍ਹਦਾ ਗਿਆ। ਉਸ ਦੱਸਿਆ, "ਖਾਲਸਾ ਕਾਲਜ ਮੁਕਤਸਰ 'ਚ ਪੋਸਟ ਖਾਲੀ ਸੀ। ਪ੍ਰਿੰਸੀਪਲ ਕਹਿਣ ਲੱਗਾ ਕਿ ਮੈਂ ਇੱਥੇ ਆ ਜਾਵਾਂ। ਮੈਂ ਆਪਣੀ ਸ਼ਰਤ ਰੱਖੀ ਕਿ ਮੈਂ ਅਰਜ਼ੀ ਨਹੀਂ ਪਾਉਣੀ। ਉਹ ਭਲਾ ਪੁਰਸ਼ ਮੰਨ ਗਿਆ। ਸੁਰਿੰਦਰ ਗਿੱਲ ਤੇ ਤੇਜਵੰਤ ਮਾਨ ਨੇ ਵੀ ਅਪਲਾਈ ਕੀਤਾ। ਮੈਂ ਆਪਣੀ ਗੱਲ ਤੇ ਅੜਿਆ ਸੀ। ਮੈਂ ਅਰਜ਼ੀ ਨਹੀਂ ਪਾਈ ਪਰ ਗਿੱਲ ਤੇ ਮਾਨ ਨੂੰ ਪਤਾ ਲੱਗ ਗਿਆ ਕਿ ਮੇਰੀ ਸੀਲੈਕਸ਼ਨ ਹੋ ਜਾਣੀ ਐ। ਉਹ ਪਿੰਡ ਆਏ। ਮੇਰੀ ਘਰਵਾਲੀ ਨੂੰ ਕਿਹਾ ਕਿ ਉਹ ਮੈਨੂੰ ਸਮਝਾਵੇ ਕਿ ਮੈਂ ਇੰਟਰਵੀਊ 'ਤੇ ਨਾ ਜਾਵਾਂ। ਉਸ ਕਿਹਾ, 'ਅੱਗੇ ਇਹ



ਕਿਹੜਾ ਮੇਰੀ ਮੰਨਦਾ ਐ ਜਿਹੜਾ ਹੁਣ ਮੰਨ ਜਾਊ। ਤੁਸੀਂ ਆਪ ਹੀ ਮੰਨਾ ਲਉ।' ਬੰਦੇ ਦਾ ਕੋਈ ਸਟੈਂਡ ਹੋਣਾ ਚਾਹੀਦਾ ਫੇਰ ਹੀ ਕੋਈ ਪਹਿਚਾਣ ਬਣਦੀ ਐ। ਸਾਹਿਤ ਵਿਚ ਵੀ ਇਹੀ ਗੱਲ ਹੁੰਦੀ ਐ। ਸਾਡੇ ਇਥੇ ਦਾ ਇਕ ਮੁੰਡਾ ਪੰਜਾਬੀ ਦੀ ਐਮ.ਏ. ਕਰ ਰਿਹਾ। 'ਪਰਸਾ' ਨਾਵਲ ਐਮ.ਏ. ਵਿਚ ਲੱਗਾ। ਉਹ ਮੈਨੂੰ ਨਾਵਲ ਪੜ੍ਹਣ ਨੂੰ ਦੇ ਗਿਆ। ਸੱਚ ਦੱਸਾਂ-ਮੈਥੋਂ ਦਸ ਪੰਨਿਆਂ ਤੋਂ ਜ਼ਿਆਦਾ ਨਾਵਲ ਪੜ੍ਹਿਆ ਹੀ ਨਹੀਂ ਗਿਆ।"

ਮੈਂ ਆਪਣੇ ਅਸਲੀ ਮੁੱਦੇ ਵੱਲ ਮੁੜਿਆ ਜਿਸ ਕਰਕੇ ਮੈਂ ਉਸ ਦੇ ਪਿੰਡ ਦੋ ਵਾਰ ਗਿਆ ਸੀ।

"ਤੁਹਾਡੀ ਕਹਾਣੀ 'ਹਵਾ' ਵਿਚਲਾ ਰਸਤਾ... ?"

"ਆਹ ਹੀ ਸੜਕ ਸੀ। ਜਿਥੋਂ ਦੀ ਤੁਸੀਂ ਲੰਘ ਕੇ ਆਏ ਆਂ।"

"ਸ਼ੀਸ਼ਾ ਕਹਾਣੀ ਦਾ ਸੂਆ ਕਿੱਥੇ ਆ। ਸਿਵੇ ਕਿੱਥੇ ਆ ?"

"ਜਾਣ ਲੱਗੇ ਉਧਰ ਦੀ ਲੰਘ ਜਾਈਉਂ। ਉਧਰ ਹੀ ਉਹ ਸੂਆ ਐ ਜਿੱਥੇ ਬੱਚੇ ਵੱਢੇ ਸੀ। ਉਧਰ ਹੀ ਸਿਵੇ ਵੀ ਐ।"

ਪਿੰਡ ਦੇ ਚੜ੍ਹਦੇ ਪਾਸੇ ਤੋਂ ਥੋੜ੍ਹਾ ਕੁ ਇਕ ਪਾਸੇ ਨੂੰ ਉਹ ਸਿਵੇ ਪੈਂਦੇ ਹਨ ਜਿਥੇ ਰੁਪਾਣਾ ਤੇ ਫਰਾਂਸ ਦਾ ਦਾਨੀ ਆਏ ਸਨ। ਸਿਵਿਆਂ 'ਚ ਗਏ ਤਾਂ ਚਾਰਦੀਵਾਰੀ ਦੇ ਅੰਦਰ ਮੰਜਾ ਡਾਹ ਕੇ ਇਕ ਨੌਜੁਆਨ, ਜਿਸ ਦੇ ਚਿੱਟੇ ਕਪੜੇ ਪਾਏ ਹੋਏ ਸਨ, ਪਿਆ ਸੀ। ਸਾਨੂੰ ਦੇਖ ਕੇ ਉਹ ਉਠ ਬੈਠਾ। ਰੁਪਾਣੇ ਨੇ ਪੁੱਛਿਆ, "ਜੁਆਨਾ ਕਿਨ੍ਹਾਂ 'ਚੋਂ ਆ ?" ਮੁੰਡੇ ਨੇ ਦੱਸਿਆ। ਉਹਨੇ ਮੁੰਡੇ ਨੂੰ ਪਾਣੀ ਲਈ ਕਿਹਾ ਤੇ ਸਾਨੂੰ ਉਹ ਬੋਹੜ ਵੀ ਦਿਖਾਇਆ ਜਿਸ ਦਾ ਜ਼ਿਕਰ ਕਹਾਣੀ 'ਸ਼ੀਸ਼ਾ' 'ਚ ਆਉਂਦਾ ਹੈ। ਅਸੀਂ ਅਗਾਂਹ ਚਲੇ ਗਏ। ਰੁਪਾਣੇ ਨੇ ਤੀਲਾਂ ਵਾਲੀ ਡੱਬੀ ਕੱਢ ਲਈ। ਪੈਰਾਂ ਭਾਰ ਬੈਠ ਗਿਆ। ਦੱਸਣ ਲੱਗਾ, "ਇਕ ਵਾਰੀ ਅਸੀਂ ਤਿੰਨ ਜਣੇ ਸੂਏ ਦੇ ਪੁੱਲ 'ਤੇ ਬੈਠੇ ਸੀ। ਇਕ ਜਣਾ ਸਿਗਰੇਟ ਲਾਉਣ ਲੱਗਾ ਤਾਂ ਤੀਲਾਂ ਵਾਲੀ ਡੱਬੀ ਸੂਏ 'ਚ ਡਿਗ ਗਈ। ਮੈਂ ਸਾਈਕਲ ਚੁੱਕਿਆ। ਇਥੇ ਸਿਵਿਆਂ 'ਚ ਲਾਸ਼ ਬਲਦੀ ਪਾਈ ਸੀ। ਮੈਂ ਇਕ ਲਕੜ ਚੁੱਕੀ ਤੇ ਉਨ੍ਹਾਂ ਕੋਲ ਆ ਗਿਆ।"

ਮੈਨੂੰ ਬੋਹੜ ਹੇਠ ਖੜ੍ਹਾ ਦਾਨੀ ਦਿੱਸਿਆ। ਉਹ ਪਤਲਾ, ਤੰਦਰੁਸਤ ਸਰੀਰ ਵਾਲਾ ਪੰਜਾਹਾਂ ਤੋਂ ਉੱਪਰ ਦਾ ਸੀ। ਚਿਹਰੇ ਦਾ ਰੰਗ ਤਾਂਬੇ ਵਰਗਾ, ਜਿਸ ਕਰਕੇ ਹੋਰ ਵੀ ਸਿਹਤਮੰਦ ਲੱਗਦਾ ਸੀ। ਹੁਣੇ-ਹੁਣੇ ਉਸ ਨੂੰ ਕਿਸੇ ਸੱਜਣ ਨੇ ਉਨ੍ਹਾਂ ਵਾਰਦਾਤਾਂ ਬਾਰੇ ਦੱਸਿਆ ਸੀ ਜਿਨ੍ਹਾਂ 'ਚ ਗੁਰਦਾਸਪੁਰ ਦੇ ਪਿੰਡਾਂ 'ਚ ਹਿੰਦੂਆਂ ਨੂੰ ਰੁੱਖਾਂ ਨਾਲ ਟੰਗ ਕੇ ਫਾਂਸੀ ਦਿੱਤੀ ਸੀ। ਆਪਣੇ ਦੇਸ਼ 'ਚ ਆਪਣੇ ਹੀ ਲੋਕਾਂ ਨੂੰ ਦਿੱਤੇ ਤਸੀਹੇ। ਇਹ ਮਨੁੱਖਤਾ ਦਾ ਕਿੱਡਾ ਵੱਡਾ ਘਾਣ ਸੀ। ਉਸ ਦੇ ਚਿਹਰੇ ਤੇ ਖਿੱਝ ਉੱਭਰੀ ਸੀ। ਉਹਨੇ 'ਸ਼ੀਸ਼ਾ' ਕਹਾਣੀ ਵਾਲਾ ਵਾਕ ਐਨੇ ਸਾਲਾਂ ਬਾਅਦ ਮੁੜ ਦੁਹਰਾਇਆ, "ਮੈਨੂੰ ਅਫਸੋਸ ਹੈ....ਮੈਨੂੰ ਮਜ਼ਬੂਤ.......... ਹੋਣਾ............ ਚਾਹੁੰਦਾ............ ਸੀ....ਮੁਆਫ਼ੀ......ਚਾਹੁੰਦਾ ਹਾਂ...ਬੰਦੇ....ਨੂੰ..ਕਮਜ਼ੋਰ....ਨਹੀਂ....ਹੋਣਾ ਚਾਹੀਦਾ.....।"

ਉਹਨੇ ਰੁਪਾਣੇ ਦੀ ਬਾਂਹ ਫੜ ਕੇ ਪੁੱਛਿਆ, "ਤੁਹਾਡੇ ਕਿਸੇ ਕਹਾਣੀਕਾਰ, ਨਾਵਲਕਾਰ ਨੇ ਉਨ੍ਹਾਂ ਬੰਦਿਆਂ ਬਾਰੇ ਕਿਉਂ ਨਹੀਂ ਲਿਖਿਆ।" ਅੱਗੋਂ ਰੁਪਾਣਾ ਚੁੱਪ ਸੀ। ਮੈਂ ਚੁੱਪ ਸੀ। ਮੇਰੇ ਸੱਜੇ ਹੱਥ ਖੜ੍ਹਾ ਡਾ. ਬਲਕਾਰ ਸਿੰਘ ਚੁੱਪ ਸੀ।

ਇਸ ਚੁੱਪ 'ਚ ਦਾਨੀ ਦੇ ਇਹ ਸ਼ਬਦ ਵੀ ਸ਼ਾਮਿਲ ਸੀ, "ਤੁਸੀਂ ਸਿਰਫ ਉਸਤਤ ਹੀ ਲਿਖ ਸਕਦੇ ਹੋ ਆਪਣੇ ਲੋਕਾਂ ਦੀ।"

ਰੁਪਾਣੇ ਨੇ ਦਾਨੀ ਵੱਲ ਪਿੱਠ ਕਰ ਲਈ। ਜਿਵੇਂ ਉਹ ਉਸ ਲੇਖਕ ਦੀ ਭਾਲ 'ਚ ਨਿਕਲ ਤੁਰਿਆ ਹੋਵੇ ਜਿਸ ਨੇ ਇਨ੍ਹਾਂ ਵਾਰਦਾਤਾਂ ਬਾਰੇ ਲਿਖਿਆ ਹੋਵੇ।

ਇਕ ਵਾਰ ਫੇਰ ਉਸ ਦੇ ਮਨ ਨੇ ਕਿਹਾ ਸੀ-ਧਿਆਨ ਨਹੀਂ ਰਿਹਾ।

## ‘ਮਹਿੰਦੀ ਬਾਜ਼ਾਰ’ ਵਾਲਾ ਦਲਬੀਰ ਚੇਤਨ

**- ਪ੍ਰੇਮ ਗੋਰਖੀ**

ਗੁਰਦਾਸਪੁਰੋਂ ਬੀਬੇ ਦੇ ਆਏ ਫੋਨ ਨੇ ਮੇਰਾ ਤ੍ਰਾਹ ਕੱਢ ਦਿੱਤਾ। “ਗੋਰਖੀ, ਉਹ ਤਾਂ ਬੱਸ ਦੋਂਹ-ਚੌਂਹ ਦਿਨਾਂ ਦਾ ਈ ਪ੍ਰਾਹੁਣਾ ....ਅੰਬਰਸਰ ਦੇ ਡਾਕਟਰਾਂ ਨੇ ਉਹਨੂੰ ਲੁੱਦੇਹਾਣੇ ਰੈਫਰ ਕਰ ਦਿੱਤਾ....ਉਹਦਾ ਤਾਂ ਰੰਗ ਕਾਲਾ ਸ਼ਾਹ ਹੋ ਗਿਆ.....”, ਭਰੀ ਹੋਈ ’ਵਾਜ਼ ’ਚ ਬੀਬੇ ਨੇ ਵਾਰਡ ਨੰਬਰ, ਕਮਰਾ ਨੰਬਰ ਮੈਨੂੰ ਦੱਸਿਆ।

ਦਲਬੀਰ ਚੇਤਨ ਕਈ ਮਹੀਨਿਆਂ ਤੋਂ ਬਿਮਾਰ ਚੱਲ ਰਿਹਾ ਸੀ। ਹਸਪਤਾਲ ਦਾਖਲ ਹੋਣ ਬਾਰੇ ਵੀ ਮੈਨੂੰ ਖ਼ਬਰ ਪਹੁੰਚੀ ਪਰ ਮੇਰੇ ਕੋਲੋਂ ਖ਼ਬਰ ਲੈਣ ਜਾਇਆ ਨਹੀਂ ਗਿਆ। ਮੈਨੂੰ ਸਾਰੇ ਰੁਝੇਵੇਂ ਛੱਡ ਕੇ ਜਾਣਾ ਚਾਹੀਦਾ ਸੀ ਕਿਉਂਕਿ ਦਲਬੀਰ ਨਾਲ ਮੇਰੀ ਅਲੱਗ ਤਰ੍ਹਾਂ ਦੀ ਸਾਂਝ ਸੀ। ਪਰ ਮੇਰੇ ਕੋਲੋਂ ਨਹੀਂ ਜਾਇਆ ਗਿਆ। ਮੈਂ ਬਹੁਤ ਵਾਰ ਆਪਣੇ ਆਪ ਨੂੰ ਇਹ ਸਵਾਲ ਵੀ ਕਰ ਚੁੱਕਾ ਹਾਂ ਪਰ ਅੰਦਰ ਕਿਤੇ ਬੱਝੀ ਗੰਢ ਰੜਕ ਰਹੀ ਸੀ। ਦਰਅਸਲ ਮੈਂ ਮਨੋ-ਮਨੀ ਉਹਦੇ ਨਾਲ ਰੁੱਸਿਆ ਹੋਇਆ ਸੀ। ਮੇਰੇ ਰੁੱਸੇ ਹੋਣ ਦਾ ਮੇਰੇ ਤੋਂ ਬਿਨਾਂ ਉਹਨੂੰ ਹੀ ਪਤਾ ਸੀ। ਮੈਨੂੰ ਪਤਾ ਨਹੀਂ ਸੀ ਲੱਗਦਾ ਮੇਰਾ ਇਹ ਰੋਸਾ ਉਹਦੇ ਨਾਲ ਸੀ ਜਾਂ ਕਿਸੇ ਹੋਰ ਨਾਲ।

“ਚੇਤਨ, ਮੇਰਾ ਮਨ ਦੁਖੀ ਹੋਇਆ, ਤੇਰੇ ਯਾਰਾਂ ਦਾ ਇਹ ਸਵੇਰ ਵਾਲਾ ਨਾਸ਼ਤਾ ਦੇਖ ਕੇ.....ਇਹ ਕੀ ਹੋ ਗਿਆ ਤੁਹਾਨੂੰ...? ਸ਼ਾਮ ਨੂੰ ਵੀ ਉਹੀ ਕੰਮ....ਰਾਤ ਨੂੰ ਵੀ ਉਹੀ ਤੇ ਫਿਰ ਸਵੇਰੇ ਵੀ ਅਜਿਹੇ ਯਾਰ ਆ ਗਏ.....ਕਰੋ ਤੇ ਕਰਾਓ ਨਾਸ਼ਤਾ...ਹੱਦ ਹੋ ਗਈ ਯਾਰ, ਨਾ ਘਰਦਿਆਂ ਦਾ ਭਓ, ਨਾ ਬੱਚਿਆਂ ਦੀ ਸੰਗ-ਸ਼ਰਮ....।”

“ਕੀ ਕਰੀਏ ਯਾਰ....ਮੇਰੇ ਕੁਲੀਗ ਆ....ਆਦਤਾਂ ਵਿਗਾੜ ਲਈਆਂ ਅਸੀਂ....ਮੇਰਿਆ ਸ਼ਿੰਦਿਆ ਕੁਝ ਨੀ ਹੁੰਦਾ।” ਉਹਨੇ ਆਦਤ ਅਨੁਸਾਰ ਮੈਨੂੰ ਬਾਂਹ ਵਿਚ ਬਗਲ ਲਿਆ ਤੇ ਮੈਨੂੰ ਵਰਚਾਉਣ ਲੱਗਾ।

ਉਹਦੇ ਘਰ ਤੋਂ ਅਸੀਂ ਬਸ ਫੜਨ ਲਈ ਜੀ.ਟੀ. ਰੋਡ ਨੂੰ ਆ ਰਹੇ ਸੀ।

“ਤੁਸੀਂ ਕਦੇ ਭਜਨ ਬਾਰੇ ਸੋਚਿਆ...ਮੈਂ ਤਾਂ ਰਾਤੀਂ ਉਹਦੇ ਚਿਹਰੇ ਵੱਲ ਗਹੁ ਨਾਲ ਦੇਖਿਆ ਤਾਂ ਹਓਕਾ ਨਿਕਲ ਗਿਆ।”

“ਅੱਛਾ ਮੈਂ ਆਊਂ ਤੇਰੇ ਕੋਲ...ਉਹ ਆ ਗਈ ਜਲੰਧਰ ਵਾਲੀ ਬਸ...ਜਦੋਂ ਕਹਾਣੀ ਛਪ ਜਾਵੇ ਮੈਨੂੰ ਪਰਚਾ ਜ਼ਰੂਰ ਭਿਜਵਾ ਦੇਈਂ.....” ਉਹਨੇ ਗੱਲ ਨੂੰ ਬਸ ਦੇ ਰੌਲੇ ਵਿੱਚ ਹੀ ਰੋਲ ਦਿੱਤਾ।

ਮੈਂ ਉਹਦੇ ਅੰਬਰਸਰੀਏ ਯਾਰਾਂ ਨੂੰ ਉਹਦੀ ਸਿਹਤ ਬਾਰੇ ਨਹੀਂ ਸੀ ਪੁੱਛਦਾ। ਲੁਧਿਆਣੇ ਮੈਨੂੰ ਪ੍ਰਮਿੰਦਰਜੀਤ ਮਿਲਿਆ ਤਾਂ ਚਾਹ ਪੀਂਦਿਆਂ ਉਹਨੇ ਦਲਬੀਰ ਦੀ ਗੱਲ ਛੇੜ ਲਈ। ਫਿਰ ‘ਸ਼ਿਲਾਲੇਖ’ ਦੇ ਦੌਰਾਨ ਉਹਦੇ ਆਪਣੇ ਧੁੰਧਲੇ ਹੋਏ ਸ਼ਿਲਾਲੇਖਾਂ ਬਾਰੇ ਪ੍ਰਮਿੰਦਰਜੀਤ ਨੇ ਬੜੇ ਉਦਰੇਵੇਂ ਭਰੀਆਂ ਗੱਲਾਂ ਦੱਸੀਆਂ। ਪ੍ਰੇਸ਼ਾਨੀ ਤਾਂ ਹੋਈ ਸੁਣ ਕੇ ਪਰ ਜਿਹੜੀ ਦੋਸਤੀ ਦੇ ਰਾਹਗੁਜ਼ਰ ਖੁਦ ਹੀ ਸ਼ਿਲਾਲੇਖ



ਬਣ ਗਏ ਸਨ, ਉਨ੍ਹਾਂ ਬਾਰੇ ਮੈਂ ਕੀ ਕਰ ਸਕਦਾ ਸੀ। ਮੈਨੂੰ ਬੜਾ ਦੁੱਖ ਮਹਿਸੂਸ ਹੋਇਆ, ਅੰਦਰ ਕਿਤੇ ਦਲਬੀਰ ਪ੍ਰਤੀ ਗੁੱਸਾ ਵੀ ਉਪਜਿਆ। ਸੁਰਿੰਦਰ ਸ਼ਰਮਾ ਆਪਣੇ ਅੰਦਰਲੇ ਇਸੇ ਪ੍ਰਕਾਰ ਦੇ ਗੁੱਸੇ ਨੂੰ ਮੇਰੇ ਸਾਹਮਣੇ ਪ੍ਰਗਟ ਕਰਦਾ ਤਾਂ ਉਹਦੀਆਂ ਅੱਖਾਂ ’ਚ ਪਾਣੀ ਸਿੰਮ ਆਉਂਦਾ।

ਸੁਰਿੰਦਰ ਸ਼ਰਮਾ ਨੇ ਹੀ ਦਲਬੀਰ ਨੂੰ ਮੇਰੇ ਨਾਲ ਮਿਲਾਇਆ ਸੀ। ਉਦੋਂ ਉਹ ਹਵਾਈ ਸੈਨਾ ਵਿੱਚ ਸੀ ਤੇ ਉਹਦੀ ਪੋਸਟਿੰਗ ਆਦਮਪੁਰ ਸੀ। ਉਹਦਾ ਪੋਸਟ-ਕਾਰਡ ਮੈਨੂੰ ਮਿਲਿਆ ਤੇ ਜਲੰਧਰ ਬਸ ਅੱਡੇ ’ਤੇ ਮਿਲਣ ਬਾਰੇ ਮੈਨੂੰ ਪੁੱਛਿਆ। ਮੈਂ ਉਹਨੂੰ ਦਿਨ ਤੇ ਸਮਾਂ ਲਿਖ ਕੇ ਇਹ ਵੀ ਦੱਸਿਆ ਕਿ ਮੈਂ ਤੋਤੇ ਰੰਗੀ ਪੱਗ ਬੰਨ੍ਹੀ ਹੋਵੇਗੀ। ਮਿੱਥੀ ਥਾਂ ’ਤੇ ਪਹੁੰਚਣ ਵਿੱਚ ਮੈਂ ਥੋੜ੍ਹਾ ਜਿਹਾ ਲੇਟ ਹੋ ਗਿਆ। ਬਿਲਕੁਲ ਫ਼ੌਜੀਆਂ ਵਾਲੀ ਦਿੱਖ... ਡੋਰੀ ਪਾ ਕੇ ਬੰਨ੍ਹੀ ਦਾਹੜੀ, ਅਸਮਾਨੀ ਪੱਗ ਤੇ ਕੋਟ ਪੈਂਟ ਪਾਇਆ ਹੋਇਆ। ਮੈਂ ਕੋਲ ਜਾ ਕੇ ਉਹਦੇ ਮੋਢੇ ’ਤੇ ਹੱਥ ਰੱਖਿਆ ਤਾਂ ਉਹਨੇ ਮੇਰੀ ਪੱਗ ਵੱਲ ਦੇਖਿਆ ਤੇ ਫਿਰ ਧਾਹ ਕੇ ਮੈਨੂੰ ਜੱਫ਼ੀ ਪਾ ਲਈ।......“ਯਾਰ ਮੈਂ ਤਾਂ ਸਮਝਦਾ ਸੀ ਤੋਤੇ ਰੰਗੀ ਪੱਗ ਕੋਈ ਕੋਈ ਬੰਨ੍ਹਦਾ ਹੋਣਾ....ਇਹ ਤਾਂ ਅੱਜ ਦੇਖਿਆ ਬਈ ਤੋਤੇ ਰੰਗੀਆਂ ਦਾ ਤਾਂ ਹੜ੍ਹ ਆਇਆ ਹੋਇਆ।”

ਜਿੰਨਾ ਚਿਰ ਅਸੀਂ ਦੁਕਾਨ ’ਤੇ ਬੈਠੇ ਚਾਹ ਪੀਂਦੇ ਰਹੇ ਉਹਨੇ ਮੇਰਾ ਹੱਥ ਨਹੀਂ ਛੱਡਿਆ। ਕਦੇ ਪਲੋਸਣ ਲੱਗਦਾ, ਕਦੇ ਆਪਣੇ ਹੱਥ ਨਾਲ ਪਚਾਕੀਆਂ ਮਾਰਨ ਲੱਗਦਾ। ਉਹਨੇ ਮੇਰੀਆਂ ਕਈ ਕਹਾਣੀਆਂ ਪੜ੍ਹੀਆਂ ਹੋਈਆਂ ਸਨ। ਉਨ੍ਹੀਂ ਦਿਨੀਂ ਆਪ ਉਹ ਕਵਿਤਾ ਲਿਖਦਾ ਸੀ ਦਲਬੀਰ ਦੀਪਕ ਦੇ ਨਾਂ ਨਾਲ। ਉਹਨੇ ਇੰਕਸਾਫ਼ ਕਰਨ ਵਾਂਗ ਆਖਿਆ, “ਹੁਣ ਮੈਂ ਵੀ ਕਹਾਣੀਆਂ ਲਿਖਿਆ ਕਰਨੀਆਂ।” ਆਦਮਪੁਰ ਇਕ ਬੈਠਕ ਵਿੱਚ ਉਹਦੇ ਨਾਂ ਨਾਲੋਂ ਦੀਪਕ ਲਾਹ ਕੇ ਚੇਤਨ ਲਾ ਦਿੱਤਾ ਸੀ।

ਇਕ ਐਤਵਾਰ ਉਹ ਜਲੰਧਰ ਹੁੰਦਾ, ਅਗਲੇ ਐਤਵਾਰ ਮੈਂ ਆਦਮਪੁਰ। ਉਹ ਆਪਣੇ ਪਿੰਡ ਤਾਰਾਗੜ੍ਹ ਨੂੰ ਜਾਂਦਾ ਤਾਂ ਜਲੰਧਰੋਂ ਬਸ ਬਦਲਣ ਤੱਕ ਅਸੀਂ ਇਕੱਠੇ ਚਾਹ ਪੀਂਦੇ। ਫਿਰ ਦਲਬੀਰ ਨੇ ਕਹਾਣੀ ਲਿਖੀ ਤੇ ਅਸੀਂ ਦੋਨੋਂ ਦਿੱਲੀ ਅੰਮ੍ਰਿਤਾ ਪ੍ਰੀਤਮ ਕੋਲ ਲੈ ਕੇ ਗਏ ‘ਨਾਗਮਣੀ’ ਵਿੱਚ ਛਾਪਣ ਲਈ। ਰਾਤ ਅਸੀਂ ਏਅਰ ਫੋਰਸ ਸਟੇਸ਼ਨ ’ਤੇ ਦਲਬੀਰ ਦੇ ਦੋਸਤ ‘ਬ੍ਰਦਰ ਤਰਲੋਚਨ ਸਿੰਘ’ ਕੋਲ ਰਹੇ।

ਜਦੋਂ ਦਲਬੀਰ ਦੀ ਆਦਮਪੁਰ ਤੋਂ ਬਦਲੀ ਹੋ ਗਈ ਤਾਂ ਮੈਂ ਬਹੁਤ ਉਦਾਸ ਹੋ ਗਿਆ। “ਆਪਾਂ ਇਹ ਬਦਲੀਆਂ ਵਾਲਾ ਜੱਭ ਈ ਮੁਕਾ ਦੇਣਾ..ਰਿਟਾਇਰਮੈਂਟ ਲੈ ਲੈਣੀ ਆਂ....ਪਿੰਡ ਰਹਿ ਕੇ ਕਹਾਣੀਆਂ ਲਿਖਿਆ ਕਰਾਂਗੇ।” ਦੁਖੀ ਮਨ ’ਚੋਂ ਦਲਬੀਰ ਨੇ ਆਖਿਆ ਸੀ ਤੇ ਦਿੱਲੀ ਨੂੰ ਤੁਰ ਗਿਆ ਸੀ।

ਦਲਬੀਰ ਦਾ ਪਿੰਡ ਤਾਰਾਗੜ੍ਹ, ਜੰਡਿਆਲਾ ਗੁਰੂ ਦੇ ਕੋਲੋਂ ਲੰਘਦੀ ਨਹਿਰ ਉੱਤੇ ਪੈਂਦਾ ਸੀ, ਬਿਲਕੁਲ ਨਹਿਰ ਉੱਤੇ ਨਹੀਂ, ਦੋ ਢਾਈ ਫਰਲਾਂਗ ਹੱਟ ਕੇ। ਜੰਡਿਆਲਾ ਗੁਰੂ ਬਸੋਂ ਉੱਤਰ ਕੇ ਤਾਂਗਾ ਲੈਣਾ ਪੈਂਦਾ। ਦਲਬੀਰ ਦਾ ਪਹਿਲਾ ਘਰ ਪਿੰਡ ਦੇ ਗੱਭ ਵਿੱਚ ਸੀ। ਸਾਰਾ ਟੱਬਰ ਇਕੋ ਚੁਲ੍ਹਾ ਬਾਲਦਾ। ਮੋਹਰੇ ਛੇ ਖਣ ਦਲਾਨ ਤੇ ਪਿੱਛੇ ਕੋਠੜੀਆਂ। ਖੁੱਲ੍ਹਾ ਵਿਹੜਾ ਜਿਹਦੇ ਵਿੱਚ ਡੇਹਕਾਂ ਦੇ ਰੁੱਖ ਖੜ੍ਹੇ ਸਨ। ਉਦੋਂ ਦਲਬੀਰ ਦੇ ਪਿਤਾ ਜੀ ਅਜੇ ਫ਼ੌਜ ਵਿੱਚ ਹੀ ਸਨ।

‘ਦੀਵਾ ਬਲੇ ਸਾਰੀ ਰਾਤ’ ਵਾਲੀਆਂ ਰਾਤਾਂ ਦੀਆਂ ਕਹਾਣੀ ਗੋਸ਼ਟੀਆਂ ਮੈਂ ਲਗਾਤਾਰ ਕਰਾ ਰਿਹਾ ਸੀ। ਕਦੇ ਗੁਰਦਾਸਪੁਰ, ਬਿਆਸ, ਬਰਨਾਲੇ, ਮੋਗਾ, ਪਟਿਆਲਾ, ਜਲੰਧਰ, ਦਸੂਹਾ ਵੱਲ। ਦਲਬੀਰ ਹਰ ਗੋਸ਼ਟੀ ਵਿੱਚ ਪਹੁੰਚਦਾ। ਮਹੀਨੇ, ਦੋ ਮਹੀਨੇ ਬਾਅਦ ਅਸੀਂ ਨਛੱਤਰ ਕੋਲ ਬਿਆਸ ਪਹੁੰਚੇ ਹੁੰਦੇ। ਅਸੀਂ ਨਵੀਂ ਲਿਖੀ ਕਹਾਣੀ ਇਕ ਦੂਜੇ ਨੂੰ ਸੁਣਾਉਂਦੇ, ਇਕ ਦੂਜੇ ਦੇ ਸੁਝਾਵਾਂ ਦਾ ਪੂਰਾ ਆਦਰ ਕਰਦੇ ਤੇ ਕਹਾਣੀ ਵਿੱਚ ਸੁਧਾਰ ਕਰਕੇ ਉਸ ਨੂੰ ਕਈ ਕਈ ਵਾਰੀ ਲਿਖਿਆ ਜਾਂਦਾ। ਅਸੀਂ ਦੋਹਾਂ ਨੇ ਇਕ ਕਿਤਾਬ ‘ਅੱਜ ਦੀ ਪੰਜਾਬੀ ਕਹਾਣੀ’ ਵੀ ਸੰਪਾਦਤ ਕੀਤੀ।

ਰਿਟਾਇਰਮੈਂਟ ਲੈ ਕੇ ਦਲਬੀਰ ਨੇ ਸਭ ਤੋਂ ਪਹਿਲਾਂ ਪਿੰਡੋਂ ਬਾਹਰ ਫਿਰਨੀ ਉੱਤੇ ਖੁੱਲ੍ਹਾ ਡੁੱਲ੍ਹਾ

ਘਰ ਬਣਾਇਆ। ਨਾਲ ਹੀ ਗੁਆਂਢੀ ਪਿੰਡ ਧਾਰੜ ਵਿੱਚ ਸਕੂਲ ਖੋਲ੍ਹ ਲਿਆ, ਦਸਮੇਸ਼ ਪਬਲਿਕ ਸਕੂਲ।

ਦਲਬੀਰ ਦੀ ਇਕ ਆਦਤ ਤੋਂ ਮੈਂ ਬਹੁਤ ਪ੍ਰਭਾਵਤ ਹੁੰਦਾ। ਉਹਨੂੰ ਸੁਪਨੇ ਦੇਖਣ ਦੀ ਬਹੁਤ ਆਦਤ ਸੀ। ਉਹ ਜਿਹੜੇ ਸੁਪਨੇ ਦੇਖਦਾ ਫਿਰ ਉਨ੍ਹਾਂ ਨੂੰ ਹਕੀਕੀ ਰੂਪ ਦੇਣ ਵੱਲ ਤੁਰ ਪੈਂਦਾ। ਇਕ ਸਾਹਿਤਕ ਰੰਗਤ ਵਿੱਚ ਰੰਗਿਆ ਮਿਆਰੀ ਸਕੂਲ ਖੋਲ੍ਹਣ, ਬੱਚਿਆਂ ਨੂੰ ਲੇਖਕਾਂ ਬਾਰੇ, ਸਾਹਿਤ ਬਾਰੇ, ਪਤਾ ਨਹੀਂ ਕੀ ਕੀ ਸਿੱਖਿਆ ਦੇਣ ਬਾਰੇ ਉਹਨੇ ਸੁਪਨੇ ਦੇਖੇ ਜਿਹੜੇ ਕਦਮ-ਦਰ-ਕਦਮ ਪੂਰੇ ਵੀ ਕੀਤੇ। ਸਕੂਲ ਦੇ ਹਰ ਕਮਰੇ ਵਿੱਚ ਟੰਗੇ ਕੈਲੰਡਰ-ਚਾਰਟ ਉੱਤੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ, ਸ਼ਿਵ ਕੁਮਾਰ, ਜਗਤਾਰ, ਫ਼ੈਜ਼, ਮਿਰਜ਼ਾ ਗਾਲਿਬ ਦੀਆਂ ਕਾਵਿ ਟੁਕੜੀਆਂ ਸਜਾਈਆਂ ਹੁੰਦੀਆਂ। ਦੁਨੀਆਂ ਦੇ ਪ੍ਰਸਿੱਧ ਵਿਦਵਾਨਾਂ, ਮਹਾਨ ਵਿਅਕਤੀਆਂ ਤੇ ਸ਼ਖ਼ਸੀਅਤਾਂ ਦੇ ਵਿਚਾਰਾਂ ਨੂੰ ਲਿਖ ਕੇ ਫਰੇਮਾਂ ਵਿੱਚ ਜੜ ਕੇ ਕੰਧਾਂ ਸ਼ਿੰਗਾਰੀਆਂ ਹੁੰਦੀਆਂ।

ਅੰਮ੍ਰਿਤਸਰ ਵਿੱਚ ਨਿਰੰਕਾਰੀਆਂ ਤੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਵਿੱਚ ਝੜਪ ਤੋਂ ਬਾਅਦ ਪੰਜਾਬ ਦੇ ਸਮੁੱਚੇ ਮਾਹੌਲ ਵਿੱਚ ਬੜੀ ਤਬਦੀਲੀ ਆ ਗਈ ਸੀ। ਮੈਂ 'ਅਜੀਤ' 'ਚੋਂ ਨੌਕਰੀ ਛੱਡ ਕੇ ਚੰਡੀਗੜ੍ਹ ਆ ਗਿਆ ਸੀ 'ਪੰਜਾਬੀ ਟ੍ਰਿਬਿਊਨ' ਵਿੱਚ। ਅੰਮ੍ਰਿਤਸਰ ਤੋਂ ਕਾਫ਼ੀ ਦੂਰ ਆ ਜਾਣ ਕਰਕੇ ਛੇਤੀ-ਛੇਤੀ ਮਿਲਣਾ ਬੰਦ ਹੋ ਗਿਆ ਸੀ।

ਕਿਰਪਾਲ ਕਜ਼ਾਕ, ਨਛੱਤਰ, ਦਲਬੀਰ ਚੇਤਨ, ਸੁਰਿੰਦਰ ਸ਼ਰਮਾ ਸਾਡੀਆਂ ਸਾਹਿਤਕ ਸਾਂਝਾਂ, ਸਾਡੇ ਪਰਿਵਾਰਕ ਦੁੱਖ-ਸੁੱਖ ਤੱਕ ਵੀ ਜੁੜੀਆਂ ਹੋਈਆਂ ਸਨ। ਮੈਂ ਤੇ ਦਲਬੀਰ ਗੁਰਦੇਵ ਉਪਰ ਲਗਾਤਾਰ ਦਬਾਓ ਪਾ ਰਹੇ ਸੀ ਕਿ ਉਹ ਛੇਤੀ ਤੋਂ ਛੇਤੀ ਸੁਰਿੰਦਰ ਨਾਲ ਵਿਆਹ ਕਰਵਾ ਲਵੇ। ਦੋਹਾਂ ਦੀ ਵਿਆਹ ਕਰਾਉਣ ਵਾਲੀ ਉਮਰ ਕਦੋਂ ਦੀ ਲੰਘ ਚੁੱਕੀ ਸੀ। ਗੁਰਦੇਵ ਕੌਰ ਕੋਈ ਨਾ ਕੋਈ ਬਹਾਨਾ ਬਣਾ ਕੇ ਮੌਕੇ ਲੰਘਾਈ ਜਾਂਦੀ। ਸੁਰਿੰਦਰ ਬਨਾਰਸ ਤੋਂ ਖ਼ਤ ਲਿਖਦਾ, ਮੇਰੀ ਮੋਗੇ ਵੱਲ ਦੌੜ ਲੱਗ ਜਾਂਦੀ। ਕਦੀ ਮੈਂ ਗੁਰਦੇਵ ਦੇ ਘਰ ਹੁੰਦਾ, ਕਦੀ ਖੋਸਾ ਪਾਂਡੋ ਜਿਥੇ ਗੁਰਦੇਵ ਪੜ੍ਹਾਉਂਦੀ ਹੁੰਦੀ ਸੀ। ਜਦੋਂ ਆਖਰ ਵਿਆਹ ਦਾ ਦਿਨ ਪੱਕਾ ਹੋ ਗਿਆ ਤਾਂ ਸਾਨੂੰ ਬੜੀ ਡਰਾਮੇਬਾਜ਼ੀ ਕਰਨ ਲਈ ਮਜਬੂਰ ਹੋਣਾ ਪਿਆ। ਗੁਰਦੇਵ ਦੀ ਸ਼ਰਤ ਸੀ ਕਿ ਸੁਰਿੰਦਰ ਦਾਹੜੀ ਰੱਖ ਕੇ, ਸਿਰ 'ਤੇ ਪਗੜੀ ਸਜਾ ਕੇ ਮੈਨੂੰ ਵਿਆਹੁਣ ਲਈ ਆਵੇ। ਦਲਬੀਰ, ਸੁਰਿੰਦਰ, ਮੈਂ ਤੇ ਜੰਗ ਬਹਾਦਰ ਗੋਇਲ ਟੈਕਸੀ ਲੈ ਮੋਗੇ ਗਏ ਤੇ ਇਕ ਘੰਟੇ ਵਿੱਚ ਆਨੰਦ ਕਰਾ ਕੇ ਗੁਰਦੇਵ ਨੂੰ ਨਾਲ ਲੈਕੇ ਜਿਵੇਂ ਦਬੀੜ ਲਾ ਦਿੱਤੀ। ਜਗਰਾਵੀਂ ਆ ਕੇ ਅਸੀਂ ਚਾਹ ਪੀਤੀ। ਚਾਹ ਪੀਂਦੀ ਗੁਰਦੇਵ ਦਲਬੀਰ ਤੇ ਮੇਰੇ ਵੱਲ ਦੇਖ ਕੇ ਕਹਿਣ ਲੱਗੀ, "ਵੀਰ ਜੀ, ਮੈਂ ਤੁਹਾਡਾ ਕੀਤਾ ਕਦੀ ਵੀ ਨਹੀਂ ਭੁੱਲਣ ਲੱਗੀ।"

"ਤੇਰਾ ਕੀ ਖਿਆਲ ਏ ਅਸੀਂ ਭੁੱਲ ਜਾਂਗੇ.....", ਦਲਬੀਰ ਨੇ ਪੈਂਦੀ ਸੱਟੇ ਕਿਹਾ ਤੇ ਅਸੀਂ ਖਿੜ-ਖਿੜਾ ਕੇ ਹੱਸਣ ਲੱਗੇ।

ਦਲਬੀਰ ਦਾ ਸਕੂਲ ਵਾਹਵਾ ਚੱਲ ਪਿਆ ਸੀ। ਨੇੜੇ-ਨੇੜੇ ਦੇ ਪਿੰਡਾਂ ਦੇ ਬੱਚੇ ਜੰਡਿਆਲੇ ਤੋਂ ਹੱਟ ਕੇ ਦਲਬੀਰ ਦੇ ਸਕੂਲ ਆ ਲੱਗੇ ਸੀ। ਦਲਬੀਰ ਦਾ ਜਾਣ-ਪਛਾਣ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ ਸੀ। ਇਹ ਘੇਰਾ ਅੰਮ੍ਰਿਤਸਰ ਦੀਆਂ ਮਹਿਫ਼ਲਾਂ ਤੱਕ ਫੈਲ ਗਿਆ ਸੀ।

ਮੈਨੂੰ ਤੇ ਸੁਰਿੰਦਰ ਨੂੰ ਹੌਲੀ-ਹੌਲੀ ਮਹਿਸੂਸ ਹੋਣ ਲੱਗਾ ਕਿ ਦਲਬੀਰ ਵਿੱਚ ਪਹਿਲਾਂ ਵਾਲਾ ਮੋਹ-ਪਿਆਰ ਨਹੀਂ ਰਿਹਾ। ਨਛੱਤਰ ਕਿਉਂਕਿ ਬਿਆਸ, ਬੈਂਕ ਵਿੱਚ ਸੀ, ਉਹਦਾ ਦਲਬੀਰ ਕੋਲ ਆਉਣ ਜਾਣ ਬਣਿਆ ਹੋਇਆ ਸੀ, ਉਹਨੇ ਮੈਨੂੰ ਦੱਸਿਆ ਕਿ ਅੰਮ੍ਰਿਤਸਰ ਦੇ ਚਾਰ ਪੰਜ ਬੁੱਧੀਜੀਵੀ ਕਿਸਮ ਦੇ ਲੋਕ ਉਹਦੇ ਆਲੇ ਦੁਆਲੇ ਚਿੰਬੜੇ ਰਹਿੰਦੇ ਹਨ ਤੇ ਆਮ ਤੌਰ 'ਤੇ ਸਕੂਲ ਆ ਕੇ ਬੈਠੇ



ਰਹਿੰਦੇ ਹਨ। ਦਲਬੀਰ ਵੀ ਅੰਮ੍ਰਿਤਸਰ ਉਨ੍ਹਾਂ ਦੀ ਢਾਣੀ ਵਿੱਚ ਉਠਦਾ ਬੈਠਦਾ ਹੈ। ਇਸ ਸਮੇਂ ਦਲਬੀਰ ਦਾ ਪਹਿਲਾ ਕਹਾਣੀ ਸੰਗ੍ਰਹਿ 'ਰਿਸ਼ਤਿਆਂ ਦੇ ਆਰ-ਪਾਰ' ਛਪ ਕੇ ਆ ਗਿਆ ਸੀ। ਕਿਤਾਬ ਛਪਣ ਤੋਂ ਪਹਿਲਾਂ ਹੀ ਦਲਬੀਰ ਦੀ ਕਹਾਣੀ ਲੇਖਕ ਵਜੋਂ ਵਾਹਵਾ ਪਛਾਣ ਬਣ ਗਈ ਸੀ। ਕਿਤਾਬ ਦੀਆਂ ਬਹੁਤੀਆਂ ਕਹਾਣੀਆਂ 'ਨਾਗਮਣੀ' ਵਿੱਚ ਛਪੀਆਂ ਸਨ ਤੇ 'ਨਾਗਮਣੀ' ਨੂੰ ਉਹ ਲੋਕ ਵੀ ਪੜ੍ਹਨੋਂ ਨਹੀਂ ਸੀ ਰਹਿ ਸਕਦੇ ਜਿਹੜੇ ਅੰਮ੍ਰਿਤਾ ਨੂੰ ਗਾਲ੍ਹਾਂ ਕੱਢਦੇ ਸਨ।

ਅਸੀਂ ਦਲਬੀਰ ਨਾਲ ਉਪਭਾਵਕਤਾ ਦੀ ਪੱਧਰ 'ਤੇ ਜੁੜੇ ਹੋਏ ਸਾਂ, ਇਸ ਲਈ ਜਦੋਂ ਅਸੀਂ ਪਟਿਆਲੇ ਸੁਰਿੰਦਰ ਦੇ ਘਰ ਇਕੱਠੇ ਹੋਏ ਤਾਂ ਦਲਬੀਰ ਦੁਆਲੇ ਜੁੜੀ ਢਾਣੀ ਬਾਰੇ ਸਵਾਲ ਉਠ ਖੜ੍ਹਾ ਹੋਇਆ। ਸਾਨੂੰ (ਮੈਨੂੰ ਤੇ ਸੁਰਿੰਦਰ ਨੂੰ) ਪਤਾ ਨਹੀਂ ਇਹ ਭੈਅ ਕਿਉਂ ਅੰਦਰੋ ਅੰਦਰ ਖਾਈ ਜਾਂਦਾ ਸੀ ਕਿ ਓਸ ਢਾਣੀ ਨੇ ਦਲਬੀਰ ਅੰਦਰਲੇ ਲੇਖਕ ਨੂੰ ਸ਼ਰਾਬ ਅੰਦਰ ਡੋਬ ਕੇ ਮਾਰ ਦੇਣਾ। ਇਸ ਮਸਲੇ 'ਤੇ ਸਾਡੀ ਆਪਸ ਵਿੱਚ ਬੜੀ ਤਲਖ਼ ਬਹਿਸ ਹੋਈ ਤੇ ਦਲਬੀਰ ਆਪਣੀ ਦਲੀਲ 'ਤੇ ਅੜਿਆ ਰਿਹਾ। ਇਹ ਸਾਡੀ ਪਹਿਲੀ ਸਪੱਸ਼ਟ ਤੇ ਇਕ ਦੂਜੇ ਨੂੰ ਦਰਦੇ-ਦਿਲ ਦਿਖਾਉਣ ਦੀ ਬੈਠਕ ਸੀ। ਪਰ ਆਖਰੀ ਨਹੀਂ। ਦਲਬੀਰ ਦੇ ਰੁਕ-ਢੰਗ ਵੱਲ ਦੇਖ ਕੇ ਮੈਨੂੰ ਸੁਰਿੰਦਰ ਨੇ ਅਲੱਗ ਹੋ ਕੇ ਕਿਹਾ, "ਗੋਰਖੀ, ਇਹ ਹੁਣ ਉਨ੍ਹਾਂ ਲੋਕਾਂ ਦੇ ਇਸ਼ਕ ਵਿੱਚ ਨੱਕ ਨੱਕ ਡੁੱਬਿਆ ਹੋਇਆ-ਇਸ ਹਾਲਤ ਵਿੱਚ ਬੰਦਾ ਆਮ ਤੌਰ ਤੇ ਅੰਨ੍ਹਾ ਤੇ ਬੋਲਾ ਹੋ ਜਾਂਦਾ...ਚੁੱਪ ਰਹਿਣਾ ਹੀ ਬਿਹਤਰ ਆ।" ਤੇ ਅਸੀਂ ਚੁੱਪ ਹੀ ਵਟ ਲਈ।

ਪੰਜਾਬ ਦੇ ਹਾਲਾਤ ਖਰਾਬ ਹੋ ਗਏ ਸਨ। ਨਛੱਤਰ ਬਿਆਸ ਤੋਂ ਦਿੱਲੀ ਚਲਾ ਗਿਆ ਸੀ। ਨਿੱਤ ਦਿਨ ਕਦੀ ਕਿਤੇ ਬੰਦੇ ਮਾਰੇ ਜਾ ਰਹੇ ਸਨ, ਕਦੀ ਕਿਤੇ। ਬਸਾਂ ਵਿੱਚੋਂ ਇਕ ਫਿਰਕੇ ਦੇ ਬੰਦਿਆਂ ਨੂੰ ਚੁਣ ਕੇ ਕੱਢ ਲਿਆ ਜਾਂਦਾ ਤੇ ਗੋਲੀ ਮਾਰ ਦਿੱਤੀ ਜਾਂਦੀ। ਫਿਰ ਖ਼ਬਰ ਮਿਲੀ ਕਿ ਦਲਬੀਰ ਤੋਂ ਛੋਟੇ ਜਗਦੀਸ਼ ਦੇ ਬੇਟੇ ਨੂੰ ਅਤਿਵਾਦੀ ਚੁੱਕ ਕੇ ਲੈ ਗਏ ਤੇ ਫਿਰੌਤੀ ਮੰਗਣ ਲੱਗੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਚੌਕ ਮਹਿਤਾ ਵਾਲੇ ਗੁਰਦਵਾਰੇ ਤੋਂ ਹਰਿਮੰਦਰ ਸਾਹਿਬ ਵਿੱਚ ਆ ਗਿਆ। ਭਿੰਡਰਾਂਵਾਲੇ ਬਾਰੇ ਤਰ੍ਹਾਂ -ਤਰ੍ਹਾਂ ਦੀਆਂ ਗੱਲਾਂ ਹੁੰਦੀਆਂ। ਮੈਂ ਦੂਰ ਬੈਠਾ ਦਹਿਸ਼ਤ ਨੂੰ ਦੇਖ ਸਕਦਾ ਸੀ।

ਦਲਬੀਰ ਕਈ ਵਾਰੀ ਹਰਿਮੰਦਰ ਸਾਹਿਬ ਜਾ ਕੇ ਸੰਤ ਭਿੰਡਰਾਂਵਾਲੇ ਨੂੰ ਮਿਲ ਕੇ ਆਇਆ। ਗੱਲਬਾਤ ਵੀ ਕੀਤੀ। ਸੁਰਿੰਦਰ ਨੂੰ ਪਤਾ ਲੱਗਾ ਤਾਂ ਉਹਨੂੰ ਇਹ ਗੱਲ ਚੰਗੀ ਨਹੀਂ ਲੱਗੀ। ਫਿਰ ਦਲਬੀਰ ਨਾਲ ਘਟਨਾ ਵਾਪਰ ਗਈ, ਉਹਨੂੰ ਦੋ ਖਾੜਕੂ ਪਿਸਤੌਲ ਦੀ ਨੋਕ 'ਤੇ ਅਗਵਾ ਕਰਕੇ ਲੈ ਗਏ। ਬੜੀ ਚਿੰਤਾ ਵਾਲੀ ਗੱਲ ਸੀ। ਮੈਂ ਉਹਨੂੰ ਹਾਲ-ਚਾਲ ਖ਼ਤ ਰਾਹੀਂ ਪੁੱਛਿਆ ਤਾਂ ਉਹਨੇ 'ਖਾਲਸਾ ਚੜ੍ਹਦੀ ਕਲਾ' ਵਿਚ ਹੋਣ ਬਾਰੇ ਲਿਖਿਆ ਤੇ ਹਦਾਇਤ ਕੀਤੀ ਕਿ ਅੰਮ੍ਰਿਤਸਰ ਵੱਲ ਅਜੇ ਨਹੀਂ ਆਉਣਾ। ਫਿਰ ਇਕ ਦਿਨ ਖ਼ਬਰ ਮਿਲੀ ਕਿ ਦਲਬੀਰ ਨੇ ਸਕੂਲ ਬੰਦ ਕਰ ਦਿੱਤਾ ਹੈ। ਪਿੰਡ ਵਾਲਾ ਘਰ ਵੀ ਛੱਡ ਕੇ ਅੰਮ੍ਰਿਤਸਰ ਸਾਰਾ ਪਰਿਵਾਰ ਆ ਗਿਆ ਹੈ।

ਹੁਣ ਦਲਬੀਰ ਦਾ ਕਦੇ ਕੋਈ ਖ਼ਤ ਨਾ ਆਉਂਦਾ। ਉਹਦੀ ਮਿੱਤਰ-ਮੰਡਲੀ ਦੀ ਕਦੇ-ਕਦੇ ਖ਼ਬਰ ਪਹੁੰਚ ਜਾਂਦੀ। ਉਹਦੇ ਦਿੱਲੀ ਜਾਣ ਬਾਰੇ ਵੀ ਪਤਾ ਲੱਗਦਾ ਰਹਿੰਦਾ। ਸੁਰਿੰਦਰ ਨੂੰ ਕਜ਼ਾਕ ਉਹਦੀ ਸੁਖ-ਸਾਂਦ ਦੱਸਦਾ ਰਹਿੰਦਾ ਕਿਉਂਕਿ ਕਜ਼ਾਕ ਦੇ ਪੁੱਤਰ ਦਲਬੀਰ ਦੇ ਤਾਰਾਗੜ੍ਹ ਵਾਲੇ ਘਰ ਹੀ ਰਹਿਣ ਲੱਗ ਪਏ ਸਨ। ਉਹ ਮਕਾਨ ਉਸਾਰੀ ਦਾ ਕੰਮ ਕਰਦੇ ਸਨ। ਇਹ ਖ਼ਬਰ ਵੀ ਮਿਲ ਗਈ ਕਿ ਦਲਬੀਰ ਨੂੰ ਐਕਸਾਈਜ਼ ਮਹਿਕਮੇ ਵਿੱਚ ਨੌਕਰੀ ਮਿਲ ਗਈ ਹੈ।

ਪੰਜਾਬ ਵਿੱਚ ਰਤਾ ਕੁ ਠੰਢ-ਠੰਢੋਰਾ ਹੋਇਆ ਤਾਂ ਮੈਂ ਅੰਮ੍ਰਿਤਸਰ ਗਿਆ। ਪਤਾ ਲੱਗਾ ਦਲਬੀਰ ਜੰਮੂ-ਕਸ਼ਮੀਰ ਵੱਲ ਨਿਕਲਿਆ ਹੋਇਐ। ਕਈ ਦਿਨਾਂ ਲਈ। ਪਤਾ ਨਹੀਂ ਕਿਉਂ ਮਨ 'ਚ ਕਿਤੇ ਹਲਕੀ ਜਿਹੀ ਸੱਟ ਲੱਗੀ। ਸ਼ਾਇਦ ਇਹ ਵੀ ਸੋਚਿਆ ਹੋਵੇ ਕਿ ਸਮੇਂ ਤੇ ਪੈਸੇ ਦੀ ਬਰਬਾਦੀ ਤੋਂ

ਬਿਨਾਂ ਇਹ ਹੋਰ ਕੁਝ ਨਹੀਂ। ਸ਼ਾਇਦ ਇਹ ਮੇਰੇ ਪਛੜੇ ਹੋਏ ਵਿਚਾਰ ਸਨ ਜਾਂ ਸ਼ਾਇਦ ਕਬਜ਼ੇ ਦੀ ਭਾਵਨਾ ਵਾਲੀ ਗੱਲ ਹੋਵੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕਿਸੇ ਕੰਮ ਜਾਣਾ ਪਿਆ। ਚੰਡੀਗੜ੍ਹੋਂ ਜਲੰਧਰ ਆ ਕੇ ਅੰਮ੍ਰਿਤਸਰ ਫੋਨ ਕੀਤਾ ਦਲਬੀਰ ਨੂੰ। ਪਤਾ ਲੱਗਾ ਉਹ ਧਰਮਸ਼ਾਲਾ ਗਿਆ ਹੋਇਆ, ਕਿਹਦੇ ਨਾਲ ? ਪਤਾ ਨਹੀਂ।

ਬੜੇ ਲੰਮੇ ਸਮੇਂ ਬਾਅਦ ਦਲਬੀਰ ਦਾ ਖ਼ਤ ਆਇਆ। 'ਮੈਂ ਨਵਾਂ ਘਰ ਬਣਾ ਲਿਆ, ਜਲੰਧਰੋਂ ਆਉਂਦਿਆਂ ਪੁਰਾਣੀ ਚੁੰਗੀ 'ਤੇ ਉੱਤਰ ਕੇ ਪ੍ਰਤਾਪ ਨਗਰ, ਗਿਆਰਾਂ ਨੰਬਰ।" ਉਹਨੇ ਲਿਖਿਆ ਸੀ। ਨਾਲੇ ਕਿਹਾ ਸੀ, "ਮੇਰਾ ਮਨ ਬਹੁਤ ਓਦਰਿਆ ਹੋਇਆ, ਆ ਕੇ ਮਿਲ ਜਾ......ਜ਼ਰੂਰ ਆਵੀਂ ਆਪਾਂ ਬਹੁਤ ਸਾਰੀਆਂ ਗੱਲਾਂ ਕਰਨੀਆਂ।"

ਪੁਰਾਣੀ ਚੁੰਗੀ ਤਾਂ ਹੈ ਹੀ ਪ੍ਰਤਾਪ ਨਗਰ ਵਿੱਚ ਸੀ ਪਰ ਮਕਾਨ ਨੰਬਰ ਗਿਆਰਾਂ ਨਾ ਲੱਭੇ। ਕਦੀ ਇਕ ਗਲੀ, ਕਦੀ ਦੂਜੀ ਗਲੀ। ਬੜੀ ਪੁੱਛ-ਗਿੱਛ ਤੋਂ ਬਾਅਦ ਕਿਤੇ ਘਰ ਦਾ ਪਤਾ ਲੱਗਾ। ਦਰਅਸਲ ਜਿਧਰ ਮੈਂ ਨੰਬਰ ਲੱਭ ਰਿਹਾ ਸੀ ਉਧਰ ਦਲਬੀਰ ਦੇ ਘਰ ਦਾ ਪਿਛਵਾੜਾ ਲੱਗਦਾ ਸੀ। ਦਲਬੀਰ ਦੀ ਬੀਜੀ ਨੇ ਪਿੱਛੇ ਵੱਲ ਖੁੱਲ੍ਹਦਾ ਬੂਹਾ ਖੋਲ੍ਹ ਕੇ ਅੰਦਰ ਲੰਘਾਇਆ।

ਦਲਬੀਰ ਦਾ ਬੜਾ ਵੱਡਾ ਘਰ ਸੀ। ਹੇਠ ਉਪਰ ਇਕੋ ਜਿਹਾ ਨਕਸ਼ਾ ਤੇ ਡਿਜ਼ਾਈਨ- ਵੱਡਾ ਸਾਰਾ ਡਰਾਇੰਗ-ਰੂਮ, ਵੱਡੀਆਂ ਤਸਵੀਰਾਂ ਤੇ ਪੇਂਟਿੰਗਾਂ ਨਾਲ ਸਜਿਆ ਹੋਇਆ। ਸੋਹਣੇ ਸੋਹਣੇ ਡੈਕੋਰੇਸ਼ਨ ਪੀਸ। ਬੈੱਡ-ਰੂਮ ਵਿੱਚ ਅੰਮ੍ਰਿਤਾ ਦੀ ਵੱਡੀ ਤਸਵੀਰ, ਇਕ ਵੱਡੀ ਵਾਲ ਪੇਂਟਿੰਗ ਤੇ ਕਿਤਾਬਾਂ ਵਾਲੀ ਅਲਮਾਰੀ।

ਦਲਬੀਰ ਘਰ ਨਹੀਂ ਸੀ। ਮੈਂ ਉਹਦੇ ਪੁੱਤ ਨਵਚੇਤਨ ਨੂੰ ਦੇਖ ਕੇ ਹੈਰਾਨ ਤੇ ਖ਼ੁਸ਼ ਹੋ ਗਿਆ। ਮੈਨੂੰ ਉਹਦਾ ਉਹ ਚਿਹਰਾ ਯਾਦ ਆ ਗਿਆ ਜਦੋਂ ਉਹ ਚਾਰ-ਪੰਜ ਸਾਲ ਦਾ, ਬਸਤਾ ਮੋਢੇ ਲਟਕਾਈ ਮੇਰੇ ਨਾਲ ਤੁਰ ਕੇ ਹੀ ਧਾਰੜ ਤੱਕ ਗਿਆ ਸੀ। ਉਹਦਾ ਭਾਰਾ ਜੂੜਾ ਖੁੱਲ੍ਹ-ਖੁੱਲ੍ਹ ਜਾਂਦਾ ਤੇ ਨਿੱਕਰ ਹੇਠਾਂ ਢਿਲਕ ਜਾਂਦੀ। ਮੈਂ ਬਸਤਾ ਫੜ ਲਿਆ ਸੀ ਤੇ ਉਹਨੇ ਆਪ ਹੀ ਜੂੜਾ ਕਰ ਲਿਆ ਸੀ। ਸਕੂਲ ਪਹੁੰਚ ਕੇ ਮੈਂ ਦਲਬੀਰ ਨੂੰ ਕਿਹਾ ਸੀ, "ਹੋਰ ਚਹੁੰ ਸਾਲਾਂ ਨੂੰ ਇਹਨੂੰ ਅੰਮ੍ਰਿਤ ਛਕਾ ਕੇ ਬਾਬਾ ਸੰਤਾ ਸਿੰਘ ਦੇ ਡੇਰੇ ਛੱਡ ਆਇਓ, ਪੜ੍ਹਨ ਦੇ ਇਹਦੇ ਲੱਲ ਨੀ ਦਿੱਸਦੇ।" ਦਲਬੀਰ ਖਿੜ-ਖਿੜਾ ਕੇ ਹੱਸਿਆ ਸੀ ਤੇ ਫਿਰ ਹੱਸਦਾ-ਹੱਸਦਾ ਹੀ ਬੋਲਿਆ ਸੀ, "ਤੂੰ ਕਹਿੰਦਾਂ ਪੜ੍ਹਨਾ ਨਈਂ, ਇਹ ਤਾਂ ਕਿਸੇ ਟੈਮ ਪੜ੍ਹਾਇਆ ਕਰੂ," ਤੇ ਫਿਰ ਨਵਚੇਤਨ ਦਾ ਮੂੰਹ ਰੁਮਾਲ ਨਾਲ ਸੁਆਰ ਕੇ, ਉਹਦੀ ਗਰਮੀ ਸੁਕਾ ਕੇ ਉਹਨੂੰ ਜਮਾਤ ਵਿੱਚ ਛੱਡ ਕੇ ਆਇਆ ਸੀ। ਸਮੇਂ ਦੇ ਝੰਭੇ ਹਾਲਾਤ ਇਨਸਾਨ ਨੂੰ ਕਿਵੇਂ ਬਦਲਣ ਲਈ ਸਾਜ਼ਗਾਰ ਬਣ ਜਾਂਦੇ ਨੇ। - ਨਵਚੇਤਨ ਤਾਂ ਬਾਊ ਬਣਿਆ ਖੜ੍ਹਾ ਸੀ। ਜਦੋਂ ਸਰਘੀ ਘਰ ਆਈ ਤਾਂ ਉਹ ਵੀ ਮੇਰੇ ਕੋਲੋਂ ਪਛਾਣੀ ਨਾ ਗਈ। ਉਹ ਬੱਚੇ ਗੋਰਖੀ ਨੂੰ ਭੁੱਲੇ ਨਹੀਂ ਸਨ। ਜਗਦੀਸ਼ ਤੇ ਉਹਦੀ ਪਤਨੀ ਹਰਜਿੰਦਰ ਵੀ ਪੂਰੇ ਤਿਓ ਨਾਲ ਮਿਲੇ। ਉਨ੍ਹਾਂ ਦਾ ਬੇਟਾ ਰਾਜੂ ਤੇ ਬੇਟੀ ਮੇਘਾ ਮੇਰੇ ਕੋਲੋਂ ਪਛਾਣੇ ਨਹੀਂ ਗਏ। ਉਨ੍ਹਾਂ ਦਾ ਬਚਪਨ ਹੀ ਮੈਨੂੰ ਯਾਦ ਸੀ। ਦਲਬੀਰ ਦੀ ਪਤਨੀ ਭਜਨ ਕੌਰ ਨੂੰ ਗੋਡਿਆਂ ਦੇ ਦਰਦ ਨੇ ਹਲੂਣ ਸੁੱਟਿਆ ਸੀ। ਉਹ ਬੜੀ ਔਖੀ ਹੋ ਕੇ ਤੁਰ ਫਿਰ ਰਹੀ ਸੀ।

ਲੌਢੇ ਕੁ ਵੇਲੇ ਦਲਬੀਰ ਆਇਆ ਤੇ ਧਾਹ ਕੇ ਮੈਨੂੰ ਬਾਹਾਂ ਵਿੱਚ ਭਰ ਲਿਆ, ਫਿਰ ਡੁਸਕਦੇ ਹੋਏ ਨੇ ਪੋਲੀ ਜਿਹੀ ਇਕ ਚਪੇੜ ਮੇਰੀ ਸੱਜੀ ਗਲ੍ਹ 'ਤੇ ਮਾਰੀ ਤੇ ਇਕ ਖੱਬੀ ਗਲ੍ਹ 'ਤੇ, ਮੁੜ ਕੇ ਫਿਰ ਹਿਕ ਨਾਲ ਘੁੱਟ ਲਿਆ ਤੇ ਭਰੇ ਗਲੇ 'ਚੋਂ ਕਿਹਾ, "ਗੋਰਖੀ ! ਮੈਂ ਤੈਨੂੰ ਏਸ ਲਈ ਤਾਂ ਨਹੀਂ ਸੀ ਲੱਭਿਆ ਕਿ ਤੂੰ ਮੈਨੂੰ ਇਉਂ ਛੱਡ ਕੇ ਚਲਾ ਜਾਵੀਂ।"

ਗੱਲਾਂ ਕਰਦਿਆਂ ਨੂੰ ਰਾਤ ਬਹੁਤ ਡੂੰਘੀ ਲਹਿ ਗਈ ਸੀ। ਕਦੇ ਅਸੀਂ ਬਹਿ ਕੇ ਗੱਲਾਂ ਕਰਨ



ਲੱਗਦੇ, ਕਦੇ ਪੈ ਜਾਂਦੇ। ਉਹਨੂੰ ਇਸ ਗੱਲ ਦੀ ਖਿੱਝ ਚੜ੍ਹੀ ਹੋਈ ਸੀ ਕਿ ਉਹਨੇ ਦੋ ਸਾਲਾਂ ਤੋਂ ਕਹਾਣੀ ਨਹੀਂ ਸੀ ਲਿਖੀ। ਉਹਨੂੰ ਇਸ ਗੱਲ 'ਤੇ ਵੀ ਵਾਰ-ਵਾਰ ਗੁੱਸਾ ਆ ਰਿਹਾ ਸੀ ਕਿ ਅੰਮ੍ਰਿਤਸਰ 'ਚ ਉਹਦੇ ਨਾਲ ਜੁੜੇ ਲੋਕਾਂ 'ਚੋਂ ਕਿਸੇ ਨੂੰ ਵੀ ਇਹ ਫ਼ਿਕਰ ਨਹੀਂ ਸੀ ਕਿ ਉਹਨੇ ਕਿਉਂ ਕਹਾਣੀ ਨਹੀਂ ਸੀ ਲਿਖੀ। ਉਹਨੂੰ ਇਹ ਖਿੱਝ ਮੇਰੀ ਇਸ ਗੱਲ 'ਤੇ ਚੜ੍ਹੀ ਸੀ, "ਦਲਬੀਰ ਚੇਤਨ ਦਾ ਨਾਂ ਕਹਾਣੀ ਲਿਖਣ ਕਰਕੇ ਹੈ ਜਿਹਦਾ ਇਕ ਪਾਠਕ ਵਰਗ ਬਣ ਗਿਆ ਹੈ, ਓਸ ਪਾਠਕ ਦੀ ਮੰਗ ਹੈ ਤੂੰ ਕਹਾਣੀ ਦੇ ਉਹਨੂੰ.... ਜਿਹੜੇ ਤੂੰ ਫਜ਼ੂਲ ਕੰਮ ਕਰ ਰਿਹਾ ਹੈਂ ਇਨ੍ਹਾਂ ਨੇ ਤੇਰੇ ਜ਼ਿਹਨ ਉਪਰ ਗਰਦ ਦੀ ਤਹਿ ਮੋਟੀ ਵਿਛਾ ਦਿੱਤੀ ਹੈ....", ਮੇਰੀ ਗੱਲ ਨੇ ਉਹਨੂੰ ਬੇਚੈਨ ਕਰ ਦਿੱਤਾ।

ਤੜਕੇ ਦਲਬੀਰ ਦੇ ਸਰਾਹਣੇ ਪਏ ਫੋਨ ਦੀ ਘੰਟੀ ਖੜਕੀ। ਦਲਬੀਰ ਕਿਸੇ ਨੂੰ ਕਹਿ ਰਿਹਾ ਸੀ, "ਰਾਇਲਸਟੈਗ ਦਾ ਪ੍ਰਬੰਧ ਹੋ ਜਾਏਗਾ.... ਠੇਕੇਦਾਰ ਨੂੰ ਮੈਂ ਕਹਿ ਦਿਆਂਗਾ। ਬੈਗ ਪਾਈਪਰ ਤਾਂ ਚਾਰ ਪਈਆਂ, ਲੈ ਜਾਓ.... ਵੈਸੇ ਤੁਸੀਂ ਪ੍ਰੀਮੀਅਰ ਈ ਚੁੱਕੋ ਤਾਂ ਠੀਕ ਆ.... ਚਾਰ ਪੇਟੀਆਂ ਬਹੁਤ ਆ.... ਜਦੋਂ ਮਰਜ਼ੀ ਆ ਜਾਓ...।" - ਅੱਧੇ ਕੁ ਘੰਟੇ ਨੂੰ ਤਿੰਨ ਜਣੇ ਆ ਗਏ, ਅਸੀਂ ਮੂੰਹ-ਹੱਥ ਧੋ ਕੇ ਬੈਠੇ ਈ ਸੀ। ਮੈਂ ਪ੍ਰੇਸ਼ਾਨ ਹੋ ਗਿਆ। ਆਉਣ ਵਾਲਿਆਂ ਨੇ ਦੋ ਦੋ ਹਾੜੇ ਲਾਏ, ਦਲਬੀਰ ਨੇ ਵੀ ਸਾਥ ਦਿੱਤਾ। "ਇਹ ਕਿਹੜਾ ਵੇਲਾ ਬਈ ਸ਼ਰਾਬ ਪੀਣ ਦਾ ?" ਬੰਦੇ ਤੁਰ ਗਏ ਤਾਂ ਮੈਂ ਹੌਲੀ ਜਿਹੇ ਕਿਹਾ। "ਬੱਸ, ਆਦਤਾਂ ਵਿਗੜ ਗਈਆਂ ਗੋਰਖੀ ਤੇਰੇ ਦੋਸਤ ਦੀਆਂ.....।"

ਫਿਰ ਸ਼ੁਰੂ ਹੋ ਗਿਆ 'ਸ਼ਿਲਾਲੇਖ' ਦਾ ਛਪਣਾ। ਦਲਬੀਰ ਵੀ ਸੰਪਾਦਕ ਸੀ। ਕਿਸੇ ਪਰਚੇ ਦਾ ਸੰਪਾਦਕ ਹੋਣਾ ਆਪਣੇ ਆਪ ਵਿੱਚ ਇਕ ਵੱਖਰਾ ਹੀ ਅਹਿਸਾਸ, ਵੱਖਰਾ ਹੀ ਜਲੌਅ, ਅਜੀਬ ਤਰ੍ਹਾਂ ਦਾ ਗਲੈਮਰ। ਮੇਰੇ ਖਿਆਲ 'ਚ ਇਹ ਇਕ ਠਰਕ ਹੈ ਜੋ ਬੰਦੇ ਨੂੰ ਪੈ ਜਾਂਦਾ ਹੈ, ਪੈਂਦਾ ਉਦੋਂ ਹੀ ਹੈ ਜਦੋਂ ਜੇਬ ਭਾਰੀ ਹੋਵੇ, ਯਾਰ ਦੋਸਤ ਵੀ ਜੇਬਾਂ ਭਰੀਆਂ ਵਾਲੇ ਹੋਣ। ਇਹ ਠਰਕ ਕਿਸੇ ਕਿਸੇ ਨੂੰ ਪੁੱਗਦਾ ਹੈ। ਦਾਅਵੇ ਕਰਨ ਵਾਲੇ ਯਾਰ ਦੋਸਤ ਮੂੰਹ ਫੇਰ ਲੈਣ ਤਾਂ ਜੇਬ ਵੀ ਜਵਾਬ ਦੇ ਦਿੰਦੀ ਹੈ....ਠਰਕ ਆਪਣੇ ਆਪ ਹੱਥ ਖੜ੍ਹੇ ਕਰ ਦਿੰਦਾ ਹੈ। ਕਈ ਵਾਰੀ ਮਿੱਤਰਾਂ ਦੀਆਂ ਕੋਝੀਆਂ ਹਰਕਤਾਂ ਤੇ ਨੀਚ ਗੱਲਾਂ ਵੀ ਇਸ ਠਰਕ ਨੂੰ ਸਿਉਂਕ ਵਾਂਗ ਟੱਕਰਦੀਆਂ ਹਨ ਤੇ ਉਸਰੇ ਮਹਿਲ-ਚੁਬਾਰੇ ਰਾਤੋ-ਰਾਤ ਢਹਿ-ਢੇਰੀ ਹੋ ਜਾਂਦੇ ਹਨ।

ਦਲਬੀਰ ਦਾ ਖ਼ਤ ਆਇਆ ਕਿ ਮੈਂ ਨਵੀਂ ਕਹਾਣੀ ਲਿਖੀ ਹੈ, ਤੂੰ ਅੰਮ੍ਰਿਤਸਰ ਆ। ਸਨਿਚਰਵਾਰ ਆਇਆ ਤੇ ਮੈਂ ਅੰਮ੍ਰਿਤਸਰ ਪਹੁੰਚ ਗਿਆ। ਉਹ ਥੋੜ੍ਹਾ ਜਿਹਾ ਉਦਾਸ ਸੀ। ਉਦਾਸੀ ਦਾ ਮੈਂ ਕਾਰਨ ਪੁੱਛਿਆ ਤਾਂ ਮੇਰਾ ਹੱਥ ਫੜ ਕੇ ਬਾਹਰ ਨੂੰ ਤੁਰ ਪਿਆ। ਉਹਨੇ ਓਸ ਯਾਰ ਦਾ ਕਿੱਸਾ ਛੋਹ ਲਿਆ ਜਿਹਦਾ ਸੰਗ ਕਰਨ ਤੋਂ ਮੈਂ, ਸੁਰਿੰਦਰ ਤੇ ਨਛੱਤਰ ਕਿਸੇ ਸਮੇਂ ਉਹਨੂੰ ਰੋਕਦੇ ਰਹੇ ਸੀ। ਉਹ ਓਸ ਯਾਰ ਦੀ ਬੇਵਫਾਈ 'ਤੇ ਬਹੁਤ ਦੁਖੀ ਸੀ। ਅਸੀਂ ਗੱਲੀਂ ਪਏ ਹਰਿਮੰਦਰ ਸਾਹਿਬ ਦੀ ਪ੍ਰਕਰਮਾ 'ਚੋਂ ਉਪਰ ਲਾਇਬ੍ਰੇਰੀ 'ਤੇ ਆ ਗਏ। ਇਕ ਥਾਂ ਬਹਿੰਦਾ ਹੋਇਆ ਬੋਲਿਆ, "ਬੰਦੇ ਦੇ ਨਿਘਰਨ ਦੀ ਕਿੰਨੀ ਕੁ ਹਾਥ ਆ.... ਹੈ ਕੋਈ ਹੱਦ ਸੀਮਾ ?"

"ਜਦੋਂ ਬੰਦਾ ਗਰਕ ਹੋਣ ਤੇ ਈ ਆ ਜਾਵੇ ਫਿਰ ਉਹ ਖੂਹ ਬਣ ਕੇ ਰਹਿ ਜਾਂਦੈ...।"

"ਗੋਰਖੀ, ਮੈਂ ਤੇਰੇ ਤੇ ਸੁਰਿੰਦਰ ਅੱਗੇ ਬਹੁਤ ਹੀਣਤਾ ਮਹਿਸੂਸ ਕਰਦਾਂ...ਮੈਂ ਕਈ ਖੋਖਲੇ ਬੰਦਿਆਂ ਕਰਕੇ ਤੁਹਾਨੂੰ ਕਈ ਸਾਲ ਆਪਣੇ ਤੋਂ ਦੂਰ ਕਰੀ ਰੱਖਿਆ..। ਮੈਂ ਇਕ ਮ੍ਰਿਗ-ਤ੍ਰਿਸ਼ਨਾ ਦਾ ਸ਼ਿਕਾਰ ਹੋ ਗਿਆ ਸੀ।" ਦਲਬੀਰ ਨੇ ਅੱਖਾਂ ਭਰ ਲਈਆਂ ਤੇ ਮੇਰੇ ਦੋਨੋਂ ਹੱਥ ਫੜ ਕੇ ਪਲੋਸਣ ਲੱਗਾ। ਉਹਦਾ ਸਿਰ ਮੇਰੇ ਮੋਢੇ ਉੱਤੇ ਟਿਕ ਗਿਆ। ਫਿਰ ਉਹਨੇ ਹੌਲੀ ਜਿਹੇ ਕਹਾਣੀ ਕੱਢੀ ਤੇ ਪੜ੍ਹਨ ਲੱਗਾ। ਅਸੀਂ ਨਾਲੋ-ਨਾਲ ਕੱਟ ਵੱਢ ਕਰਨ ਲੱਗੇ।......ਸ਼ਬਦਾਂ ਦੀ ਕੱਟ-ਵੱਢ.... ਪਾਤਰਾਂ ਦੀਆਂ ਗੱਲਾਂ

ਵਿੱਚ ਸੁਧਾਰ..... ਵਿਸ਼ੇ ਦੀ ਚੀਰ-ਫਾੜ। ......ਬੜਾ ਚਿਰ ਹੋ ਗਿਆ ਸੀ ਸਾਨੂੰ ਬੈਠਿਆਂ ਨੂੰ ਪਰ ਅਸੀਂ ਉਦੋਂ ਹੀ ਉੱਠੇ ਜਦੋਂ ਕਹਾਣੀ ਵੱਲੋਂ ਤਸੱਲੀ ਹੋ ਗਈ। ਉੱਠੇ ਤੇ 'ਅੱਖਰ' ਦੇ ਦਫ਼ਤਰ ਜਾ ਬੈਠੇ।

ਦਿਨ ਢਲੇ ਅਸੀਂ ਘਰ ਵੜੇ। ਅੰਦਰ ਬੈੱਡ-ਰੂਮ 'ਚ ਬਹਿ ਕੇ ਗੱਲਾਂ ਕਰਨ ਲੱਗੇ। ਭਰਜਾਈ ਭਜਨ ਕੌਰ ਵੀ ਆ ਬੈਠੀ। ਉਹਨੂੰ ਗਿਲਾ ਸੀ ਅਸੀਂ ਜੋ ਦਲਬੀਰ ਦੇ ਪੁਰਾਣੇ ਦੋਸਤ ਸੀ ਇਹਨੂੰ ਮਿਲਦੇ ਕਿਉਂ ਨਹੀਂ। ਉਹਦਾ ਕਹਿਣਾ ਸੀ ਚੇਤਨ ਸਾਹਿਬ ਨੂੰ ਪੁੱਛੋ ਇਹ ਹੁਣ ਵਰਗੇ ਕਿਉਂ ਬਣ ਗਏ ਨੇ। ਇਨ੍ਹਾਂ ਨੂੰ ਆਖੋ ਇਹ ਪਹਿਲਾਂ ਵਰਗੇ ਬਣ ਜਾਣ। ਫਿਰ ਸਰਘੀ ਵੀ ਆ ਗਈ ਤੇ ਉਹਦਾ ਖਾਵੰਦ ਵੀ।

ਤੜਕੇ ਮੇਰੀ ਅੱਖ ਖੁੱਲ੍ਹੀ ਤਾਂ ਦਲਬੀਰ ਟੇਬਲ ਲੈਂਪ ਬਾਲੀ ਕਹਾਣੀ ਨੂੰ ਸੋਧ ਰਿਹਾ ਸੀ ਤੇ ਆਖਰੀ ਸਫ਼ਾ ਲਿਖ ਰਿਹਾ ਸੀ।

"ਰਾਤ ਦੀ ਸ਼ਰਾਬ ਕਰਦੀ ਤਾਂ ਖਰਾਬ ਆ, ਕੀ ਕਰੀਏ ਪਿਆਰੇ ਮਿੱਤਰ ਜੀਓ.....ਰਿਹਾ ਵੀ ਨੀ ਜਾਂਦਾ.....ਰਿਹਾ ਵੀ ਨਾ ਜਾਏ, ਕੁਛ ਕਿਹਾ ਵੀ ਨਾ ਜਾਏ...." ਤੇ ਗਾਣਾ ਗੁਣਗੁਣਾਉਂਦੇ ਦਲਬੀਰ ਨੇ ਕਾਗਜ਼ ਇਕ ਪਾਸੇ ਰੱਖ ਦਿੱਤੇ ਤੇ ਮੇਰੇ ਨਾਲ ਪੈ ਕੇ ਮੈਨੂੰ ਜੱਫ਼ੀ ਪਾ ਕੇ ਮਧੋਲਣ ਲੱਗਾ। ਇਹ ਪਿਆਰ ਜਤਾਉਣ ਦਾ ਉਹਦਾ ਆਪਣਾ ਹੀ ਤਰੀਕਾ ਸੀ। ਸੱਤਰਵਿਆਂ ਵਿੱਚ ਅਜਿਹੀਆਂ ਮਸਤ-ਕਲੋਲਾਂ ਮੈਂ ਉਸ ਦੀਆਂ ਬੜੀਆਂ ਮਾਣੀਆਂ ਸਨ।

ਜਲੰਧਰੋਂ ਤੁਰਨ ਲੱਗੇ ਨੂੰ ਜਿੰਦਰ ਨੇ ਤਾਗੀਦ ਕੀਤੀ ਸੀ ਕਿ ਦਲਬੀਰ ਕੋਲ ਜੇ ਨਵੀਂ ਕਹਾਣੀ ਹੋਈ ਤਾਂ 'ਸ਼ਬਦ' ਲਈ ਲੈ ਕੇ ਆਵੀਂ। ਮੈਂ ਦਲਬੀਰ ਦੀ ਨਵੀਂ ਕਹਾਣੀ ਲੈ ਆਇਆ।

ਫਿਰ ਦਲਬੀਰ ਨੇ ਇਉਂ ਕਹਾਣੀਆਂ ਲਿਖੀਆਂ ਜਿਵੇਂ ਉਹਦੇ ਅੰਦਰ ਗੁਲਾਬ ਦਾ ਬਾਰਾ-ਮਾਸੀ ਬੂਟਾ ਉੱਗ ਖਲੋਤਾ ਹੋਵੇ। ਫਿਰ ਕਹਾਣੀਆਂ ਦੀ ਕਿਤਾਬ ਆਈ 'ਰਾਤ-ਬਰਾਤੇ' ਤੇ ਫਿਰ ਆਈ 'ਮਹਿੰਦੀ ਬਾਜ਼ਾਰ'। ਫਿਰ ਦਲਬੀਰ ਦੇ ਬਿਮਾਰ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ।

ਮੈਂ ਫੋਨ ਉਪਰ ਹੀ ਪੁੱਛਿਆ। "ਬੱਸ ਐਵੇਂ ਥੋੜ੍ਹੀ ਜਿਹੀ ਪ੍ਰਾਬਲਮ ਸੀ, ਹੁਣ ਠੀਕ ਆਂ....ਫਿਕਰ ਵਾਲੀ ਕੋਈ ਗੱਲ ਨਹੀਂ," ਉਹਨੇ ਲਾਪ੍ਰਵਾਹੀ ਨਾਲ ਕਿਹਾ।

ਬੀਬੇ ਦਾ ਫੋਨ ਸੁਣ ਕੇ ਮੈਂ ਬੇਚੈਨ ਹੋ ਗਿਆ।

ਮੈਂ ਤੇ ਗੁਰਦੀਪ (ਮੇਰੀ ਪਤਨੀ) ਸਵੇਰੇ ਸਾਜਰੇ ਹੀ ਲੁਧਿਆਣੇ ਨੂੰ ਤੁਰ ਪਏ। ਮੇਰੀ ਕਲਪਨਾ ਦੇ ਘੋੜੇ ਬੇਤਹਾਸ਼ਾ ਦੌੜ ਰਹੇ ਸਨ। ਮੈਂ ਪਤਨੀ ਨਾਲ ਗੱਲਾਂ ਕਰਕੇ ਮਨ ਹੋਧਰੇ ਪਾਉਣ ਦੀ ਕੋਸ਼ਿਸ਼ ਕਰਦਾ ਪਰ ਸੂਈ ਜਿੱਥੇ ਅਟਕੀ ਹੋਈ ਸੀ ਉਥੋਂ ਹਿਲ ਨਹੀਂ ਸੀ ਰਹੀ। ਮੈਂ ਆਪਣੇ ਆਪ ਵਿੱਚ ਗੁਆਚਾ ਹੀ ਹਸਪਤਾਲ ਪਹੁੰਚਿਆ। ਦਿਲ ਬੁਰੀ ਤਰ੍ਹਾਂ ਧੜਕ ਰਿਹਾ ਸੀ ਤੇ ਦਲਬੀਰ ਦਾ ਚਿਹਰਾ ਰੂਪ ਬਦਲ ਬਦਲ ਕੇ ਅੱਖਾਂ ਅੱਗੇ ਘੁੰਮ ਰਿਹਾ ਸੀ।

ਸਾਨੂੰ ਦੇਖ ਕੇ ਦਲਬੀਰ ਖ਼ੁਸ਼ ਹੋ ਗਿਆ। ਉਹਨੇ ਮੇਰੇ ਤੇ ਗੁਰਦੀਪ ਦੇ ਹੱਥਾਂ ਨੂੰ ਘੁੱਟ ਕੇ ਫੜ ਲਿਆ। ਇਸ ਤੋਂ ਪਹਿਲਾਂ ਕਿ ਮੈਂ ਉਹਦਾ ਹਾਲ ਪੁੱਛਦਾ ਉਹ ਉਲਟਾ ਮੈਨੂੰ ਬੇਟੀਆਂ ਦੀ ਰਾਜ਼ੀ ਖ਼ੁਸ਼ੀ ਪੁੱਛਣ ਲੱਗਾ।

ਬੀਬੇ ਨੇ ਮੈਨੂੰ ਕੁਝ ਜ਼ਿਆਦਾ ਹੀ ਡਰਾ ਦਿੱਤਾ ਸੀ। ਨਵਚੇਤਨ ਦੱਸ ਰਿਹਾ ਸੀ ਡਾਕਟਰ ਕਹਿੰਦੇ ਆ ਠੀਕ ਕਰਕੇ ਭੇਜਾਂਗੇ। ਡਾਕਟਰ ਨੇ ਬਿਮਾਰੀ ਨੂੰ ਹੱਥ ਪਾ ਲਿਆ ਹੈ। ਚਾਰ ਪੰਜ ਦਿਨ ਵਿਚ ਬਿਮਾਰੀ ਨੂੰ ਮੋੜਾ ਵੀ ਪੈ ਗਿਆ ਹੈ। ਜਗਦੀਸ਼ ਵੀ ਇਹੋ ਕਹਿ ਰਿਹਾ ਸੀ। ਤਰਨ-ਤਾਰਨ ਵਾਲਾ ਦਲਬੀਰ ਦਾ ਦੋਸਤ ਭੀਮ ਡਾਕਟਰਾਂ ਕੋਲ ਭੱਜ-ਨੱਠ ਕਰ ਰਿਹਾ ਸੀ। ਸਰਘੀ ਦਾ ਪਤੀ ਵੀ ਫਿਕਰਮੰਦ ਹੋਇਆ ਖੜ੍ਹਾ ਸੀ। ਪਰ ਦਲਬੀਰ ਕੰਧ ਨਾਲ ਸਰਾਹਣੇ ਦੀ ਢੋਅ ਲਾਈ ਮੁਸਕਰਾਉਂਦਾ ਹੋਇਆ ਸਾਡੇ ਨਾਲ ਗੱਲਾਂ ਕਰ ਰਿਹਾ ਸੀ।



"ਮੈਂ ਠੀਕ ਹੋ ਲਵਾਂ ਫੇ ਆਪਾਂ ਇਕ ਕਹਾਣੀ ਗੋਸ਼ਟੀ ਕਰਾਉਣੀ ਆਂ....", ਦਲਬੀਰ ਲੰਮਾ ਪੈਂਦਾ ਹੋਇਆ ਬੋਲਿਆ।

ਮੇਰੀ ਪਤਨੀ ਨੇ ਅੱਖਾਂ ਭਰ ਲਈਆਂ।

ਮੈਂ ਗਹੁ ਨਾਲ ਦਲਬੀਰ ਦੀਆਂ ਅੱਖਾਂ ਵਿਚਲੀ ਥਰ-ਥਰਾਉਂਦੀ ਚਮਕ ਨੂੰ ਦੇਖਿਆ। ਪਲ ਦੀ ਪਲ ਮੈਨੂੰ ਦਲਬੀਰ ਦਾ ਚਿਹਰਾ ਆਪਣੇ ਭਾਈਏ ਦੇ ਚਿਹਰੇ ਵਿੱਚ ਬਦਲਦਾ ਦਿੱਸਿਆ। ਆਖਰੀ ਸਮੇਂ ਭਾਈਏ ਦਾ ਵੀ ਇਵੇਂ ਹੀ ਲਹਿੰਦਾ-ਚੜ੍ਹਦਾ ਰੁਖ ਹੋ ਗਿਆ ਸੀ। ਸਾਨੂੰ ਘਰ ਦੇ ਸਾਰੇ ਜੀਆਂ ਨੂੰ ਭਾਈਏ ਨੇ ਪ੍ਰੇਸ਼ਾਨ ਕਰ ਦਿੱਤਾ ਸੀ। ਅਸੀਂ ਭਾਈਏ ਨੂੰ ਹੁੱਕਾ ਪੀਣੋਂ ਬਹੁਤ ਰੋਕਦੇ, ਬੀਬੀ ਲੜ ਵੀ ਪੈਂਦੀ, ਮੈਂ ਚਾਰ ਪੰਜ ਵਾਰੀ ਚਿਲਮ ਵੀ ਤੋੜੀ ਪਰ ਉਹ ਬਾਬੇ ਖੁਸ਼ੀਏ ਕੋਲ ਦਾਅ ਮਾਰ ਆਉਂਦਾ, ਫਿਰ ਸਾਰੀ ਸਾਰੀ ਰਾਤ ਖੰਘਦਾ। ਸਿਹਤ ਬੜੀ ਸੋਹਣੀ ਦਿੱਸਦੀ, ਅੰਦਰੋਂ ਉਹਦੀ ਹਾਲਤ ਸਿਉਂਕ ਦੀ ਵਰਮੀ ਵਾਲੀ ਸੀ। ਅਖੀਰ ਡਾਕਟਰਾਂ ਨੇ ਕਿਹਾ, "ਇਹਨੂੰ ਘਰ ਲੈ ਜਾਉ।" ਮੈਨੂੰ ਅੰਦਰੇ ਅੰਦਰ ਭਾਈਏ 'ਤੇ ਗੁੱਸਾ ਆਉਂਦਾ, ਖਿਝ ਚੜ੍ਹਦੀ ਕਿ ਇੰਨਾ ਖਰਚਿਆ ਪੈਸਾ ਕਿਸੇ ਕੰਮ ਨਹੀਂ ਸੀ ਆਇਆ। ਭਾਈਏ ਨੇ ਆਪ ਮੌਤ ਨੂੰ ਹਾਕ ਮਾਰੀ ਸੀ।

ਦਲਬੀਰ ਕਾਫ਼ੀ ਠੀਕ ਹੋ ਗਿਆ ਸੀ। ਉਹ ਅੰਮ੍ਰਿਤਸਰ ਚਲੇ ਗਏ, ਘਰ। ਪਰ ਬਹੁਤੇ ਦਿਨ ਠੀਕ ਨਹੀਂ ਰਿਹਾ। ਮੁੜ ਲੁਧਿਆਣੇ ਆਉਣਾ ਪਿਆ। ਅੰਦਰਲੇ ਰੋਗ ਨੇ ਫਿਰ ਹਮਲਾ ਕੀਤਾ ਸੀ। ਦਲਬੀਰ ਦਾ ਚਿਹਰਾ ਝੌਂਅ ਰਿਹਾ ਸੀ। ਬੱਦਲੀਆਂ ਵਿੱਚ ਘਿਰੇ ਚੰਦ ਵਾਂਗ। ਕਦੇ ਲਿਸ਼ਕੋਰ ਮਾਰਦਾ ਤੇ ਕਦੀ ਬੱਦਲੀ ਓਹਲੇ ਹੋ ਜਾਂਦਾ। ਫਿਰ ਡਾਕਟਰਾਂ ਨੇ ਘਰ ਜਾ ਕੇ ਹੀ ਸੇਵਾ ਕਰਨ ਲਈ ਕਹਿ ਦਿੱਤਾ। ਲੱਗਾ ਜਿਵੇਂ ਘਨਘੋਰ ਬੱਦਲੀਆਂ ਨੇ ਚੰਦ ਨੂੰ ਜ਼ੋਰ-ਜ਼ਬਰੀ ਆਪਣੀ ਬੁੱਕਲ ਵਿੱਚ ਲੈ ਲਿਆ ਹੋਵੇ.....ਤੇ ਫਿਰ ਰਾਤ ਹੋਰ ਕਾਲੀ ਗਾਹੜੀ ਹੋ ਗਈ.........।

## ਹੈਂਡਸਮ ਸਰਦਾਰ ਅਤਰ ਸਿੰਘ

**-ਚੰਦਨ ਨੇਗੀ**

ਕੀ ਹੈ ਇਹ ਜ਼ਿੰਦਗੀ ? ਕਦੋਂ ? ਕਿਸ ਵੇਲੇ ਕਿਸੀ ਅਣਕਿਆਸੇ, ਅਣਮਿੱਥੇ, ਅਣਸੋਚੇ ਸਮਝੇ ਰਾਹਾਂ ਉੱਤੇ ਵੀ ਕਦਮ ਟੁਰ ਪੈਂਦੇ ਨੇ। ਸਿੱਧੀ ਸਤੀਰ ਸੜਕ ਉਤੋਂ ਕਈ ਵਾਰੀ ਇਹ ਪੱਕੀ ਲੀਹ ਤੋਂ ਉੱਤਰ ਕੇ ਕਿਸੀ ਪਗਡੰਡੀ ਉੱਤੇ ਟੁਰਨ ਲੱਗ ਪੈਂਦੀ ਏ। ਪਗਡੰਡੀ ਕਿਹੜੇ ਪਾਸੇ ਮੁੜਦੀ ਏ ? ਕਿਹੜੀ ਮੰਜ਼ਲ ਏ ? ਰਸਤੇ ਵਿੱਚ ਹਰੇ-ਭਰੇ ਖੇਤਾਂ ਵਿੱਚੋਂ ਲੰਘਦੇ ਕਿਹੜੀਆਂ ਬਸਤੀਆਂ ਵਿੱਚੋਂ ਗੁਜ਼ਰਣਾ ਪਏਗਾ... ? ਕਿਤਨਾ ਲੰਮਾ ਪੰਧ ਏ ? ਪੰਧ ਮੁਕਾਂਦੇ ਕਿਹੜੇ ਕਿਹੜੇ ਕਦਮ ਨਾਲ ਆ ਰਲਣਗੇ ? ਛੋਟੇ ਜਿਹੇ ਕੱਦ ਕਾਠ ਛੋਟੇ ਜਿਹੇ ਪੈਰਾਂ ਦੇ ਨਿਸ਼ਾਨਾਂ ਨਾਲ ਵੱਡੇ-ਵੱਡੇ ਕਦਾਵਰ ਬੰਦੇ ਵੱਡੇ-ਵੱਡੇ ਨਿਸ਼ਾਨਦੇਹੀਆਂ ਵਾਲੇ ਕਦਮ-ਕਦੋਂ ਤੇ ਕਿਵੇਂ ਆ ਕੇ ਉਂਗਲ ਵੀ ਫੜ ਟੁਰਨਾ ਸਿਖਾਂਦੇ ਨੇ-ਕਈ ਵਾਰੀ ਕੁਝ ਪਤਾ ਨਹੀਂ ਲੱਗਦਾ-ਸਾਹਿਤ ਦੀ ਇਸ ਫੁਲਵਾੜੀ ਵਲ ਵਗਦੀ ਉਹ ਹਰਿਆਵਲੀ ਪਗਡੰਡੀ ਕਿਹੜੀ ਵਿਧਾ 'ਚੋਂ ਫੁੱਲਾਂ ਦੀ ਚੌਂਕੜੀ ਉੱਤੇ ਤੁਹਾਨੂੰ ਖੜਾ ਕਰ ਦੇਂਦੀ ਏ ਇਸ ਬਾਰੇ ਤਾਂ ਤਕਦੀਰ ਹੀ ਜਾਣੇ।

****

ਮੇਰੇ ਨਾਲ ਵੀ ਕੁਝ ਇਸੇ ਤਰ੍ਹਾਂ ਦਾ ਵਾਪਰਿਆ। ਇਕ ਮੋੜ ਤੋਂ ਮੁੜਨ ਲਈ ਕਦਮ ਹਾਲੀਂ ਚੁੱਕਿਆ ਹੀ ਸੀ, ਦੋ ਤਿੰਨ ਕਹਾਣੀਆਂ ਲਿਖੀਆਂ ਹੀ ਸਨ ਕਿ ਸ੍ਰੀਨਗਰ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਇਕ ਕਹਾਣੀ 'ਉਮਰ ਦਾ ਆਵਾ' ਪੜ੍ਹਨ ਨਾਲ ਕਦਮ ਸਾਹਿਤ ਦੇ ਰਸਤੇ ਵੱਲ ਪੁੱਟਿਆ ਗਿਆ। ਹਾਲੀਂ ਤਾਂ ਇਸ ਰਸਤੇ ਉੱਤੇ ਟੁਰਨਾ ਤਾਂ ਕੀ ਖਲੋਣ ਦੀ ਵੀ ਜ਼ੁਰਅਤ ਨਹੀਂ ਸੀ, ਹਾਲੀਂ ਤਾਂ ਖੜ੍ਹੇ ਹੋਣ ਲਈ ਵੀ ਪੈਰ ਡਗਮਗਾਉਂਦੇ ਸਨ ਕਿ ਮੇਰੇ ਹੱਥਾਂ ਨੂੰ ਪੱਕੇ ਮਜ਼ਬੂਤ ਥੰਮਾਂ ਨੇ ਫੜ ਲਿਆ। ਡਾ. ਅਤਰ ਸਿੰਘ ਤੇ ਸੰਤ ਸਿੰਘ ਸੇਖੋਂ ਸ੍ਰੀਨਗਰ ਹੀ ਦੋਹਾਂ ਨੂੰ ਵਾਪਸੀ ਉੱਤੇ ਜੰਮੂ ਆਪਣੇ ਘਰ ਆਉਣ ਦਾ ਸੱਦਾ ਦੇ ਆਈ ਸਾਂ।

ਡਾ. ਅਤਰ ਸਿੰਘ ਆਏ ਸਨ ਘਰ-ਇਕੱਲੇ...।

ਛੋਟੀ ਬੱਚੀ ਮਿੰਨੀ ਦੱਸ-ਗਿਆਰਾਂ ਕੁ ਸਾਲਾਂ ਦੀ ਨੇ ਦਰਵਾਜ਼ਾ ਖੋਲ੍ਹਿਆ। ਮੈਂ ਸ਼ਾਇਦ ਪਿਛਲੇ ਅੰਦਰ ਸਾਂ। ਉਹ ਤੇਜ਼ ਕਦਮ ਪੁੱਟਦੀ ਆਈ, "ਮੰਮੀ-ਪੰਜਾਬੀ ਦੇ ਲੇਖਕ ਤਾਂ ਨਹੀਂ ਆਏ ਪਰ ਮੰਮੀ ਇਕ ਅੰਕਲ ਆਏ ਨੇ-ਓ-ਮੰਮੀ ! ਹੀ ਇਜ਼ ਸੋ.....ਅ.....ਹੈਂਡ......ਸਮ........।" ਉਸ ਨੇ ਦੋਹੇ ਬਾਹਵਾਂ ਫੈਲਾਅ ਕੇ ਕਿਹਾ।

ਮੈਂ ਵੀ ਤੇਜ਼ੀ ਨਾਲ ਬਾਹਰ ਨਿਕਲੀ ਸਾਂ। ਡਾ. ਅਤਰ ਸਿੰਘ ਛੋਟੇ ਜਿਹੇ ਵਿਹੜੇ ਵਿੱਚ ਖਲੋਤੇ ਸਨ। ਛੇ ਫੁੱਟ ਤੋਂ ਸ਼ਾਇਦ ਉੱਚਾ ਕੱਦ, ਗੋਲ ਭਖ਼ਵਾਂ ਚਿਹਰਾ, ਭਰੀ ਹੋਈ ਸੁਹਜ ਨਾਲ ਸੰਵਾਰੀ ਹੋਈ ਦਾਹੜੀ, ਗੁੰਦਵਾਂ-ਭਰਿਆ ਜਿਸਮ....। ਇਤਨੇ ਵੱਡੇ ਕਦਾਵਰ ਵਿਅਕਤੀ ਨੂੰ ਘਰ ਆਇਆ ਵੇਖ ਮੈਂ ਸ਼ਾਇਦ ਆਪ ਵੀ ਆਪਣੇ ਆਪ ਨੂੰ ਬਹੁਤ ਉੱਚਾ ਮਹਿਸੂਸਿਆ ਸੀ। ਖ਼ੁਸ਼ੀ ਹੋਈ ਸੀ।



"ਮਿੰਨੀ, ਇਹੋ ਹੀ ਪੰਜਾਬੀ ਦੇ ਬਹੁਤ ਵੱਡੇ ਲੇਖਕ ਨੇ।"

"ਮੈਂ ਸੋਚਿਆ, ਸੰਤ ਜੀ ਵਾਂਗ ਦੇ ਹੋਣਗੇ-ਚਿੱਟਾ ਪਾਜਾਮਾ-ਕੁੜਤਾ, ਚਿੱਟੀ ਪੱਗ, ਕਾਲੀ ਵਾਸਕਟ ਤੇ ਗਲ ਵਿੱਚ ਲੰਮੀ ਜਿਹੀ ਚੁੰਨੀ......," ਮਿੰਨੀ ਨੇ ਹੱਸਦੇ-ਹੱਸਦੇ ਕਿਹਾ।

ਡਾ. ਅਤਰ ਸਿੰਘ ਨੇ ਜ਼ੋਰ ਦੀ ਗੜਾਕਾ ਮਾਰਿਆ। ਅਸੀਂ ਸਾਰੇ ਬੜਾ ਹੱਸੇ.....।

ਵੱਡੀ ਬੱਚੀ ਵੀ ਕਾਲਜ ਤੋਂ ਆ ਗਈ ਸੀ। ਨੇਗੀ ਸਾਹਿਬ ਵੀ ਆਫ਼ਿਸ ਤੋਂ ਆ ਗਏ ਸਨ। ਮੈਂ ਤਾਂ ਉਸ ਵੇਲੇ ਅੱਡੀਆਂ ਚੁੱਕ-ਚੁੱਕ ਕੇ ਟੁਰ ਰਹੀ ਸਾਂ।

"ਕਿੰਨੀਆਂ ਕਹਾਣੀਆਂ ਲਿਖੀਆਂ ਤੁਸੀਂ ?"

"ਸਿਰਫ਼ ਤ੍ਰੈ...ਉਮਰ ਦਾ ਆਵਾ, ਅੱਧ ਪਚੱਧੇ ਲੋਕ ਅਤੇ ਪਿੱਠ ਉੱਤੇ ਜੁੜੀਆਂ ਅੱਖਾਂ.....।"

"ਹੁਣੇ ਲਿਖਣਾ ਸ਼ੁਰੂ ਕੀਤੈ....... ?"

"ਬੱਸ ਦੋ ਤ੍ਰੈ ਮਹੀਨਿਆਂ ਤੋਂ ਰੇਡਿਉ ਲਈ ਸਕਰਿਪਟ ਲਿਖਦੀ ਸਾਂ ਨਾ.....।"

ਉਹ ਨਜ਼ਰ ਮਾਰਦੇ ਰਹੇ ਕਹਾਣੀਆਂ ਉੱਤੇ....।

"ਪੰਜਾਬੀ ਲਿਖਣ ਵਿੱਚ ਬੜੀਆਂ ਗਲਤੀਆਂ ਨੇ.....।"

"ਬੱਸ, ਭਾਪਾ ਜੀ ਨੂੰ ਹੀ ਪੰਜਾਬੀ ਵਿੱਚ ਚਿੱਠੀ ਲਿਖੀਦੀ ਸਾਂ।"

"ਇਹ ਤਿੰਨੋਂ ਕਹਾਣੀਆਂ ਮੈਂ ਲੈ ਚਲਿਆਂ, ਇਹਨਾਂ ਨੂੰ ਠੀਕ ਕਰਕੇ ਭੇਜਾਂਗਾ...ਦੁਬਾਰਾ ਲਿਖ ਕੇ 'ਉਮਰ ਦਾ ਆਵਾ' 'ਪ੍ਰੀਤਲੜੀ' ਨੂੰ, 'ਅੱਧ ਪਚੱਧੇ ਲੋਕ', 'ਦਿਸ਼ਾ' ਅਤੇ 'ਪਿੱਠ ਉੱਤੇ ਜੁੜੀਆਂ ਅੱਖਾਂ', 'ਨਾਗਮਣੀ' ਅੰਮ੍ਰਿਤਾ ਜੀ ਨੂੰ ਭੇਜ ਦੇਣਾ।"

"ਕਿਤਾਬਾਂ ਪੜ੍ਹਦੇ ਹੋ.. ?"

"ਨਹੀਂ...ਬੱਸ ਫ਼ਿਲਮ ਫੇਅਰ...ਇਲਸਟਰੇਟਡ ਵੀਕਲੀ......। ਬਹੁਤ ਪਹਿਲਾਂ ਪੰਜਾਬੀ ਦਾ ਇਕ ਨਾਵਲ ਪੜ੍ਹਿਆ ਸੀ 'ਦਾਵਾਨਲ'। ਪਟਿਆਲੇ ਦੀ ਕਿਸੀ ਕੁੜੀ ਨੇ ਲਿਖਿਆ ਸੀ ਤੇ ਜਾਂ ਗਿਆਨੀ ਪੜ੍ਹਨ ਵੇਲੇ ਬਹੁਤ ਪਹਿਲਾਂ ਜਿਹੜੀਆਂ ਕੋਰਸ ਵਿੱਚ ਕਿਤਾਬਾਂ ਲੱਗੀਆਂ ਸਨ।"

ਗੱਲਾਂ-ਗੱਲਾਂ ਵਿੱਚ ਪਟਿਆਲੇ ਨਾਲ ਸਾਂਝ ਜੁੜ ਗਈ ਸੀ। ਉਹ ਵੀ ਤਾਂ ਪਟਿਆਲੇ ਦੇ ਹੀ ਸਨ।

"ਵੈਸੇ ਤਾਂ ਸਾਹਿਤ ਪੜ੍ਹਨਾ ਬਹੁਤ ਜ਼ਰੂਰੀ ਹੈ ਪਰ ਤੁਸੀਂ ਹਾਲੀਂ ਉਸ ਪਾਸੇ ਨਾ ਜਾਉ, ਆਪਣੀਆਂ ਕਹਾਣੀਆਂ ਲਿਖੋ, ਆਪਣੀ ਵਿਧਾ ਦੀਆਂ, ਆਪਣੇ ਪਾਤਰਾਂ ਦੀਆਂ ਕਿਉਂਕਿ ਕਈ ਵਾਰੀ ਨਵੀਂ ਕਲਮ ਫਿਰ ਹੋਰਾਂ ਦੀ ਕਾਪੀ ਕਰਨ ਲੱਗ ਪੈਂਦੀ ਹੈ। ਤੁਸੀਂ ਆਪਣੇ ਤਰੀਕੇ ਦੀ ਆਪ ਕਹਾਣੀ ਸਿਰਜੋ..ਹੌਲੀ ਹੌਲੀ ਪੁਖ਼ਤਗੀ ਵੀ ਆ ਜਾਏਗੀ।"

ਅਸੀਂ ਸਾਰੇ ਬੈਠੇ ਉਨ੍ਹਾਂ ਦੀਆਂ ਗੱਲਾਂ ਚਾਹ ਦੀਆਂ ਚੁਸਕੀਆਂ ਨਾਲ ਸੁਣਦੇ ਰਹੇ।

ਹਫ਼ਤੇ ਬਾਅਦ ਹੀ (ਲਾਲ ਪੈੱਨ ਨਾਲ ਗਲਤੀਆਂ ਸੋਧੀਆਂ ਹੋਈਆਂ) ਕਹਾਣੀਆਂ ਵਾਪਸ ਆ ਗਈਆਂ ਅਤੇ ਨਾਲ ਹੀ ਕਹਾਣੀ ਲਿਖਣਾ ਜਾਰੀ ਰੱਖਣ ਲਈ ਲੰਮੀ ਸਾਰੀ ਚਿੱਠੀ। (ਕਾਸ਼ ! ਉਹ ਚਿੱਠੀ ਸਾਂਭੀ ਹੋਈ ਹੁੰਦੀ) ਕਹਾਣੀ ਲਿਖਣ ਲਈ ਹਮੇਸ਼ਾ ਮੈਨੂੰ ਉਤਸ਼ਾਹ ਦੇਂਦੇ ਰਹੇ। ਇਕ ਵਾਰੀ ਲਿਖਿਆ-"ਤੁਹਾਨੂੰ ਕਹਾਣੀ ਲਿਖਣ ਲਈ ਪ੍ਰੇਰਨਾ ਜਾਂ ਉਤਸ਼ਾਹ ਨਹੀਂ-ਇਹ ਤਾਂ ਸ੍ਰੀਨਗਰ ਵਿੱਚ ਇਕ ਕਹਾਣੀਕਾਰ ਦੀ ਖੋਜ ਸਾਡੀ ਉਪਲਭਧੀ ਹੈ, ਮੇਰੀ ਤੇ ਸੇਖੋਂ ਦੀ......।"

ਕਹਾਣੀਆਂ ਛਪਣ ਲੱਗ ਪਈਆਂ, ਕੋਈ ਕਹਾਣੀ ਵੀ ਕਦੀ ਵਾਪਸ ਨਾ ਆਈ।

****

ਵੱਡੀ ਬੇਟੀ ਦਾ ਰਿਸ਼ਤਾ ਚੰਡੀਗੜ੍ਹ ਹੋਇਆ। ਮੈਂ ਤੇ ਜਸ ਜੀ (ਨੇਗੀ ਸਾਹਿਬ) ਡਾ. ਅਤਰ

ਸਿੰਘ ਨੂੰ ਮਿਲਣ ਗਏ ਸਾਂ।'ਮੇਰੀ ਆਪਾ ਮੋੜ ਦੇ' ਪਹਿਲੀ ਕਿਤਾਬ ਭੇਂਟ ਕੀਤੀ ਤਾਂ ਬੇਹੱਦ ਖ਼ੁਸ਼ ਹੋਏ। "ਹਾਲੀਂ ਇਸ ਕਿਤਾਬ ਬਾਰੇ ਮੈਂ ਕੁਝ ਨਹੀਂ ਲਿਖਾਂਗਾ-ਬੱਸ ਸਫ਼ਰ ਜਾਰੀ ਰੱਖੋ-ਕਹਾਣੀਆਂ ਲਿਖਦੇ ਜਾਉ.....ਹੁਣ ਪਿੱਛੇ ਨਹੀਂ ਹਟਣਾ, ਮੁੜ ਕੇ ਨਹੀਂ ਵੇਖਣਾ......ਹੁਣ ਪੰਜਾਬੀ ਸਾਹਿਤ ਪੜ੍ਹੋ......ਹੋਰ ਸਾਹਿਤ ਵੀ ਜੋ ਚੰਗੀ ਕਿਤਾਬ ਮਿਲੇ ਪੜ੍ਹੋ....।"

'ਚਿਤੁ ਗੁਪਤੁ' ਕਹਾਣੀ ਜਦੋਂ 'ਨਾਗਮਣੀ' ਵਿੱਚ ਛਪੀ ਤਾਂ ਚਿੱਠੀ ਆਈ, "ਇਹ ਸਰਮਾਏਦਾਰੀ ਦੇ ਨਾ ਮਰਨ ਦੀ ਸਿੰਬਾਲਕ ਕਹਾਣੀ ਤੁਹਾਡੀ ਆਪਣੀ ਵਿਧਾ ਏ...ਜਾਂ ਇਸ ਤਰ੍ਹਾਂ ਦੀ ਕੋਈ ਕਹਾਣੀ ਪੜ੍ਹੀ ਏ ?" ਤੇ ਮੈਨੂੰ ਸਿੰਬਾਲਕ ਕਹਾਣੀ ਬਾਰੇ ਕੁਝ ਪਤਾ ਹੀ ਨਹੀਂ ਸੀ। ਮੈਂ ਤਾਂ ਬੱਸ ਕਹਾਣੀ ਹੀ ਲਿਖਦੀ ਸਾਂ ਜਿਵੇਂ ਅੰਦਰੋਂ ਫੁਟਦੀ ਸੀ। ਫੇਰ ਉਹ ਜੰਮੂ ਯੂਨੀਵਰਸਿਟੀ ਆਏ ਸਨ। ਮੈਨੂੰ ਪੁੱਛਿਆ :

"ਹੋਰ ਲਿਖੀਆਂ ਕਹਾਣੀਆਂ ?"

"ਜੀ, ਸੋਲ੍ਹਾਂ ਸਤਾਰਾਂ......।"

ਤੇ ਉਹ 'ਚਿਤੁ ਗੁਪਤੁ' ਦਾ ਖਰੜਾ ਲੈ ਗਏ ਤੇ ਮੁਖਬੰਧ ਲਿਖਿਆ। ਹੁਣ ਉਹ ਮੁਖਬੰਧ ਪੜ੍ਹਦੀ ਹਾਂ ਤਾਂ ਸੋਚਦੀ ਹਾਂ, ਡਾ. ਸਾਹਿਬ ਨੇ ਹਰ ਇਕ ਕਹਾਣੀ ਦੇ ਹਰ ਪਾਤਰ ਨੂੰ ਕਿੰਨੀ ਚੰਗੀ ਤਰ੍ਹਾਂ ਘੋਖ-ਪਰਖ ਕੇ ਮੁਖਬੰਧ ਲਿਖਿਆ ਸੀ।

ਮੈਨੂੰ ਡਾ. ਅਤਰ ਸਿੰਘ ਜੀ ਨੇ ਸਾਹਿਤ ਸੜਕ ਉੱਤੇ ਇਸ ਤਰ੍ਹਾਂ ਕਦਮ ਪੁੱਟਣੇ ਸਿਖਾਏ ਜਿਵੇਂ ਕਿਸੀ ਬੱਚੇ ਦੇ ਡਗਮਗਾਂਦੇ ਕਦਮਾਂ ਨੂੰ ਉਂਗਲੀ ਦਾ ਸਹਾਰਾ ਦੇ ਕੇ ਕੋਈ ਟੁਰਨਾ ਸਿਖਾਂਦਾ ਹੋਏ।

ਇਕ ਵਾਰੀ ਜੰਮੂ ਬੱਚੀ ਦੀ ਸ਼ਾਦੀ ਦੀਆਂ ਤਿਆਰੀਆਂ ਸਨ। ਡਾ. ਅਤਰ ਸਿੰਘ ਜੀ ਯੂਨੀਵਰਸਿਟੀ ਆਏ ਤਾਂ ਮੇਰੇ ਘਰ ਵੀ ਆਏ। ਮੇਰੀ ਮਾਂ ਨੂੰ ਵਿਹੜੇ ਵਿੱਚ ਬੈਠੀ ਵੇਖਿਆ। ਮੈਂ ਤਾਂ ਡਿਉਢੀ ਵਿੱਚ ਸਵਾਗਤ ਵਜੋਂ ਖਲੋਤੀ ਹੀ ਰਹਿ ਗਈ। ਉਨ੍ਹਾਂ ਤੇਜ਼ੀ ਨਾਲ ਅੱਗੇ ਵਧ ਕੇ ਮਾਂ ਦੇ ਪੈਰਾਂ 'ਤੇ ਮੱਥਾ ਟੇਕਿਆ, "ਮਾਮੀ ਜੀ ਤੁਸੀਂ ਇਥੇ ਕਿਸ ਤਰ੍ਹਾਂ ?"

ਮੈਂ ਹੱਕੀ-ਬੱਕੀ ਖਲੋਤੀ ਰਹੀ।

"ਝਾਈ ਜੀ ਤੁਸੀਂ ਸਿਹਾਣਦੇ ਹੋ ਡਾਕਟਰ ਸਾਹਿਬ ਨੂੰ...... ?"

"ਲੈ....ਬੇ ਨਵੀਂ ਦਾ ਜੁਆਈ ਐ ਨਾ........।"

"ਮੈਨੂੰ ਤਾਂ ਪਤਾ ਹੀ ਨੀਂ..... ਨਿਰਮਲ ਦਾ ਹਸਬੈਂਡ.... ?"

"ਤੇ ਹੋਰ ਕੇ ?"

"ਇਹ ਚੰਦਨ......ਤੁਹਾਡੀ ਧੀ ?"

(ਬੇ ਨਵੀਂ ਮੇਰੇ ਭਾਪਾ ਜੀ ਦੀ ਧਰਮ ਭੈਣ)

'ਚਿਤੁ ਗੁਪਤੁ' ਛੱਪ ਗਈ ਸੀ। ਅਖ਼ਬਾਰਾਂ ਵਿੱਚ ਰਿਵਿਊ ਵੀ ਆਏ ਸਨ। ਹਰ ਚਿੱਠੀ ਵਿੱਚ ਕਹਾਣੀਆਂ ਦਾ ਹੀ ਜ਼ਿਕਰ ਹੁੰਦਾ, ਹੋਰ ਲਿਖਣ ਲਈ ਉਤਸ਼ਾਹ....ਉਤਸ਼ਾਹ....ਹੱਲਾਸ਼ੇਰੀ।

****

ਡਾ. ਅਤਰ ਸਿੰਘ ਨੇ 1955 'ਚ ਪੰਜਾਬੀ ਦੀ ਸਾਹਿਤਕ ਵਿਦਵਤਾ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਏ. (ਪੰਜਾਬੀ) ਫਸਟ ਕਲਾਸ ਪੋਜੀਸ਼ਨ 'ਚ ਕੀਤੀ। ਪ੍ਰੋ. ਪ੍ਰੀਤਮ ਸਿੰਘ ਤੇ ਪ੍ਰਿ. ਸੰਤ ਸਿੰਘ ਸੇਖੋਂ ਦੇ ਪੱਥ ਪ੍ਰਦਰਸ਼ਨ ਰਾਹੀਂ ਆਪਣੇ ਬੌਧਿਕਤਾ ਦੇ ਮਾਰਗ 'ਤੇ ਤੁਰਦਿਆਂ ਹਰ ਕਦਮ 'ਤੇ ਆਪਣੀ ਮੌਲਿਕ ਪ੍ਰਤਿਭਾ ਦਾ ਨਿਰਮਾਣ ਕੀਤਾ। ਬਾਬਾ ਫਰੀਦ ਚੇਅਰ ਦੇ ਮੁਖੀ ਡਾ. ਅਤਰ ਸਿੰਘ ਚੁਸਤ, ਫਬਵੀਂ ਪੋਸ਼ਾਕ, ਸਲੀਕੇਦਾਰ ਅਫ਼ਸਰੀ ਲਹਿਜਾ ਤੇ



ਧਾਰਾਵਾਹਕ ਵਿਚਾਰ-ਪ੍ਰਵਾਹ ਵਾਲੇ ਸ਼ਖ਼ਸ ਸਨ। ਉਨ੍ਹਾਂ ਦੀਆਂ ਪੁਸਤਕਾਂ ਹਨ : ਕਾਵਿ ਅਧਿਅਨ (1959), ਦ੍ਰਿਸ਼ਟੀਕੋਣ (1963), ਸਮਦਰਸ਼ਨ (1975), ਸਾਹਿਤ ਸੰਵੇਦਨਾ (1984) ਉਨ੍ਹਾਂ ਦੀ ਈਮਾਨਦਾਰੀ ਬਾਰੇ ਉਨ੍ਹਾਂ ਦੇ ਸਹਾਇਕ ਅਵਤਾਰ ਸਿੰਘ ਪਤੰਗ ਦੇ ਸ਼ਬਦ ਯਾਦਾਂ 'ਚ ਕਿਧਰੇ ਵਸ ਗਏ ਹਨ : ਉਨ੍ਹਾਂ ਸਰਕਾਰੀ ਪੈਸੇ ਨੂੰ ਕਦੀ ਹੱਥ ਨਹੀਂ ਲਾਇਆ। ਸਾਰੀ ਉਮਰ ਅਧਿਆਪਨ ਤੇ ਅਧਿਐਨ ਨੂੰ ਪ੍ਰਣਾਏ ਰਹੇ। ਸਿਆਸਤ ਵਿੱਚ ਗ੍ਰਹਿਗੱਚ ਰਹਿ ਕੇ ਵੀ ਉਨ੍ਹਾਂ ਆਪਣੇ ਕਿਸੇ ਬੱਚੇ ਨੂੰ ਸਰਕਾਰੀ ਨੌਕਰੀ 'ਤੇ ਨਹੀਂ ਲੁਆਇਆ। ਆਪਣਾ ਮਕਾਨ ਨਹੀਂ ਬਣਾਇਆ। ਅੰਤਿਮ ਸਮੇਂ ਤੱਕ ਉਹ ਕਿਰਾਏਦਾਰ ਹੀ ਰਹੇ। ਇਕ ਦਿਨ ਮੈਂ ਡਾਕਟਰ ਸਾਹਿਬ ਨੂੰ ਮਕਾਨ ਨਾ ਬਣਾਉਣ ਦਾ ਕਾਰਨ ਪੁੱਛਿਆ। ਉਨ੍ਹਾਂ ਨੇ ਆਪਣੀ ਮਜ਼ਬੂਰੀ ਨੂੰ ਮਜ਼ਾਕੀਆ ਲਹਿਜੇ 'ਚ ਬਿਆਨ ਕਰਦਿਆਂ ਕਿਹਾ, "ਪ੍ਰਿ. ਸੰਤ ਸਿੰਘ ਸੇਖੋਂ, ਮੈਨੂੰ ਤੇ ਪ੍ਰੋ. ਮੋਹਨ ਸਿੰਘ ਨੂੰ ਸਾਰੀ ਉਮਰ ਇਹੀ ਕਹਿੰਦੇ ਰਹੇ, ਮਕਾਨ 'ਤੇ ਪੈਸੇ ਨਾ ਖਰਚਿਉ-ਕੋਈ ਫਾਇਦਾ ਨਹੀਂ, ਇਨਕਲਾਬ ਆਉਣ ਵਾਲਾ ਹੈ।" ਮੈਂ ਉਨ੍ਹਾਂ ਦੀ ਗੱਲ ਮੰਨ ਲਈ ਤੇ ਇਸੇ ਲਈ ਸਾਰੀ ਉਮਰ ਬੇ-ਘਰ ਹੀ ਰਿਹਾ। ਮੋਹਨ ਸਿੰਘ ਨੇ ਤਾਂ ਇਨਕਲਾਬ ਦੀ ਉਡੀਕ ਕਰਕੇ ਲੁਧਿਆਣੇ ਇੱਟਾਂ ਸੁਟਵਾ ਲਈਆਂ ਤੇ ਹੌਲੀ-ਹੌਲੀ ਮਕਾਨ ਬਣਾ ਲਿਆ। ਪ੍ਰਿੰ. ਸੇਖੋਂ ਦੀ ਦਾਖੇ ਜੱਦੀ ਪੁਸ਼ਤੀ ਹਵੇਲੀ ਹੈ ਹੀ ਸੀ।"

****

ਅਸੀਂ ਦਿੱਲੀ ਆ ਗਏ ਸਾਂ। ਡਾ. ਸਾਹਿਬ ਦਿੱਲੀ ਕਈ ਵਾਰੀ ਘਰ ਆਏ, ਅਸੀਂ ਜਦੋਂ ਵੀ ਚੰਡੀਗੜ੍ਹ ਬੱਚੀ ਕੋਲ ਗਏ ਡਾ. ਅਤਰ ਸਿੰਘ ਜੀ ਦੇ ਘਰ ਜਾਂਦੇ ਰਹੇ। ਹੁਣ ਤਾਂ ਪਰੀਵਾਰਕ ਸਾਂਝ ਸੀ, ਰਿਸ਼ਤਾ ਸੀ। ਚਾਰ ਕਹਾਣੀ ਸੰਗ੍ਰਹਿ ਹੋਰ ਛਪ ਗਏ। ਕਈ ਵਾਰੀ ਅਸੀਂ ਦੋਹੇ (ਜਸ ਜੀ) ਉਨ੍ਹਾਂ ਨੂੰ ਸਾਹਿਤ ਅਕੈਡਮੀ ਦਿੱਲੀ ਵੀ ਮਿਲਣ ਗਏ ਸਾਂ। ਮੈਨੂੰ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਪ੍ਰਭਜੋਤ ਕੌਰ ਨਾਲ ਡਾ. ਅਤਰ ਸਿੰਘ ਨੇ ਹੀ ਮਿਲਾਇਆ ਸੀ।

ਫੇਰ-ਇਕ ਕਦਮ ਹੋਰ.......:

ਡਾ. ਵਣਜਾਰਾ ਬੇਦੀ ਜੀ ਨੂੰ ਮੈਨੂੰ ਪੰਜਾਬੀ ਸਭਿਆਚਾਰ ਬਾਰੇ ਆਪਣੀਆਂ ਸਾਰੀਆਂ ਕਿਤਾਬਾਂ ਦੇ ਗਏ ਸਨ ਕਿ ਮੈਂ ਪੜ੍ਹ ਕੇ ਡੋਗਰੀ ਸਭਿਆਚਾਰ ਬਾਰੇ ਉਸੀ ਤਰ੍ਹਾਂ ਦਾ ਕੰਮ ਕਰਾਂ।

ਚੰਡੀਗੜ੍ਹ ਗਈ, ਰਾਤ ਦਾ ਖਾਣਾ ਡਾ. ਸਾਹਿਬ ਦੇ ਘਰ ਸੀ। ਮੈਂ ਉਨ੍ਹਾਂ ਨੂੰ ਵਣਜਾਰਾ ਜੀ ਬਾਰੇ ਦੱਸਿਆ। ਪਹਿਲਾਂ ਤਾਂ ਉਹ ਗੁੱਸੇ ਹੋਏ, "ਤੁਹਾਡਾ ਇਹ ਫੀਲਡ ਕਿੱਥੋਂ ਆਇਆ ? ਤੁਹਾਨੂੰ ਸਮਝ ਕੀ ਏ ਲੋਕ ਧਾਰਾ ਦੀ...... ? ਜੇ ਡੋਗਰੀ ਸਭਿਆਚਾਰ ਬਾਰੇ ਕੁਝ ਨਾਲਜ ਹੈ ਤਾਂ ਨਾਵਲ ਲਿਖੋ......।"

ਅੱਖਾਂ ਫਾੜ ਕੇ ਵੇਖਣ ਲੱਗ ਪਈ ਸਾਂ, ਨਰਵਸ ਜਿਹੀ ਹੋ ਗਈ ਸਾਂ... "ਮੈਂ ਨਾਵਲ...... ? ਇਤਨਾ ਵੱਡਾ ਕੰਮ ਮੈਂ ਕਿਸ ਤਰ੍ਹਾਂ ਕਰ ਸਕਦੀ ਆਂ... ? ਬੜਾ ਮੁਸ਼ਕਲ ਏ.....!"

"ਕੁਝ ਮੁਸ਼ਕਲ ਨਹੀਂ-ਬੱਸ ਇਕ ਵਾਰੀ ਪੱਕਾ ਇਰਾਦਾ ਕਰ ਲਉ.....ਕਹਾਣੀਆਂ ਦੇ ਪਲਾਟ ਤੁਹਾਡੇ ਕੋਲ ਬਹੁਤ ਨੇ......।" ਤੇ ਇਹ ਕਹਿੰਦੇ ਉਹ ਉਪਰ ਆਪਣੀ ਲਾਇਬ੍ਰੇਰੀ ਵਿੱਚ ਚਲੇ ਗਏ। ਮੋਹਨ ਕਾਹਲੋਂ ਦੇ ਦੋ ਨਾਵਲ 'ਬੇੜੀ ਤੇ ਬਰੇਤਾ' ਅਤੇ 'ਮੱਛਲੀ ਇਕ ਦਰਿਆ ਦੀ' ਹੱਥ ਵਿੱਚ ਫੜੀ ਮੇਰੇ ਨੇੜੇ ਬੈਠ ਗਏ।

"ਲਉ, ਇਹ ਪੜ੍ਹ ਲਉ......ਤੇ ਕਿਸੀ ਕਹਾਣੀ ਨੂੰ ਡੋਗਰੀ ਸਭਿਆਚਾਰ ਨਾਲ ਜੋੜ ਕੇ ਨਾਵਲ ਲਿਖੋ...ਲਿਖ ਲਉ, ਮੈਂ ਵੇਖ ਲਵਾਂਗਾ।"

ਹੈਰਾਨ ਜਿਹੀ, ਪ੍ਰੇਸ਼ਾਨ ਜਿਹੀ-ਮੈਂ ਦੋਹੇਂ ਨਾਵਲ ਫੜ ਲਏ। ਬੋਲੀ ਕੁਝ ਵੀ ਨਾ, ਨਿਰਮਲ ਭੈਣ ਨੇ ਟੇਬਲ 'ਤੇ ਰੋਟੀ ਲਗਾ ਦਿੱਤੀ ਸੀ।

ਗੌਰਾਂ ਪਾਤਰ ਬਹੁਤ ਦੇਰ ਤੋਂ ਜ਼ਿਹਨ ਵਿੱਚ ਵਸਿਆ ਸੀ ਸੋ ਨਾਵਲ ਕਾਗਜ਼ਾਂ ਉੱਤੇ ਲਕੀਰਿਆ ਗਿਆ। ਬਹੁਤ ਬੇਚੈਨ ਰਹੀ, ਬੇਹੱਦ ਰੋਈ ਨਾਵਲ ਲਿਖਦਿਆਂ ਪਰ ਉਸਰਦਾ ਹੀ ਗਿਆ।

ਖਰੜਾ ਤਿਆਰ ਹੋ ਗਿਆ। ਡਾ. ਸਾਹਿਬ ਦਿੱਲੀ ਘਰ ਆਏ, ਖਰੜਾ ਲੈ ਗਏ। ਦੋ ਤਿੰਨ ਮਹੀਨਿਆਂ ਬਾਅਦ ਖਰੜਾ ਵਾਪਸ ਲੈ ਕੇ ਆਏ.....“ਬਹੁਤ ਚੰਗਾ ਲਿਖਿਐ ਨਾਵਲ....ਪਰ ਤੁਸਾਂ ਗੌਰਾਂ ਮਾਰ ਕਿਉਂ ਦਿੱਤੀ ਏ...? ਮਰ ਕੇ ਤਾਂ ਉਸ ਦੇ ਜੀਵਨ ਦੇ ਸੰਘਰਸ਼ ਦਾ ਅੰਤ ਹੋ ਗਿਆ..ਗੌਰਾਂ ਦੀ ਮੌਤ ਠੀਕ ਨਹੀਂ......ਇਕ ਤਾਂ ਇਸੀ ਖਰੜੇ ਨੂੰ ਦੁਬਾਰਾ ਲਿਖੋ....ਦੂਜਾ ਇਸ ਦਾ ਅੰਤ ਗੌਰਾਂ ਦੀ ਮੌਤ ਨਾਲ ਨਹੀਂ ਹੋਣਾ ਚਾਹੀਦਾ....ਅੰਤ ਬਦਲੋ....।”

“ਦੁਬਾਰਾ ਲਿਖਣਾ ਤਾਂ ਬਹੁਤ ਮੁਸ਼ਕਲ ਏ...ਤੁਹਾਨੂੰ ਨ੍ਹੀਂ ਪਤਾ ਮੈਂ ਕਿਤਨਾ ਰੋਈ ਆਂ....ਅੱਧੀ ਅੱਧੀ ਰਾਤੀਂ ਉੱਠ ਕੇ ਜਸ ਜੀ ਦੇ ਨੱਕ ਅੱਗੇ ਹੱਥ ਰੱਖ ਕੇ ਵੇਖਦੀ ਸਾਂ ਕਿਧਰੇ ਇਨ੍ਹਾਂ ਨੂੰ ਤਾਂ ਕੁਝ ਨਹੀਂ ਹੋ ਗਿਆ.....? ਸਾਹ ਆ ਰਿਹੈ ਨਾ....? ਬੜੀ ਟੈਨਸ਼ਨ ਹੰਢਾਈ ਏ....ਹਾਂ ਅੰਤ ਬਦਲ ਦੇਨੀ ਆ....।”

ਮੈਂ ਇਹ ਨਾਵਲ ਡਾ. ਅਤਰ ਸਿੰਘ ਜੀ ਨੂੰ ਹੀ ਸਮਰਪਿਤ ਕਰਨਾ ਚਾਹੁੰਦੀ ਸਾਂ ਪਰ ਉਹ ਕਹਿਣ ਲੱਗੇ, “ਨਹੀਂ, ਮੈਂ ਹਾਲੀਂ ਇਤਨਾ ਬੁੱਢਾ ਨਹੀਂ ਹੋਇਆ... ਨਾਲੇ ਹਾਲੀਂ ਤਾਂ ਸ਼ੁਰੂਆਤ ਏ।” ਕੀ ਪਤਾ ਸੀ ਉਤਨਾ ਬੁੱਢਾ ਹੋਣ ਦਾ ਸਮਾਂ ਹੀ ਨਹੀਂ ਸੀ ਆਉਣਾ। ਹੁਣ ‘ਸੁਕੇ ਕਾਸਟ’ ਅਗਲਾ ਨਾਵਲ ਉਨ੍ਹਾਂ ਦੀ ਯਾਦ ਨੂੰ ਹੀ ਸਮਰਪਿਤ ਕਰਾਂਗੀ।

“ਭਾਪਾ ਪ੍ਰੀਤਮ ਸਿੰਘ ਜੀ ਨੂੰ ਜਾ ਕੇ ਦੇਣਾ ਕਿ ਮੈਂ ਭੇਜਿਆ ਹੈ ਇਹ ਨਾਵਲ......।”

ਅੰਤ ਬਦਲਿਆ, ਭਾਪਾ ਜੀ ਨੂੰ ਨਾਵਲ ਦੇ ਆਈ, ਪਰ ਦੋ ਤਿੰਨ ਮਹੀਨਿਆਂ ਬਾਅਦ ਆਰਸੀ ਪਬਲੀਕੇਸ਼ਨ ਤੋਂ ਵਾਪਸ ਆ ਗਿਆ।

“ਕੋਈ ਗੱਲ ਨਹੀਂ, ਤੁਸੀਂ ‘ਨਿਊ ਏਜ਼’ ਵਾਲਿਆਂ ਤੋਂ ਹੀ ਛਪਵਾ ਲਉ, ਡਿਸਹਰਟਡ ਨਹੀਂ ਹੋਣਾ.... ਘਬਰਾਉਣਾ ਨਹੀਂ। ਇਸ ਨਾਵਲ ਦੀ ਕਦਰ ਤਿੰਨ ਚਾਰ ਸਾਲਾਂ ਬਾਅਦ ਪਏਗੀ,” ਡਾ. ਸਾਹਿਬ ਨੇ ਮੇਰੀ ਚਿੱਠੀ ਦੇ ਜੁਆਬ ਵਿੱਚ ਲਿਖਿਆ ਸੀ।

‘ਜਲ ਬਿਨ ਕੁੰਭ’ ਛੱਪ ਗਿਆ। ਚਿੱਠੀ ਆਈ, “ਮੈਂ ਇਸ ਬਾਰੇ ਕੁਝ ਨਹੀਂ ਲਿਖਾਂਗਾ, ਵੇਖਦਾ ਹਾਂ ਕੀ ਹੁੰਦਾ ਹੈ।”

ਡਾ. ਹਰਿਭਜਨ ਸਿੰਘ ਦਾ ਜਦੋਂ ਨਾਵਲ ‘ਜਲ ਬਿਨ ਕੁੰਭ’ ਬਾਰੇ ਲੇਖ ‘ਆਰਸੀ’ ਵਿੱਚ ਛਪਿਆ ਤਾਂ ਡਾ. ਅਤਰ ਸਿੰਘ ਬੇਹੱਦ ਖ਼ੁਸ਼ ਹੋਏ ਤੇ ਲਿਖਿਆ, “ਹੁਣ ਇਸੀ ਰਸਤੇ ਟੁਰਦੇ ਜਾਉ।”

ਨਾਵਲ ਬਹੁਤ ਸਲਾਹਿਆ ਗਿਆ। ਨਾਵਲ ਨੂੰ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਗਲਪ ਪੁਰਸਕਾਰ ਨਾਲ ਸਨਮਾਨਿਆ ਗਿਆ। ਉਹਦੋਂ ਉਹ ਬੇਹੱਦ ਕਮਜ਼ੋਰ ਸਨ, ਬੜੀ ਬੀਮਾਰੀ ਤੋਂ ਉੱਠੇ ਸਨ। ਬੇਹਦ ਖ਼ੁਸ਼ ਹੋਏ ਸਨ–“ਇਹ ਮੀਲ ਪੱਥਰ ਸਾਬਤ ਹੋਏਗਾ ਤੁਹਾਡੇ ਸਾਹਿਤਕ ਸਫਰ ਵਿਚ...।” ਪਤਾ ਨਹੀਂ ਉਹ ਮੈਨੂੰ ਮੁਬਾਰਕ ਦੇਣ ਹੀ ਦਿੱਲੀ ਆਏ ਸਨ ਜਾਂ ਕਿਸੀ ਹੋਰ ਕੰਮ ਵੀ। ਸਾਨੂੰ ਉਹਨਾਂ ਪੰਜਾਬ ਭਵਨ ਬੁਲਾਇਆ ਸੀ। ਪੰਜਾਬ ਭਵਨ ਦੇ ਸਾਹਮਣੇ ਹੀ ਕੱਪਰਨੀਕਸ ਮਾਰਗ ਉੱਤੇ ਹਾਲ ਵਿੱਚ ਇਨਾਮ ਲੈਣ ਤੋਂ ਪਹਿਲਾਂ ਅਸੀਂ (ਮੈਂ, ਜਸ ਜੀ, ਮੇਰੀਆਂ ਬੱਚੀਆਂ) ਡਾ. ਸਾਹਿਬ ਨੂੰ ਮਿਲਣ ਤੇ ਥਾਪੜਾ ਲੈਣ ਗਏ ਸਾਂ।

ਇਨ੍ਹੀਂ ਦਿਨੀਂ ਮੈਂ ਉਨ੍ਹਾਂ ਦਾ ਲੇਖ ‘ਮੈਂ ਤੇ ਮੇਰੀ ਕਲਮ’ ਪੜ੍ਹਿਆ ਸੀ। ਕੁਝ ਸਤਰਾਂ ਨੂੰ ਅੰਡਰਲਾਈਨ ਕੀਤਾ ਹੋਇਆ। ਹੁਣ ਵੀ ਯਾਦ ਹਨ :

ਲੇਖਕ, ਕਲਾਕਾਰ ਅਤੇ ਅਧਿਆਪਕ ਆਮ ਤੌਰ ’ਤੇ ਆਤਮ-ਪ੍ਰੇਮੀ ਹੁੰਦੇ ਹਨ, ਆਪਣੇ ਤੁਲ



ਕਿਸੇ ਹੋਰ ਨੂੰ ਨਹੀਂ ਸਿਆਣਦੇ।.......ਸਾਹਿਤ ਦੀ ਪਦਵੀ ਨੂੰ ਉਹੀ ਬੋਲ ਜਾਂ ਲਿਖਤਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿੱਚ ਨਿੱਤ ਨਵੇਂ ਅਰਥ ਦੇਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਤੇ ਜਿਨ੍ਹਾਂ ਦਾ ਹਰ ਨਵਾਂ ਅਰਥ ਪਹਿਲੇ ਅਰਥਾਂ ਨੂੰ ਹੋਰ ਨਵੀਂ ਵਿਸ਼ਾਲਤਾ ਤੇ ਗਹਿਰਾਈ ਦੇਂਦਾ ਹੈ, ਨਾ ਕਿ ਉਨ੍ਹਾਂ ਦਾ ਨਕਾਰਣ ਕਰਦਾ ਹੈ। ਜਿਨ੍ਹਾਂ ਬੋਲਾਂ ਦੇ ਅਰਥ ਪੁਗ ਜਾਣ ਉਹ ਨਿਖੁੱਟ ਜਾਂਦੇ ਹਨ ਤੇ ਅਜਿਹੀਆਂ ਕਲਾਸੀਕਲ ਰਚਨਾਵਾਂ ਬਣ ਕੇ ਰਹਿ ਜਾਂਦੇ ਹਨ ਜਿਨ੍ਹਾਂ ਦੀ ਸ਼ੋਭਾ ਹਰ ਕੋਈ ਕਰਦਾ ਹੈ ਪਰ ਜਿਨ੍ਹਾਂ ਨੂੰ ਪੜ੍ਹਦਾ ਕੋਈ ਨਹੀਂ........ਮੇਰੀ ਜ਼ਿੰਦਗੀ ਵਿੱਚ ਸ਼ਾਇਦ ਮੇਰੇ ਬਾਪੂ ਤੋਂ ਵਧੇਰੇ ਕਠੋਰ ਕਿਸੇ ਬੰਦੇ ਨਾਲ ਮੇਰਾ ਵਾਹ ਨਹੀਂ ਪਿਆ........ਮੇਰੀ ਸਾਹਿਤਕ ਸੋਝੀ ਨੂੰ ਜਗਾਉਣ ਵਿੱਚ ਸਭ ਤੋਂ ਵੱਡਾ ਹੱਥ ਮੈਂ ਗਿਆਨੀ ਮੇਹਰ ਸਿੰਘ ਦਾ ਹੀ ਮੰਨਦਾ ਹਾਂ ਕਿਉਂਕਿ ਉਸ ਦੀ ਪ੍ਰੇਰਨਾ ਦੁਆਰਾ ਹੀ ਮੈਂ ਬੋਲਾਂ ਦੀ ਦੁਨੀਆ ਵਿੱਚੋਂ ਨਿਕਲ ਕੇ ਸ਼ਬਦਾਂ ਦੀ ਦੁਨੀਆ ਵਿੱਚ ਪੁੱਜਾ ਜਿੱਥੇ ਸਾਹਿਤ ਵਿੱਚ ਗੱਲ ਜੋੜਨ ਜਾਂ ਪੇਸ਼ਕਾਰੀ ਤੇ ਅਦਾਇਗੀ ਨਾ ਰਹਿ ਕੇ ਵਿਅਕਤੀਗਤ ਪਾਠ ਬਣਨਾ ਸ਼ੁਰੂ ਹੋਇਆ। ਗਿਆਨੀ ਮੇਹਰ ਸਿੰਘ ਸਕੂਲ ਦੀ ਲਾਇਬ੍ਰੇਰੀ ਦੇ ਪੰਜਾਬੀ ਸੈਕਸ਼ਨ ਦਾ ਇੰਚਾਰਜ ਸੀ। ਉਸ ਨੇ ਮੈਨੂੰ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਧਨੀ ਰਾਮ ਚਾਤ੍ਰਿਕ, ਕਾਲੀ ਦਾਸ ਗੁਜਰਾਂਵਾਲੀਆ, ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਭਾਈ ਮੋਹਨ ਸਿੰਘ ਵੈਦ ਆਦਿ ਦੀਆਂ ਲਿਖਤਾਂ ਦਾ ਝੱਸ ਹੀ ਨਹੀਂ ਪਾਇਆ ਸਗੋਂ ਮਾਸਟਰ ਅਭੈ ਸਿੰਘ, ਨਰਿੰਦਰ ਸਿੰਘ ਸੋਚ ਤੇ ਸੋਹਨ ਸਿੰਘ ਜੋਸ਼ ਦੇ ਸੰਖੇਪ ਅਨੁਵਾਦਾਂ ਦੁਆਰਾ, ਅੰਗਰੇਜ਼ੀ, ਫਰਾਂਸੀਸੀ, ਰੂਸੀ ਤੇ ਬੰਗਾਲੀ ਨਾਵਲਾਂ, ਕਹਾਣੀਆਂ ਨਾਲ ਵੀ ਜਾਣ ਪਛਾਣ ਕਰਵਾਈ। ਪਿੰਡ ਦੇ ਗੁਰਦਵਾਰੇ ਤੋਂ ਮੈਨੂੰ ਗੁਰਬਾਣੀ ਦੀ ਮਨੋਰਮਤਾ ਦਾ ਅਨੁਭਵ ਪ੍ਰਾਪਤ ਹੋਇਆ, ਘਰੋਂ ਆਪਣੇ ਬਾਪੂ ਤੋਂ ਮੈਨੂੰ ਸਰਬਸਾਂਝੇ ਨਾਇਕਾਂ ਦੇ ਕਿੱਸਿਆਂ, ਚਿੱਠਿਆਂ ਤੇ ਸਾਕਿਆਂ ਦੀ ਮਨੁੱਖੀ ਸੰਵੇਦਨਾ ਦੀ ਸੋਅ ਲੱਗੀ........ਮੇਰੇ ਨਿੱਜੀ ਅਨੁਭਵ ਦੇ ਅਧਾਰ ਤੇ ਸਾਹਿਤ ਮੈਨੂੰ ਧਰਮ, ਜਨਮ ਤੇ ਮੌਤ ਦੀ ਇਕ ਅਜਿਹੀ ਤ੍ਰਿਬੈਣੀ ਪ੍ਰਤੀਤ ਹੁੰਦਾ ਜਿਸ ਵਿੱਚੋਂ ਕਿਸੇ ਇਕ ਰੰਗ ਨਾਲੋਂ ਦੂਜੇ ਰੰਗ ਨੂੰ ਅੱਡ ਕਰਨਾ ਅਸੰਭਵ ਲਗਦਾ। ਸਾਹਿਤਕ ਅਨੁਭਵ ਦੀ ਇਸ ਝੁਟਪੁਟੀ ਅਵਸਥਾ ਵਿੱਚ ਮੈਨੂੰ ਲਿਖਣ ਦੀ ਪ੍ਰੇਰਨਾ ਪੈਦਾ ਹੋਈ।........ਮੇਰੀ ਕਵਿਤਾ ਦਾ ਗਲਾ 1947 ਵਿੱਚ ਦੇਸ਼ ਦੀ ਵੰਡ ਨੇ ਘੁੱਟ ਦਿੱਤਾ। ਉਦੋਂ ਮੇਰੀ ਉਮਰ 15 ਕੁ ਵਰ੍ਹਿਆਂ ਦੀ ਸੀ......... ਮੈਨੂੰ ਹੈਰਾਨੀ ਹੁੰਦੀ ਕਿ ਜਿਸ ਲਿਖਣ ਪੜ੍ਹਨ ਨੂੰ ਮੈਂ ਇਕ ਖੇਡ ਸਮਝਿਆ ਹੋਇਆ ਸੀ ਉਸ ਵਿਚ ਕਿਤਨਾ ਦੁੱਖ ਤੇ ਕਿਤਨੀ ਵੇਦਨਾ ਡੱਕੀ ਪਈ ਸੀ। ਨਾ ਇਸ ਪੀੜਾ ਨੂੰ ਵੇਖਣ ਵਾਲੀਆਂ ਅੱਖਾਂ ਮਿਲੀਆਂ ਸਨ, ਨਾ ਇਸ ਅੰਤਰੀਵ ਲੈਅ ਨੂੰ ਸੁਣਨ ਵਾਲੇ ਕੰਨ। ਮੈਂ ਜਿਹੜੇ ਕੰਨਾਂ ਤੇ ਅੱਖਾਂ ਦਾ ਪ੍ਰੇਰਿਆ ਲਿਖਣ ਵੱਲ ਤੁਰਿਆ ਸਾਂ ਉਨ੍ਹਾਂ ਉੱਤੇ ਕਿਤਨਾ ਕੁ ਨਿਰਭਰ ਕੀਤਾ ਜਾ ਸਕਦਾ ਸੀ, ਮੈਨੂੰ ਪਹਿਲੀ ਵਾਰੀ ਸ਼ੱਕ ਹੋਇਆ।

***

ਪਾਲੇਟਿਕਸ ਦਾ ਖਲਜਗਣ....।
ਰਾਜੀਵ ਲੌਂਗੋਵਾਲ ਸਮਝੌਤਾ......।
ਖਾੜਕੂ ਧਮਕੀਆਂ...........।
ਪੁਲੀਸ ਦਾ ਪਹਿਰਾ.....।
ਡਾ. ਸਾਹਿਬ ਦੀ ਬੀਮਾਰੀ.....।

ਅਮਰੀਕਾ ਇਲਾਜ ਕਰਾਉਣ ਗਏ-ਏਅਰਪੋਰਟ ’ਤੇ ਜਾਣ ਲੱਗਿਆਂ...ਇਵੇਂ ਲੱਗਿਆ ਕੋਈ ਬਹੁਤ ਵੱਡਾ ਨੇਤਾ-ਕੋਈ ਬਹੁਤ ਵੱਡਾ ਡਿਗਨਟਰੀ ਹੋਏ ਜਿਵੇਂ... ਅੱਗੇ ਪਿਛੇ ਪੁਲੀਸ ਦੀਆਂ ਗੱਡੀਆਂ.... ਪੁਲੀਸ, ਬੰਦੂਕਾਂ, ਪਿਸਤੌਲਾਂ......ਤੇ ਪਤਲੇ, ਪੀਲੇ, ਸੁੱਕੇ ਕੰਬਦੇ ਹੱਥ, ਲੜਖੜਾਂਦੀਆਂ

ਲੱਤਾਂ, ਦੋ ਬੰਦਿਆਂ ਦੇ ਮੋਢਿਆਂ ਦੇ ਸਹਾਰੇ ਟੁਰਦੇ ਡਾ. ਅਤਰ ਸਿੰਘ ਵੇਖ ਅੱਖਾਂ ਭਰ ਆਈਆਂ ਸਨ। ਬੇਸ਼ੱਕ ਥੋੜ੍ਹਾ ਸਿਹਤ ਵਿੱਚ ਫਰਕ ਤਾਂ ਪਿਆ ਸੀ ਪਰ ਬੀਮਾਰੀ ਨੇ ਖਹਿੜਾ ਨਾ ਛੱਡਿਆ ਪਰਕਿਨਸਨ ਤਾਂ ਨਾਲ ਹੀ ਲੈ ਗਈ।

'ਕਜਰ ਕੇਰੀ ਛਪੜੀ'- ਦੂਜਾ ਨਾਵਲ ਛਪਿਆ। ਮੈਂ, ਸ. ਸ. ਸੋਜ਼, ਗੁਰਮੁਖ ਸਿੰਘ ਸਹਿਗਲ ਨਾਲ ਪਟਿਆਲੇ ਤੋਂ ਚੰਡੀਗੜ੍ਹ ਆਪ ਨਾਵਲ ਦੇਣ ਗਈ ਸਾਂ। ਸ਼ਾਇਦ ਗਿਆਨੀ ਜ਼ੈਲ ਸਿੰਘ ਜੀ ਦੀ ਸਿਫ਼ਾਰਸ਼ ਨਾਲ ਨਵਾਂ ਫਲੈਟ ਅਲਾਟ ਹੋਇਆ ਸੀ ਚੰਡੀਗੜ੍ਹ ਲੁਧਿਆਣਾ ਰੋਡ ਦੇ ਕਿਸੀ ਸੈਕਟਰ ਵਿੱਚ....।

ਨਿਰਮਲ ਭੈਣ ਫੜ ਕੇ ਲੈ ਕੇ ਆਈ ਸੀ। ਕੱਸਿਆ ਚਿਹਰਾ, ਕੰਬਦਾ ਜਿਸਮ......।

ਅੱਖਾਂ ਭਰ ਆਈਆਂ ਸਨ.....ਮਨੁੱਖ ਨੂੰ ਬੀਮਾਰੀ ਕਿੰਨਾ ਨਿਢਾਲ ਬਣਾ ਦੇਂਦੀ ਏ.....।

ਚਿੱਠੀ ਆਈ ਸੀ-ਕੰਬਦੇ ਹੱਥਾਂ ਨਾਲ ਲਿਖੀ ਹੋਈ, ਵਿੰਗੇ ਟੇਡੇ ਅੱਖਰ........"ਪੜ੍ਹਨ ਦੀ ਹਿੰਮਤ ਨਹੀਂ....ਪਰ ਤੁਹਾਡਾ ਨਾਵਲ ਜ਼ਰੂਰ ਪੜ੍ਹਾਂਗਾ...ਬੱਸ ਲਿਖਦੇ ਰਹਿਣਾ ਹੈ-ਲਿਖਦੇ ਰਹਿਣਾ ਹੈ......।"

ਅਵਤਾਰ ਸਿੰਘ ਪਤੰਗ ਦੀਆਂ ਆਹ ਸਤਰਾਂ ਪੜ੍ਹ ਕੇ ਅੱਖਾਂ ਆਪ ਮੁਹਾਰੇ ਵਗ ਤੁਰੀਆਂ ਨੇ। ਬੀਮਾਰੀ ਦੀ ਹਾਲਤ ਵਿੱਚ ਲਾਚਾਰ ਡਾ. ਸਾਹਿਬ ਨੂੰ ਪਤੰਗ ਨੇ ਪੁੱਛਿਆ ਸੀ, "ਡਾ. ਸਾਹਿਬ ਕੀ ਤੁਸੀਂ ਸਮਝਦੇ ਹੋ, ਕਿ ਇਹ ਸਰੀਰਕ ਦੁੱਖ ਪਿਛਲੇ ਜਨਮਾਂ ਦੇ ਕੀਤੇ ਕੰਮਾਂ ਦਾ ਫਲ ਹੈ ?" ਉਨ੍ਹਾਂ ਫਿੱਕੀ ਜਿਹੀ ਮੁਸਕ੍ਰਾਹਟ ਨਾਲ ਕਿਹਾ, "ਇਹ ਮੰਨਣਾ ਹੀ ਪਵੇਗਾ ਕਿ ਕੋਈ ਕਿੰਨੇ ਮਰਜ਼ੀ ਯਤਨ ਕਰ ਲਵੇ ਪਰ ਜੋ ਕੁਝ ਹੋਣਾ ਹੈ, ਉਹ ਹੋ ਕੇ ਹੀ ਰਹਿਣਾ ਹੈ। ਕਦੀ-ਕਦੀ ਬੰਦੇ ਦੀਆਂ ਸਭ ਸਿਆਣਪਾਂ ਤੇ ਚਤੁਰਾਈਆਂ ਮਿੱਟੀ ਦੀ ਢੇਰੀ ਹੋ ਕੇ ਰਹਿ ਜਾਂਦੀਆਂ ਹਨ। ਮੈਨੂੰ ਆਪਣੀ ਬੀਮਾਰੀ ਦਾ ਕੋਈ ਸਿੱਧਾ ਕਾਰਣ ਨਜ਼ਰ ਨਹੀਂ ਆਉਂਦਾ। ਮੈਂ ਇਲਾਜ ਵੱਲੋਂ ਕੋਈ ਕਸਰ ਨਹੀਂ ਛੱਡੀ। ਕੋਈ ਨਾ ਕੋਈ ਐਸੀ ਤਾਕਤ ਜ਼ਰੂਰ ਹੈ ਜਿਥੇ ਮਨੁੱਖ ਦੀ ਅਕਲ ਨਹੀਂ ਪਹੁੰਚ ਸਕਦੀ।"

ਤੇ ਇਹ ਵਿਦਵਾਨ 14 ਅਗਸਤ, 1994 ਨੂੰ ਸਾਨੂੰ ਇਕੱਲਿਆਂ ਛੱਡ ਗਿਆ।



# ਕਾਮਰੇਡ ਘਨਸ਼ਾਮ ਜੀ

-ਪ੍ਰੇਮ ਪ੍ਰਕਾਸ਼

ਕਾਮਰੇਡ ਘਨਸ਼ਾਮ ਜੀ ਮੇਰੀ ਜ਼ਿੰਦਗੀ 'ਚ ਆਏ ਉਹਨਾਂ ਕੁਝ ਕੁ ਸਾਥੀਆਂ 'ਚੋਂ ਨੇ, ਜਿਨ੍ਹਾਂ ਦੇ ਜੀਵਨ ਘਟਨਾਵਾਂ ਤੇ ਮੋੜਾਂ ਨਾਲ ਭਰੇ ਪਏ ਨੇ। ਪਰ ਮੈਂ ਉਹਨਾਂ ਨੂੰ ਆਪਣੀ ਕਿਸੇ ਕਹਾਣੀ ਦਾ ਪਾਤਰ ਨਹੀਂ ਬਣਾ ਸਕਿਆ। ਕਾਮਰੇਡ ਜੀ ਨਕਸਲੀ ਲਹਿਰ ਬਾਰੇ ਲਿਖੇ ਮੇਰੇ ਨਾਵਲ 'ਦਸਤਾਵੇਜ਼' 'ਚ ਇਕ ਪਾਤਰ ਨੇ। ਜਿਨ੍ਹਾਂ ਦਾ ਨਾਂ ਮੈਂ ਸ਼ਿਵ ਸ਼ੰਕਰ ਕੌਸ਼ਲ ਰੱਖਿਆ ਸੀ। ਉਹ 1972 'ਚ ਨਕਸਲੀ ਲਹਿਰ ਵੇਲੇ ਮੇਰੇ ਨਾਲ ਇਕ ਰਾਤ ਜਲੰਧਰ ਸ਼ਹਿਰ ਦੀ ਕੋਤਵਾਲੀ ਦੇ ਹਵਾਲਾਤ ਤੇ ਦੋ ਰਾਤਾਂ ਸੈਂਟਰਲ ਡਿਸਟ੍ਰਿਕਟ ਜੇਲ੍ਹ ਦੇ ਇਕ ਸੈੱਲ 'ਚ ਰਹੇ ਸਨ। ਸਾਡੇ ਨਾਲ ਕਾਮਰੇਡ ਰਮੇਸ਼ ਹਾਂਡਾ ਤੇ ਕਾਮਰੇਡ ਜਸਬੀਰ ਜੌਹਲ ਵੀ ਸਨ। ਸਾਡਾ ਚੌਥਾ ਸਾਥੀ ਕਾਮਰੇਡ ਕੇਵਲ ਕੌਰ ਹਵਾਲਾਤ 'ਚ ਸਾਡੇ ਨਾਲ ਦੇ ਕਮਰੇ 'ਚ ਕੱਲੀ ਸੀ ਤੇ ਜੇਲ੍ਹ 'ਚ ਜਨਾਨੇ ਵਾਰਡ 'ਚ ਸੀ। ਇਹ ਸਾਰੇ ਪਾਤਰ ਬਣ ਕੇ ਮੇਰੇ ਨਾਵਲ 'ਚ ਆਏ।

ਸੈਂਟਰਲ ਜੇਲ੍ਹ ਦੀ ਨਵੀਂ ਬਣੀ ਚੱਕੀ ਦੇ ਸੈੱਲ 'ਚ ਸਾਨੂੰ ਕੰਮ ਤੇ ਕੋਈ ਹੈ ਨਹੀਂ ਸੀ, ਬਹੁਤਾ ਸਮਾਂ ਗੱਲਾਂ ਕਰ ਕੇ ਲੰਘਾਉਂਦੇ ਸੀ। ਨਾਲ ਦੇ ਸਾਰੇ ਸੈੱਲਾਂ 'ਚ ਹੱਥਕੜੀਆਂ ਤੇ ਬੇੜੀਆਂ ਵਾਲੇ ਨਕਸਲੀ ਮੁੰਡੇ ਸਨ ਜਾਂ ਹੋਰ ਕਤਲ ਕੇਸਾਂ ਵਾਲੇ ਖਤਰਨਾਕ ਕੈਦੀ। ਜਦ ਚਾਹ ਆਉਂਦੀ ਜਾਂ ਛੋਲੇ ਆਉਂਦੇ ਤਾਂ ਦੂਜੇ ਸੈੱਲਾਂ ਤੋਂ ਅਵਾਜ਼ਾਂ ਆਉਂਦੀਆਂ। ਜਦ ਨ੍ਹਾਉਣ ਧੋਣ ਨੂੰ ਸੈੱਲਾਂ ਤੋਂ ਬਾਹਰ ਵਿਹੜੇ 'ਚ ਕੱਢਦੇ ਤਾਂ ਹੱਥਕੜੀਆਂ ਤੇ ਬੇੜੀਆਂ ਦੀ ਖੜਕਾਰ ਤੇ ਗੱਲਾਂ ਦੀਆਂ ਉੱਚੀਆਂ ਅਵਾਜ਼ਾਂ ਸੁਣਦੀਆਂ। ਬੰਦ ਸੈੱਲਾਂ ਦੇ ਮੁੰਡੇ ਬਿਨਾਂ ਲੋੜ ਦੇ ਹੋਰ ਨਵੇਂ ਆਏ ਕਾਮਰੇਡਾਂ ਨੂੰ ਹਾਕਾਂ ਮਾਰਦੇ ਆਪਣੇ ਮੂੰਹਾਂ ਦੇ ਜਿੰਦੇ ਖੋਲ੍ਹਦੇ ਸਨ। ਉਹਨਾਂ ਨੂੰ ਸਾਡੇ ਆਉਣ ਦਾ ਵੀ ਪਤਾ ਪਹਿਲਾਂ ਈ ਲੱਗ ਗਿਆ ਸੀ। ਉਹ ਸਾਨੂੰ ਨਾਂ ਲੈ-ਲੈ ਕੇ ਬੁਲਾਉਂਦੇ।

ਏਸ ਸਮੇਂ 'ਚ ਮੇਰੇ ਨਾਲ ਸਭ ਤੋਂ ਵੱਧ ਗੱਲਾਂ ਕਾਮਰੇਡ ਘਨਸ਼ਾਮ ਜੀ ਨੇ ਕੀਤੀਆਂ। ਉਹਨਾਂ ਨੇ ਆਪਣੀ ਜ਼ਿੰਦਗੀ ਦੀਆਂ ਉਹ ਸਾਰੀਆਂ ਗੱਲਾਂ ਦੱਸ ਦਿੱਤੀਆਂ, ਜਿਹੜੀਆਂ ਦੱਸ ਕੇ ਉਹ ਨਾਇਕ ਤੇ ਖਲਨਾਇਕ ਦੋਵੇਂ ਬਣਦੇ ਸੀ। ਪਰ ਅਗਲੇ ਕੁਝ ਵਰ੍ਹਿਆਂ 'ਚ ਉਹਨਾਂ ਦਾ ਜਿਹੜਾ ਚਰਿਤਰ ਵੇਖਿਆ, ਉਹਦੇ ਨਾਲ ਉਹ ਕਿਸੇ ਹੋਰ ਲਈ ਭਾਵੇਂ ਕੁਝ ਵੀ ਹੋਣ, ਪਰ ਮੇਰੇ ਲਈ ਸੰਪੂਰਨ ਪਾਤਰ ਬਣ ਗਏ ਸੀ। ਮੈਂ 'ਦਸਤਾਵੇਜ਼' 'ਚ ਜਿਹੜਾ ਪਾਤਰ ਪੇਸ਼ ਕੀਤਾ ਸੀ, ਉਹ ਬਹੁਤ ਛੋਟਾ ਸੀ। ਬਾਅਦ 'ਚ ਬਹੁਤ ਫੈਲ ਗਿਆ ਸੀ।

ਜੇਲ੍ਹ ਤੋਂ ਬਾਹਰ ਆ ਕੇ ਮੇਰੀ ਸਾਂਝ ਕਾਮਰੇਡ ਘਨਸ਼ਾਮ ਜੀ ਨਾਲ ਘਨੇਰੀ ਹੋ ਗਈ ਸੀ। ਉਂਜ ਅਸੀਂ 1964 ਤੋਂ ਇੱਕੋ ਦਫਤਰ 'ਚ ਕੰਮ ਕਰਦੇ ਰਹੇ ਸੀ। .... 1964 ਦੀਆਂ ਗਰਮੀਆਂ 'ਚ ਜਦ ਮੈਂ ਉਰਦੂ ਅਖਬਾਰ 'ਮਿਲਾਪ' 'ਚ ਸਬ-ਐਡੀਟਰ ਭਰਤੀ ਹੋਇਆ ਸੀ ਤਾਂ ਕਾਮਰੇਡ ਜੀ ਓਥੇ 'ਹਿੰਦੀ ਮਿਲਾਪ' ਦੇ ਨਿਊਜ਼ ਡੈਸਕ 'ਤੇ ਸਨ। ਉਰਦੂ ਡੈਸਕ ਵਾਲੇ ਦਬੰਗ ਤੇ ਗਲਾਧੜ ਸਨ ਤੇ ਹਿੰਦੀ ਵਾਲੇ

ਚੁੱਪ ਕੀਤੇ ਡਰੇ ਜਿਹੇ ਰਹਿਣ ਵਾਲੇ। ਇਹ ਭਾਸ਼ਾ ਦਾ ਈ ਵਰਤਾਰਾ ਲੱਗਦਾ ਏ। ਹਰੇਕ ਅਖਬਾਰ 'ਚ ਇਹੀ ਹਾਲ ਸੀ। ਕਾਮਰੇਡ ਜੀ ਵਿਚਕਾਰਲੇ ਕੱਦ, ਗਠੇ ਜੁੱਸੇ ਤੇ ਗੋਰੇ ਰੰਗ ਦੇ ਸਨ। ਗੰਜੇ ਸਿਰ 'ਤੇ ਟੋਪੀ ਰੱਖਦੇ ਤੇ ਗਰਮੀਆਂ 'ਚ ਆਰ. ਐਸ. ਐਸ. ਵਾਲਿਆਂ ਵਾਲੀ ਖਾਖੀ ਨਿੱਕਰ ਪਾਉਂਦੇ ਸਨ। ਸਾਡੀ ਬਹੁਤੀ ਗੱਲ ਨਹੀਂ ਸੀ ਹੁੰਦੀ। ਪਰ ਖੱਬੇ-ਪੱਖੀ ਵਿਚਾਰਾਂ ਦੇ ਹੋਣ ਕਰ ਕੇ ਸਾਡੇ ਵਿਚਕਾਰ ਗੁੱਝੀ ਸਾਂਝ ਸੀ। ਅਸੀਂ ਇਕ ਦੂਜੇ ਨੂੰ ਅਪਣੱਤ ਨਾਲ ਦੇਖਦੇ ਸੀ। ਓਹਲੇ ਨਾਲ ਆਨੇ ਬਹਾਨੇ ਮਿਲਦੇ ਰਹਿੰਦੇ ਸੀ। ਦਫਤਰ 'ਚ ਚਾਰ ਵਜੇ ਅੱਧੇ ਘੰਟੇ ਦੀ ਛੁੱਟੀ ਚਾਹ ਪੀਣ ਲਈ ਹੁੰਦੀ ਸੀ। ਅਸੀਂ ਉਰਦੂ ਵਾਲੇ ਵੱਖਰੇ ਬਹਿ ਕੇ ਬਕੜਵਾਹ ਕਰਦੇ ਸੀ। ਲੁੱਚੇ ਲਤੀਫੇ ਤੇ ਸ਼ਿਅਰ ਪੜ੍ਹਦੇ ਸੀ। ਸਾਡੇ ਵਿਚ ਕਦੇ ਕੋਈ ਹਿੰਦੀ ਵਾਲਾ ਵੀ ਆ ਜਾਂਦਾ ਸੀ। ਪਰ ਕਾਮਰੇਡ ਜੀ ਦੂਰ ਈ ਰਹਿੰਦੇ। ਜੀਹਦੇ ਨਾਲ ਉਹਨਾਂ ਦਾ ਚਰਿਤਰ ਭੇਤ ਭਰਿਆ ਬਣਿਆ ਰਹਿੰਦਾ ਸੀ।

**ਪੁਸਤਕ ਨਿਧੀ ਵਾਲਾ ਪੁੰਨ**

ਕਾਫੀ ਦੇਰ ਨਿੱਕੀਆਂ-ਨਿੱਕੀਆਂ ਮੁਲਾਕਾਤਾਂ ਬਾਅਦ ਪਤਾ ਲੱਗਾ ਕਿ ਕਾਮਰੇਡ ਜੀ ਨੇ ਕੋਈ ਲਾਇਬ੍ਰੇਰੀ ਚਲਾਈ ਹੋਈ ਏ। ਇਹ ਹਰ ਰੋਜ਼ ਕਿਤਾਬਾਂ ਝੋਲਿਆਂ 'ਚ ਪਾ ਕੇ ਸਾਈਕਲ 'ਤੇ ਹਸਪਤਾਲਾਂ ਤੇ ਉੱਧਲੀਆਂ ਬੇਸਹਾਰਾ ਜਨਾਨੀਆਂ ਦੇ ਆਸ਼ਰਮ 'ਚ ਜਾਂਦੇ ਨੇ। ਮਰੀਜ਼ਾਂ ਦਾ ਹਾਲ ਪੁੱਛਦੇ ਨੇ ਤੇ ਉਹਨਾਂ ਨੂੰ ਕਿਤਾਬਾਂ ਪੜ੍ਹਨ ਲਈ ਦੇਂਦੇ ਨੇ। ਦੂਜੇ ਦਿਨ ਜਾ ਕੇ ਕਿਤਾਬਾਂ ਵਟਾ ਲੈਂਦੇ ਨੇ। ਉਹ ਹਸਪਤਾਲਾਂ ਤੋਂ ਇਲਾਵਾ ਪਿੰਗਲਵਾੜੇ, ਯਤੀਮ ਬੱਚਿਆਂ ਤੇ ਇਸਤਰੀਆਂ ਦੇ ਆਸ਼੍ਰਮਾਂ ਤੇ ਹੋਰ ਸੰਸਥਾਵਾਂ 'ਚ ਜਾ ਕੇ ਵੀ ਇਹ ਪੁੰਨ ਦਾ ਕੰਮ ਕਰਦੇ ਨੇ। ... ਕਦੇ- ਕਦੇ ਉਹ ਆਦਰਸ਼ ਨਗਰ ਵਾਲੇ ਮੇਰੇ ਘਰ ਵੀ ਆ ਜਾਇਆ ਕਰਦੇ ਸਨ। ਮੈਂ ਹੈਰਾਨ ਹੁੰਦਾ ਕਿ ਏਸ ਬੰਦੇ ਦੇ ਮਨ ਨੂੰ ਘਰ 'ਚ ਟਿਕਾਅ ਕਿਉਂ ਨਹੀਂ ? ਛੁੱਟੀ ਵਾਲੇ ਦਿਨ ਵੀ ਘਰ ਨਹੀਂ ਬਹਿ ਹੁੰਦਾ। ਉਹ ਕਿਸੇ ਕਮਿਊਨਿਸਟ ਪਾਰਟੀ ਦੇ ਵਰਕਰ ਨਹੀਂ ਸਨ। ਫੇਰ ਵੀ ਸਾਰੇ ਕਾਮਰੇਡਾਂ ਨੂੰ ਜਾਣਦੇ ਸਨ। ਉਹਨਾਂ ਦੇ ਘਰਾਂ 'ਚ ਜਾਂਦੇ ਸਨ। ਇਹ ਸਾਰੇ ਕੰਮ ਉਹ ਭਗਤਾਂ ਵਰਗੀ ਸ਼ਰਧਾ ਤੇ ਲਗਨ ਨਾਲ ਕਰਦੇ ਸਨ।

ਇਕ ਛੁੱਟੀ ਵਾਲੇ ਦਿਨ ਮੈਂ ਕਿਸ਼ਨਪੁਰੇ ਵੱਲ ਕਿਸੇ ਕੰਮ ਗਿਆ ਤਾਂ ਮੈਨੂੰ ਕਾਮਰੇਡ ਘਨਸ਼ਾਮ ਜੀ ਦਾ ਖਿਆਲ ਆ ਗਿਆ। ਮੈਨੂੰ ਉਹਨਾਂ ਦੇ ਘਰ ਦਾ ਠੀਕ ਪਤਾ ਨਹੀਂ ਸੀ। ਉਹ ਮੈਨੂੰ ਸੜਕ 'ਤੇ ਖੜ੍ਹੇ ਈ ਮਿਲ ਪਏ। ਜਿਸ ਕਮਰੇ ਅੱਗੇ ਉਹ ਖੜ੍ਹੇ ਸਨ, ਉਹਦੇ ਮੱਥੇ 'ਤੇ ਹਿੰਦੀ 'ਚ 'ਪੁਸਤਕ ਨਿਧੀ' ਦਾ ਬੋਰਡ ਲੱਗਾ ਹੋਇਆ ਸੀ। ਉਹਨਾਂ ਮੈਨੂੰ ਦੱਸਿਆ ਕਿ ਇਥੇ ਸਾਰੇ ਅਖਬਾਰ ਫਰੀ ਆਉਂਦੇ ਨੇ। ਲੋਕ ਆ ਕੇ ਪੜ੍ਹਦੇ ਨੇ। ਇਹ ਗਿਆਨ ਦਾ ਜੱਗ ਉਹ ਸ਼ੁਰੂ ਤੋਂ ਈ ਕਰ ਰਹੇ ਨੇ। ਲਾਇਬ੍ਰੇਰੀ ਦਾ ਇਹ ਆਮ ਜਿਹਾ ਕਮਰਾ ਕਿਸ਼ਨਪੁਰੇ ਦੀਆਂ ਮੜ੍ਹੀਆਂ ਦੇ ਗੇਟ ਦੇ ਨੇੜੇ ਸੀ। ਉਹ ਮੜ੍ਹੀਆਂ ਦੇ ਗਵਾਂਢ 'ਚ ਰਹਿੰਦੇ ਸਨ। ਓਥੇ ਵਸਣਾ ਹੌਸਲੇ ਦਾ ਕੰਮ ਸੀ। ਓਸ ਕਮਰੇ ਪਿੱਛੇ ਕਾਮਰੇਡ ਜੀ ਦਾ ਦੋ ਕਮਰਿਆਂ ਤੇ ਰਸੋਈ ਵਾਲਾ ਘਰ ਸੀ। ਜਿਸ ਦੇ ਵਿਹੜੇ ਦੀ ਵਲਗਣ ਖੁੱਲ੍ਹੀ ਸੀ। ਉਹ ਬੇਮਲਕੀਤੀ ਥਾਂ ਨੂੰ ਫੁੱਲ ਬੂਟੇ ਲਾ ਕੇ ਹੌਲੀ-ਹੌਲੀ ਵਧਾਈ ਜਾਂਦੇ ਸੀ। ਮੈਨੂੰ ਪਤਾ ਸੀ ਕਿ ਇਹ ਥਾਂ ਉਹਨਾਂ ਨੇ ਉਵੇਂ ਮੱਲੀ ਹੋਣੀ ਏ, ਜਿਵੇਂ ਹੋਰ ਕਈ ਪੱਤਰਕਾਰਾਂ ਨੇ ਅਲਾਟਾਂ ਕਰਾਈਆਂ।.... ਕਾਮਰੇਡ ਦਾ ਕਹਿਣਾ ਸੀ ਕਿ ਜੇ ਉਹ ਨਾ ਮੱਲਦੇ ਤਾਂ ਕੋਈ ਇੰਡਸਟਰੀ ਵਾਲਾ ਬਦਮਾਸ਼ ਅਮੀਰ ਦੱਬ ਲੈਂਦਾ। ਅੰਦਰ ਉਹਨਾਂ ਦਾ ਟੱਬਰ ਰਹਿੰਦਾ ਸੀ। ਤਿੰਨ ਬੇਟੇ ਤੇ ਇਕ ਬੇਟੀ। ਪਤਨੀ ਮੈਨੂੰ ਕਦੇ ਦਿਸੀ ਈ ਨਹੀਂ ਸੀ। ਮਕਾਨ ਅੰਦਰੋਂ ਗਰੀਬੀ ਝਾਕਦੀ ਸੀ। ਉਹਨਾਂ ਨੂੰ ਚਾਹ ਦੇ ਸੁਆਦ ਦਾ ਕੋਈ ਪਤਾ ਨਹੀਂ ਸੀ। ... ਮੈਂ ਉਹਨਾਂ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋਇਆ ਸੀ।

'ਮਿਲਾਪ' ਦੇ ਡੈਸਕ 'ਤੇ ਡੇਢ ਕੁ ਸਾਲ ਮੈਂ ਆਪਣੇ ਉਸਤਾਦ ਤੇ ਡੈਸਕ ਇੰਚਾਰਜ ਜਨਾਬ ਨੰਦ



ਲਾਲ ਐਸ਼ ਸਾਹਿਬ, ਜਿਨ੍ਹਾਂ ਨੇ ਮੈਨੂੰ ਨੌਕਰ ਰਖਾਇਆ ਸੀ ਤੇ ਜਿਨ੍ਹਾਂ ਕੋਲੋਂ ਮੈਂ ਏਸ ਪੇਸ਼ੇ ਦੀਆਂ ਬਰੀਕੀਆਂ ਸਿੱਖੀਆਂ ਸਨ, ਤੋਂ ਔਖਾ ਹੋ ਗਿਆ ਸੀ। ਉਹ ਜਦ ਗੁੱਸੇ 'ਚ ਆਉਂਦੇ ਸੀ ਤਾਂ ਦੋ ਗਾਹਲਾਂ ਆਪਣੇ ਆਪ ਨੂੰ ਤੇ ਬਾਕੀ ਦੀਆਂ ਸਾਰੇ ਸਟਾਫ ਨੂੰ ਕੱਢ ਦੇਂਦੇ ਸਨ। ਕੁਲਵੰਤ ਸਿੰਘ ਵਿਰਕ ਨਾਲ ਸਾਂਝੀ ਬੈਠ ਉੱਠ ਹੋਣ ਕਰ ਕੇ ਤੇ ਲੁਧਿਆਣੇ ਜ਼ਿਲੇ ਦਾ ਖੱਤਰੀ ਹੋਣ ਕਰ ਕੇ ਉਹ ਮੈਨੂੰ ਖੁਲ੍ਹਾਂ ਵੀ ਦੇ ਦੇਂਦੇ ਸਨ। ਉਹ ਮੈਨੂੰ ਸੈਨਤ ਨਾਲ ਦੱਸਦੇ ਕਿ ਕਾਮਰੇਡ ਘਨਸ਼ਾਮ ਤੋਂ ਬਚੀਂ। ਕਾਮਰੇਡ ਕਿਤੇ ਓਹਲੇ ਜਿਹੇ ਹੋ ਕੇ ਮੈਨੂੰ ਜਾਸੂਸਾਂ ਵਾਂਗ ਮਿਲਦੇ ਤੇ ਗੱਲਾਂ ਕਰਦੇ ਕਹਿੰਦੇ, "ਐਸ਼ ਸਾਹਿਬ ਤੋਂ ਬਚੀਂ।"... ਹਿੰਦੀ ਡੈਸਕ ਵਾਲੇ ਵੀ ਕਾਮਰੇਡ ਨੂੰ ਚੰਗਾ ਨਹੀਂ ਸੀ ਸਮਝਦੇ। ਅਖਬਾਰ ਦੇ ਮਾਲਕ ਤੇ ਕਾਂਗ੍ਰਸੀ ਨੇਤਾ ਯਸ਼ ਜੀ ਵੀ ਕਾਮਰੇਡ ਜੀ ਨੂੰ ਪਸੰਦ ਨਹੀਂ ਸਨ ਕਰਦੇ।

1969 'ਚ ਜਦ ਮੇਰੀ ਸਰਵਿਸ ਦੇ ਪੰਜ ਕੁ ਸਾਲ ਪੂਰੇ ਹੋਣ ਲੱਗੇ ਤਾਂ ਇਕ ਦਿਨ ਪਤਾ ਲੱਗਾ ਕਿ ਹਿੰਦੀ ਡੈਸਕ ਦੇ ਪੰਜ ਕਬੂਤਰ ਉੱਡ ਕੇ 'ਪੰਜਾਬ ਕੇਸਰੀ' ਦੇ ਡੈਸਕ 'ਤੇ ਜਾ ਬੈਠੇ ਨੇ। ਉਹਨਾਂ ਨੂੰ ਉਡਾਣ ਵਾਲਾ ਕਾਮਰੇਡ ਘਨਸ਼ਾਮ ਏ। ਕੁਝ ਦਿਨਾਂ ਬਾਅਦ ਸਾਡੇ ਉਰਦੂ ਡੈਸਕ ਦਾ ਇਕ ਸੀਨੀਅਰ ਕਬੂਤਰ ਉੱਡ ਗਿਆ। ਕਾਮਰੇਡ ਨੇ ਮੇਰੇ ਨਾਲ ਵੀ ਗੱਲ ਕੀਤੀ। ਫੇਰ ਇਕ ਦਿਨ ਨਿਯੁਕਤੀ ਪੱਤਰ ਮੇਰੇ ਹੱਥ ਫੜਾਇਆ ਤਾਂ ਮੈਂ ਵੀ ਉੱਡ ਗਿਆ। ਅਸੀਂ ਸਾਰੇ ਫਾਇਦੇ 'ਚ ਰਹੇ। 'ਮਿਲਾਪ' ਦਾ ਬੇੜਾ ਦਿਨੋ ਦਿਨ ਗਰਕ ਹੁੰਦਾ ਗਿਆ ਤੇ 'ਹਿੰਦ ਸਮਾਚਾਰ' ਵਾਲਿਆਂ ਦੀ ਗੁੱਡੀ ਚੜ੍ਹਦੀ ਗਈ। ਪਰ ਵਿੱਚੋਂ ਗੱਲ ਇਹ ਵੀ ਨਿੱਕਲੀ ਕਿ ਇਹ ਕਾਮਰੇਡ ਜੀ ਨੇ ਯਸ਼ ਜੀ ਤੋਂ ਕਿਸੇ ਪੁਰਾਣੀ ਬਦਸਲੂਕੀ ਦਾ ਬਦਲਾ ਲਿਆ ਏ। ਮੇਰੇ ਲਈ ਇਹ ਹੈਰਾਨੀ ਵਾਲਾ ਵਿਹਾਰ ਸੀ।

1970 'ਚ ਨਕਸਲੀ ਲਹਿਰ ਤੇਜ਼ ਹੋ ਗਈ। ਮੈਂ ਇਹਦੇ ਹੱਕ 'ਚ 'ਲਕੀਰ' ਕੱਢ ਲਿਆ ਸੀ। ਜੀਹਨੂੰ ਵੇਖ ਕੇ 'ਹਿੰਦ ਸਮਾਚਾਰ' ਦੇ ਮਾਲਕ ਔਖੇ ਹੋਏ। ਪਰ ਜਿਹੜਾ ਕਾਮਰੇਡ ਉਪਰੋਂ ਮਾਲਕਾਂ ਦਾ ਪੱਖ ਪੂਰਦਾ ਸੀ, ਉਹ ਮੈਨੂੰ ਰਾਤ ਦੀ ਡਿਊਟੀ ਵੇਲੇ ਕੱਲਾ ਮਿਲਦਾ ਤਾਂ ਨਕਸਲੀ ਲਹਿਰ ਦਾ ਪੱਕਾ ਸਾਥੀ ਬਣਿਆ ਲੱਗਦਾ। ਉਹ ਮੈਨੂੰ ਇਹ ਵੀ ਦੱਸ ਦੇਂਦਾ ਕਿ ਉਹਦੇ ਘਰ ਕਿਹੜੇ- ਕਿਹੜੇ ਅੰਡਰ ਗਰਾਉਂਡ ਲੀਡਰ ਰਾਤ ਨੂੰ ਆ ਕੇ ਠਹਿਰਦੇ ਨੇ। ਕਾਮਰੇਡ ਬੂਝਾ ਸਿੰਘ ਵੀ ਆਉਂਦਾ ਸੀ ਤੇ ਗੰਧਰਵ ਸੈਨ ਵੀ। ਉਹਨਾਂ ਦੇ ਨਾਲ ਈ ਲਾਲ ਪਾਰਟੀ ਵਾਲੇ ਬੁੱਢੇ ਕਾਮਰੇਡ ਵੀ ਆਉਂਦੇ ਰਹੇ ਸਨ।.... ਕਾਮਰੇਡ ਦੀਆਂ ਗੱਲਾਂ 'ਤੇ ਮੈਨੂੰ ਕਦੇ ਪੂਰਾ ਵਿਸ਼ਵਾਸ ਹੋ ਜਾਂਦਾ ਤੇ ਕਦੇ ਬੇਵਿਸਾਹੀ। ਮੈਂ ਹੈਰਾਨ ਹੁੰਦਾ ਕਿ ਮੈਂ ਤਾਂ ਪਾਰਟੀ ਵਰਕਰ ਨਹੀਂ, ਫੇਰ ਇਹ ਮੈਨੂੰ ਕਿਉਂ ਏਨੇ ਭੇਤ ਦੱਸਦੇ ਨੇ!

**ਜੇਲ੍ਹ ਦੀਆਂ ਤਿੰਨ ਰਾਤਾਂ**

1972 ਦੀਆਂ ਸਰਦੀਆਂ ਦੇ ਸ਼ੁਰੂ 'ਚ ਤੜਕੇ-ਤੜਕੇ ਮੇਰੀ ਗਰਿਫਤਾਰੀ ਹੋ ਗਈ। ਜਦ ਪੁਲਸ ਵਾਲੇ ਕੋਤਵਾਲੀ ਤੋਂ ਤਫਤੀਸ਼ੀ ਕੇਂਦਰ (ਕਪੂਰਥਲਾ ਹਾਊਸ) 'ਚ ਲੈ ਕੇ ਗਏ ਤਾਂ ਓਥੇ ਕੇਵਲ ਕੌਰ, ਕਾਮਰੇਡ ਹਾਂਡਾ, ਕਾਮਰੇਡ ਜਸਬੀਰ ਜੌਹਲ ਤੇ ਉਹਨਾਂ ਦੇ ਨੇੜੇ ਬੈਠੇ ਕਾਮਰੇਡ ਘਨਸ਼ਾਮ ਜੀ ਵੀ ਮਿਲ ਗਏ। ਉਹ ਸਾਰੇ ਮੈਥੋਂ ਘੱਟ ਡਰੇ ਹੋਏ ਸਨ। ਉਹ ਤਿੰਨੇ ਪਹਿਲਾਂ ਵੀ ਨੌਂ ਮਹੀਨੇ ਜੇਲ੍ਹ 'ਚ ਰਹਿ ਚੁੱਕੇ ਸਨ। ਸਾਨੂੰ ਸਭ ਨੂੰ ਤੜਕੇ ਜਗਾ ਕੇ ਫੜਿਆ ਗਿਆ ਸੀ। ਇਹ ਕਾਮਰੇਡ ਘਨਸ਼ਾਮ ਜੀ ਦੀ ਪਹਿਲੀ ਗਰਿਫਤਾਰੀ ਸੀ ਸ਼ਾਇਦ। ਪਰ ਉਹਨਾਂ ਦੇ ਚਿਹਰੇ 'ਤੇ ਕੋਈ ਡਰ ਨਹੀਂ ਸੀ। ਉਹ ਚਾਹ ਪੀਂਦੇ ਕਮਿਊਨਿਸਟ ਲਹਿਰਾਂ, ਗਰਿਫਤਾਰੀਆਂ, ਜੇਲ੍ਹਾਂ ਤੇ ਪੁਲਸ ਦੇ ਸਲੂਕ ਬਾਰੇ ਮੈਨੂੰ ਗੱਲਾਂ ਦੱਸਦੇ ਰਹੇ।

ਸ਼ਾਮ ਤੱਕ ਅਸੀਂ ਕਚਹਿਰੀਆਂ ਅੱਗੇ ਬੈਠੇ ਖੜ੍ਹੇ ਜ਼ਮਾਨਤਾਂ ਦੀ ਉਡੀਕ ਕਰਦੇ ਰਹੇ। ਮੇਰਾ ਜ਼ਮਾਨਤੀ ਕੋਈ ਨਹੀਂ ਸੀ। ਕਾਮਰੇਡ ਜੀ ਅਖਬਾਰ ਦੇ ਮਾਲਕਾਂ ਦੇ ਆਓਣ ਦੀ ਆਸ ਲਾਈਂ ਬੈਠੇ ਸੀ। ਉਹਨਾਂ ਦਾ ਖਿਆਲ ਸੀ ਕਿ ਮਾਲਕ ਸਾਡੀਆਂ ਜ਼ਮਾਨਤਾਂ ਸਾਡੇ ਲਈ ਨਹੀਂ, ਆਪਣੇ ਕੰਮ

ਲਈ ਕਰਾਓਣਗੇ।... ਪਰ ਕੋਈ ਜੱਜ ਨਾ ਆਇਆ ਤਾਂ ਸਾਨੂੰ ਮੋੜ ਕੇ ਕੋਤਵਾਲੀ ਲਿਜਾ ਕੇ ਬੰਦ ਕਰ ਦਿੱਤਾ ਗਿਆ। ਦੂਜੇ ਦਿਨ ਸਾਨੂੰ ਜੇਲ੍ਹ ਦੇ ਸੈੱਲਾਂ 'ਚ ਤਾੜ ਦਿੱਤਾ। ਜਿੱਥੇ ਕਾਮਰੇਡ ਜੀ ਦੀਆਂ ਗੱਲਾਂ ਦੀਆਂ ਪੰਡਾਂ ਖੁੱਲ੍ਹੀਆਂ ਤਾਂ ਉਹਨਾਂ ਦੀ ਸ਼ਖਸੀਅਤ ਦੇ ਕੁਝ ਗੁੱਝੇ ਪਹਿਲੂ ਉਜਾਗਰ ਹੋਏ। ਪਰ ਓਹਨਾਂ ਨਾਲ ਇਕ ਅਜਿਹਾ ਪਾਤਰ ਪੈਦਾ ਹੋ ਗਿਆ ਸੀ, ਜੀਹਨੂੰ ਸਾਂਭਣਾ ਮੇਰੇ ਵਸ 'ਚ ਨਹੀਂ ਸੀ।

**ਉਹਨਾਂ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਿਆ ਕਿ :-**

○ ਕਾਮਰੇਡ ਜੀ ਦਾ ਪਿੱਛਾ ਸ਼ਾਇਦ ਜ਼ਿਲਾ ਹੁਸ਼ਿਆਰਪੁਰ ਦਾ ਸੀ। ਘਰ ਕਿਹੋ ਜਿਹਾ ਸੀ ਤੇ ਘਰ ਦੇ ਹੋਰ ਲੋਕ ਕਿਥੇ ਨੇ , ਇਹਦਾ ਕੋਈ ਪਤਾ ਨਹੀਂ ਸੀ। ਪਰ ਉਹ ਛੋਟੀ ਉਮਰੇ ਈ ਘਰੋਂ ਨੱਠ ਗਏ ਸੀ। ਸਕੂਲ ਦੀ ਪੜ੍ਹਾਈ ਬਾਕਾਇਦਾ ਨਹੀਂ ਸੀ ਹੋਈ। ਪੜ੍ਹਾਈ ਤੁਰਦਿਆਂ ਫਿਰਦਿਆਂ ਕਿਸੇ ਨਾ ਕਿਸੇ ਪਾਰਟੀ ਦਾ ਕੰਮ ਕਰਦਿਆਂ ਹੋਈ।

○ 1947 ਵੇਲੇ ਤੋਂ ਈ ਉਹ ਕੱਟੜ ਹਿੰਦੂ ਸਨ। ਫੇਰ ਆਰੀਆ ਸਮਾਜ ਦੇ ਧਰਮ ਪ੍ਰਚਾਰਕ ਬਣ ਕੇ ਭਾਰਤ ਦੇ ਉੱਤਰ-ਪੂਰਬੀ ਇਲਾਕਿਆਂ ਦੇ ਕਬੀਲਿਆਂ 'ਚ ਜਾ ਕੇ ਧਰਮ ਪ੍ਰਚਾਰ ਕਰਦੇ ਤੇ ਸ਼ੁੱਧੀਕਰਣ ਦੇ ਮਿਸ਼ਨ 'ਚ ਲੱਗੇ ਰਹੇ ਸਨ। ਉਹ ਉਹਨਾਂ ਅਣਭੋਲ ਲੋਕਾਂ 'ਚ ਕੰਮ ਕਰਦੇ ਸਨ, ਜਿਹੜੇ ਕਦੇ ਈਸਾਈ ਹੋ ਗਏ ਸਨ। ਜਿਨ੍ਹਾਂ ਨੂੰ ਪਤਾ ਈ ਨਹੀਂ ਸੀ ਕਿ ਹਿੰਦੂ ਧਰਮ ਕੀ ਏ ਤੇ ਈਸਾਈ ਧਰਮ ਕੀ।

○ ਰਾਜਸੀ ਸੂਝ ਜਾਗਣ 'ਤੇ ਕਾਮਰੇਡ ਜੀ ਆਰ. ਐਸ. ਐਸ. ਦੇ ਮੈਂਬਰ ਬਣ ਕੇ ਸ਼ਾਖਾ ਲਾਓਣ ਲੱਗ ਪਏ ਸੀ ਤੇ ਹਿੰਦੂਆਂ 'ਚ ਕਈ ਵਰ੍ਹੇ ਜਾਗ੍ਰਤੀ ਲਿਆਓਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਸੀ। ਉਹਨਾਂ ਨੂੰ ਹਥਿਆਰਬੰਦ ਹੋ ਕੇ ਰਹਿਣਾ ਤੇ ਅਨੁਸ਼ਾਸਨ 'ਚ ਤੁਰਨਾ ਚੰਗਾ ਲੱਗਾ ਸੀ। ਖਾੜਕੂ ਹੋਣਾ ਉਹਨਾਂ ਦੀ ਬਿਰਤੀ ਦੇ ਅਨੁਕੂਲ ਸੀ। ਓਸ ਇਲਾਕੇ 'ਚ ਕਿਸੇ ਕੋਲ ਸਾਇਕਲ ਵੀ ਨਹੀਂ ਸੀ। ਕਾਮਰੇਡ ਜੀ ਪੈਦਲ ਪਿੰਡਾਂ ਦੇ ਪਿੰਡ ਗਾਹ ਮਾਰਦੇ। ਵਰਕਰਾਂ ਨਾਲ ਸੰਪਰਕ ਕਰਦੇ। ਉਹਨਾਂ ਨੂੰ ਇਕਜੁਟ ਕਰ ਕੇ ਸ਼ਾਖਾ 'ਚ ਲਾਠੀ ਚਲਾਓਣੀ ਤੇ ਡਿਸਿਪਲਿਨ 'ਚ ਰਹਿਣਾ ਸਿਖਾਉਂਦੇ। ਉਹ ਆਪਣੇ ਇਲਾਕੇ ਦੇ ਚੰਗੇ ਨੇਤਾ ਬਣ ਗਏ ਸਨ। ਆਰੀਆ ਸਮਾਜ ਦਾ ਕੰਮ ਕਰਦਿਆਂ ਤੇ ਆਰ. ਐਸ. ਐਸ. ਦਾ ਨੇਤਾ ਹੋਣ ਕਰ ਕੇ ਉਹਨਾਂ ਨੂੰ ਹਿੰਦੂ ਸੰਸਥਾਵਾਂ ਵੱਲੋਂ ਏਨਾ ਕੁ ਖਰਚਾ ਮਿਲਦਾ ਸੀ ਕਿ ਜ਼ਿੰਦਗੀ ਸੌਖੀ ਲੰਘਦੀ ਰਹੀ ਸੀ। ਏਸ ਸਮੇਂ 'ਚ ਉਹ ਪੱਕੇ ਵੈਸ਼ਨੂ ਸਨ। ਸਾਦਾ ਭੋਜਨ ਖਾਂਦੇ ਤੇ ਸਦਾਚਾਰ ਦਾ ਜੀਵਨ ਬਿਤਾਂਦੇ ਰਹੇ ਸਨ।

○ ਹਿੰਦੂਆਂ 'ਚ ਜਾਗ੍ਰਤੀ ਫੈਲਾਣ ਦਾ ਕੰਮ ਕਰਦੇ ਉਹ ਧਰਮ ਨਾਲੋਂ ਵੱਧ ਕਬੀਲਿਆਂ ਦੇ ਲੋਕਾਂ ਦੀ ਗਰੀਬੀ ਬਾਰੇ ਸੋਚਣ ਲੱਗ ਪਏ ਸਨ। ਉਹਨਾਂ ਦੇ ਮਨ 'ਚ ਇਹ ਸਵਾਲ ਉੱਠਦਾ ਸੀ ਕਿ ਭੁੱਖ, ਬੀਮਾਰੀ, ਅਨਪੜ੍ਹਤਾ ਤੇ ਜ਼ਿੰਦਗੀ ਦੇ ਸੁਖਾਂ ਤੋਂ ਵਾਂਝੇ ਇਹਨਾਂ ਲੋਕਾਂ ਨੇ ਧਰਮ ਤੋਂ ਕੀ ਲੈਣਾ ਦੇਣਾ ਏ ? ... ਇਹ ਸੋਚਦਿਆਂ ਉਹ ਉਹਨਾਂ ਲੋਕਾਂ ਨਾਲ ਵਿੱਥ ਘਟਾ ਕੇ ਸਾਂਝ ਪਾਓਣ ਲੱਗ ਪਏ ਸਨ। ਉਹਨਾਂ ਦੀਆਂ ਬਸਤੀਆਂ 'ਚ ਰਹਿਣ ਲੱਗ ਪਏ। ਉਹਨਾਂ ਦੇ ਮਾੜੇ ਹਾਤਾਤ ਨਾਲ ਜਿਊਣ ਲੱਗ ਪਏ। ਉਹਨਾਂ ਲੋਕਾਂ ਨਾਲ ਈ ਖਾਣਾ ਪੀਣਾ ਤੇ ਉਹਨਾਂ ਵਾਂਗ ਈ ਨਸ਼ੇ ਪੱਤੇ ਕਰ ਕੇ ਗੁਜ਼ਾਰਾ ਕਰਨ ਲੱਗ ਪਏ। ਉਹਨਾਂ ਦੀ ਘਰ ਦੀ ਬਣਾਈ ਚੌਲਾਂ ਦੀ ਸ਼ਰਾਬ ਪੀਣ ਤੇ ਤੀਵੀਂਆਂ ਨਾਲ ਰਲ਼ਣ ਵਰਗੇ ਸੁਖ ਵੀ ਮਾਨਣ ਲੱਗ ਪਏ। ਓਥੇ ਪਹਿਲੀ ਵਾਰ ਉਹਨਾਂ ਨੂੰ ਇਸਤਰੀ ਦਾ ਸੰਗ ਮਿਲਿਆ ਸੀ। ਉਹਨਾਂ ਜ਼ਿੰਦਗੀ ਦਾ ਵਿਸਤਾਰ ਧਰਮ ਪ੍ਰਚਾਰਕ, ਰਾਜਸੀ ਵਰਕਰ ਦੇ ਸੰਜਮ ਤੋਂ ਬਾਗੀ ਹੋ ਕੇ ਦੇਖਿਆ। ਬੜਾ ਚੰਗਾ ਲੱਗਿਆ। ...ਪਰ ਪੈਰ 'ਚੋਂ ਚੱਕਰ ਨਾ ਗਿਆ। ਕਦੇ ਕਿਸੇ ਪਿੰਡ ਤੇ ਕਦੇ ਕਿਸੇ। ਨਿੱਕੇ-ਨਿੱਕੇ ਤਾਂ ਪਿੰਡ ਸਨ। ਬਦਨਾਮੀ ਤੋਂ ਵੀ ਬੱਚਤ ਹੋ ਜਾਂਦੀ।



○ ਇਕ ਵਾਰ ਫੇਰ ਸਭ ਕੁਝ ਛੱਡ ਛਡਾ ਕੇ ਉਹਨਾਂ ਨੇ ਮੱਧ ਪ੍ਰਦੇਸ਼ ਦੇ ਆਦੀ ਵਾਸੀਆਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫੇਰ ਘੁੰਮਦੇ ਘੁਮਾਂਦੇ ਪੱਛਮੀ ਬੰਗਾਲ ਦੇ ਨਕਸਲਬਾੜੀ ਇਲਾਕੇ 'ਚ ਆ ਗਏ। ਜਿੱਥੇ ਉਹਨਾਂ ਦੀ ਮੁਲਾਕਾਤ ਕਈ ਕਾਮਰੇਡਾਂ ਨਾਲ ਹੋਈ। ਉਹ ਕਮਿਊਨਿਸਟ ਪਾਰਟੀ ਦੇ ਖੇਤੀਹਾਰ ਵਿੰਗ 'ਚ ਕੰਮ ਕਰਨ ਲੱਗ ਪਏ। ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਰਹਿਣ ਦੀ ਜਾਚ ਤਾਂ ਆਉਂਦੀ ਈ ਸੀ, ਹੁਣ ਉਹਨਾਂ ਦੀ ਬਸਤੀ, ਤੇ ਫੇਰ ਕੁੱਲੀ ਤੇ ਘਰ 'ਚ ਰਹਿਣ ਲੱਗ ਪਏ। ਜਿਥੇ ਇਕ ਖਚਰੇ ਕਾਮਰੇਡ ਨਾਲ ਵਾਹ ਪੈ ਗਿਆ। ਉਹ ਰੋਜ਼ ਰਾਤ ਨੂੰ ਦਾਰੂ ਪੀਂਦਾ ਸੀ। ਫੇਰ ਬੰਦੇ ਕੱਠੇ ਕਰ ਕੇ ਭਾਸ਼ਣ ਦੇਂਦਾ ਜਾਂ ਨਾਟਕ ਖੇਡਦਾ ਸੀ। ਗੱਲਾਂ ਨਾਲ ਉਹ ਬੰਦਿਆਂ ਨੂੰ ਕੀਲ ਲੈਂਦਾ ਸੀ। ਉਹ ਕੱਲਾ ਈ ਦੋ ਤਿੰਨ ਪਾਤਰਾਂ ਦੇ ਰੋਲ ਕਰ ਲੈਂਦਾ ਸੀ। ਪਹਿਲਾਂ ਉਹਨੇ ਕਾਮਰੇਡ ਜੀ ਨੂੰ ਵੀ ਆਪਣੇ ਨਾਲ ਦਾਰੂ ਪੀਣ ਲਾ ਲਿਆ। ਫੇਰ ਵੀਰਾਨ ਜਿਹੀ ਥਾਂ 'ਤੇ ਬਣੀ ਕੁੱਲੀ 'ਚ ਤੀਵੀਂ ਲਿਆਓਣ ਲੱਗ ਪਿਆ ਤੇ ਫੇਰ ਆਪ ਈ ਪੰਚਾਇਤ 'ਚ ਕਾਮਰੇਡ ਜੀ ਦੀ ਸ਼ਿਕਾਇਤ ਕਰ ਦਿੱਤੀ। ਹਾਲਾਤ ਐਸੇ ਪੈਦਾ ਕਰ ਦਿੱਤੇ ਕਿ ਘਨਸ਼ਾਮ ਜੀ ਨੂੰ ਓਥੋਂ ਚੋਰੀ ਭੱਜਣਾ ਪੈ ਗਿਆ।

○ ਏਸ ਤੋਂ ਬਾਅਦ ਕਾਮਰੇਡ ਬਿਹਾਰ ਵੱਲ ਦੇ ਇਲਾਕੇ 'ਚ ਚਲੇ ਗਏ। ਜਿੱਥੇ ਗਰੀਬ ਕਿਸਾਨਾਂ 'ਚ ਕੰਮ ਕਰਦਿਆਂ ਉਹਨਾਂ ਨੂੰ ਲੱਗਿਆ ਕਿ ਏਸ ਨਾਲ ਕੋਈ ਕਰਾਂਤੀ ਕਰੂੰਤੀ ਨਹੀਂ ਆਉਂਣੀ ਸਹੁਰੀ। ਉਹ ਨਿਰਾਸ਼ ਹੋ ਗਏ ਜਦ ਪਹਿਲੇ ਵਰਗੇ ਸ਼ਰਾਬੀ ਜਿਹੇ ਇਕ ਕਾਮਰੇਡ ਨੇ ਉਹਨਾਂ 'ਤੇ ਕੇਸ ਪਾ ਦਿੱਤਾ ਪੰਚਾਇਤ 'ਚ। ਫੇਰ ਪੁਲਸ ਚੌਕੀ 'ਚ ਰਪਟ ਵੀ ਲਿਖਵਾ ਦਿੱਤੀ। ਕਾਮਰੇਡ ਜੀ ਨੇ ਦੱਸਿਆ, "ਮੈਨੂੰ ਓਸ ਕਾਮਰੇਡ ਦੀ ਕਦੇ ਸਮਝ ਨਹੀਂ ਸੀ ਪਈ ਕਿ ਉਹ ਕੀਹਦੇ ਵਾਸਤੇ ਕੰਮ ਕਰਦਾ ਪਿਆ ਏ। ਉਹਦਾ ਪਤਾ ਨਹੀਂ ਸੀ ਹੁੰਦਾ ਕਿ ਉਹਨੇ ਰਾਤ ਕਿੱਥੇ ਕੱਟਨੀ ਏ ?... ਇਕ ਵਾਰ ਉਹਨੂੰ ਆਪਣੀ ਕੁੜੀ ਦੇ ਵਿਆਹ 'ਤੇ ਪੈਸੇ ਚਾਹੀਦੇ ਸੀ। ਮੈਂ ਉਹਦੇ ਨਾਲ ਲੱਗ ਕੇ ਡਾਕਖਾਨੇ ਦਾ ਜਿੰਦਾ ਤੋੜਿਆ ਸੀ। ...ਪਰ ਉਹਨੇ ਮੇਰਾ ਕੋਈ ਅਹਿਸਾਨ ਨਹੀਂ ਸੀ ਮੰਨਿਆ। ਉਹਨੇ ਇਕ ਰਾਤ ਸ਼ਰਾਬੀ ਹੋਏ ਨੇ ਓਸ ਔਰਤ ਦੇ ਪਤੀ ਨਾਲ ਰਲ਼ ਕੇ ਮੇਰੇ 'ਤੇ ਹਮਲਾ ਕਰ ਦਿੱਤਾ। ਮੈਂ ਭੱਜ ਕੇ ਕਾਮਰੇਡ ਬੋਸ ਦੇ ਘਰ ਜਾ ਵੜਿਆ। ਮੇਰੇ ਦੋ ਤਿੰਨ ਸੋਟੀਆਂ ਵੱਜੀਆਂ- ਬਾਂਹਾਂ ਤੇ ਮੋਢੇ 'ਤੇ। ਮੈਂ ਫੈਸਲਾ ਕਰ ਲਿਆ ਬੰਗਾਲ ਛੱਡਣ ਦਾ। ਦੂਜੇ ਦਿਨ ਕਾਮਰੇਡ ਬੋਸ ਨੇ ਮੇਰੇ ਨਾਲ ਇਕ ਹੋਰ ਕਿਸਾਨ ਕਾਮਰੇਡ ਭੇਜਿਆ ਜੰਗਲ ਟਪਾਓਣ ਲਈ। ਸਾਡੇ ਮੋਢਿਆਂ 'ਤੇ ਝੋਲੇ ਸਨ । ਮੇਰੇ ਹੱਥ 'ਚ ਦਾਤ ਤੇ ਉਹਦੇ ਹੱਥ 'ਚ ਬਰਛਾ ਸੀ। ਦਿਨ ਚੜ੍ਹਦੇ ਨੂੰ ਅਸੀਂ ਹਾਟ ਬਜ਼ਾਰ ਪਹੁੰਚ ਗਏ। ਅਸੀਂ ਚਾਹ ਪਾਣੀ ਪੀਤਾ ਤੇ ਉਹ ਮੈਨੂੰ ਇਕ ਟਰੱਕ 'ਚ ਬਹਾ ਕੇ ਮੁੜ ਗਿਆ। ਮੈਂ ਤਿੰਨ ਦਿਨ ਚਾਰ ਰਾਤਾਂ ਕਦੇ ਟਰੱਕ 'ਚ, ਕਦੇ ਬਸ 'ਚ ਤੇ ਕਦੇ ਟਰੇਨ 'ਚ ਸਫਰ ਕਰਦਾ ਦਿੱਲੀ ਆ ਗਿਆ। ਓਥੇ ਮੇਰੀਆਂ ਬੜੀਆਂ ਠਾਹਰਾਂ। ਆਰੀਆ ਸਮਾਜੀਆਂ ਤੇ ਸੰਘ ਵਾਲਿਆਂ ਦੇ ਘਰਾਂ ਦੇ ਬੂਹੇ ਖੁੱਲ੍ਹੇ।... ਓਥੇ ਮੈਂ ਇਕ ਹਿੰਦੀ ਅਖਬਾਰ 'ਚ ਕੰਮ ਸਿੱਖਿਆ। ਫੇਰ ਪੰਜਾਬ ਆ ਕੇ ਕਬੀਲਦਾਰੀ ਗਲ਼ ਪਾ ਲਈ ਸਹੁਰੀ। ਯਸ਼ ਜੀ ਨੂੰ ਮੈਂ ਆਰੀਆ ਸਮਾਜੀ ਪ੍ਰਚਾਰਕ ਹੋ ਕੇ ਟੱਕਰਿਆ। ਉਹਨਾਂ ਮੈਨੂੰ ਰੱਖ ਲਿਆ।"

○ ਜੇਲ੍ਹ 'ਚ ਈ ਇਕ ਰਾਤ ਕਾਮਰੇਡ ਜੀ ਨੇ ਮੈਨੂੰ ਹੈਰਾਨ ਕਰਨ ਵਾਲੀ ਇਕ ਗੱਲ ਇਹ ਵੀ ਦੱਸੀ ਕਿ ਅਖਬਾਰ 'ਚ ਆ ਕੇ ਉਹ ਸੀ. ਆਈ. ਡੀ. ਦੇ 'ਪੇ ਰੋਲ' 'ਤੇ ਹੋ ਗਏ ਸੀ। ਹੁਣ ਵੀ ਹੈਗੇ। ਐਸ਼ ਸਾਹਿਬ ਵੀ ਹੈਨ। ਹਰੇਕ ਚੰਗੇ ਅਖਬਾਰ ਦਾ ਇਕ-ਇਕ ਚੀਫ ਸਬ-ਐਡੀਟਰ ਪੇ ਰੋਲ 'ਤੇ ਹੁੰਦਾ ਏ। ... ਤਦੇ ਮੈਨੂੰ ਯਾਦ ਆਇਆ ਕਿ 'ਮਿਲਾਪ' ਦੇ ਦਫਤਰ ਦੇ ਪਿਛਲੇ ਪਾਸੇ ਡੰਗਰਾਂ ਵਾਲੇ ਹਸਪਤਾਲ ਦੇ ਨੇੜੇ ਪੁਰਾਣੀ ਬਿਲਡਿੰਗ ਵਿਚ ਜਿਹੜਾ ਸੀ. ਆਈ. ਡੀ. ਦਾ ਦਫਤਰ ਹੁੰਦਾ ਸੀ, ਓਥੋਂ ਇਕ ਤਕੜਾ ਜਵਾਨ ਸੋਨੇ ਦਾ ਦੰਦ ਚਮਕਾਉਂਦਾ ਮਿਲਾਪ ਦੇ ਦਫਤਰ ਆਇਆ ਕਰਦਾ ਸੀ।

ਉਹ ਹੱਸਦਾ ਹੋਇਆ ਕਾਮਰੇਡ ਘਨਸ਼ਾਮ ਤੇ ਐਸ਼ ਸਾਹਿਬ ਨਾਲ ਗੱਲਾਂ ਕਰ ਕੇ ਚਲਿਆ ਜਾਂਦਾ ਹੁੰਦਾ ਸੀ।... ਜਦ ਮੈਂ ਪੁੱਛਿਆ ਕਿ ਤੁਸੀਂ ਉਹਨੂੰ ਕੀ ਦੱਸਦੇ ਸੀ ਤਾਂ ਕਾਮਰੇਡ ਜੀ ਨੇ ਕਿਹਾ,"ਦੱਸਣਾ ਕੀ ਸੀ ? ਅਸੀਂ ਨਿਊਜ਼ ਏਜੰਸੀਆਂ ਤੇ ਪ੍ਰਤੀਨਿਧੀਆਂ ਤੋਂ ਆਈਆਂ ਖਬਰਾਂ ਦੀਆਂ ਸੁਰਖੀਆਂ ਲਿਖ ਕੇ ਦੇ ਦੇਂਦੇ ਸੀ, ਇਕ ਕਾਗਜ 'ਤੇ। ਉਹ ਸਰਕਾਰੀ ਫਾਈਲ 'ਚ ਲਾ ਦੇਂਦਾ ਸੀ। ਸਾਡਾ ਦੋਹਾਂ ਦਾ ਸਰੀ ਜਾਂਦਾ ਸੀ।

8. ਕਾਮਰੇਡ ਜੀ ਨੇ ਹੈਰਾਨ ਕਰਨ ਵਾਲੀ ਇਕ ਹੋਰ ਗੱਲ ਇਹ ਦੱਸੀ ਕਿ ਕਿਸ਼ਨਪੁਰੇ ਦੀਆਂ ਮੜ੍ਹੀਆਂ ਕੋਲ ਬਣੇ ਉਹਨਾਂ ਦੇ ਘਰ 'ਚ ਰਾਤ ਕੱਟਨ ਲਈ ਲਾਲ ਪਾਰਟੀ ਸਮੇਤ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਅੰਡਰ ਗਰਾਊਂਡ ਲੀਡਰ ਤੇ ਵਰਕਰ ਗੁਪਤਵਾਸ ਕਰਦੇ ਸਨ। ਜਿਨ੍ਹਾਂ 'ਚ ਕਾਮਰੇਡ ਬੂਝਾ ਸਿੰਘ ਤੇ ਗੰਧਰਵ ਸੈਨ ਵੀ ਸ਼ਾਮਲ ਸਨ। ਸਵੇਰੇ ਜਦ ਇੰਟੈਲੀਜੈਂਸ ਵਾਲੇ ਖਬਰ ਲੈਣ ਆਉਂਦੇ ਸੀ ਤਾਂ ਜੇ ਕੋਈ ਕਾਮਰੇਡ ਜਾਂਦਾ ਹੁਸ਼ਿਆਰਪੁਰ ਨੂੰ ਹੁੰਦਾ ਸੀ ਤੇ ਉਹ ਨਕੋਦਰ ਦੱਸ ਦੇਂਦੇ ਸਨ। ਏਸ ਤਰ੍ਹਾਂ ਪੁਲਸ ਨੂੰ ਪੁੱਠੇ ਰਾਹ ਤੋਰੀ ਰੱਖਦੇ ਸਨ। ... ਏਸ ਥਾਂ 'ਤੇ ਪਹੁੰਚ ਕੇ ਮੈਨੂੰ ਇਹ ਨਹੀਂ ਸੀ ਸਮਝ ਪੈਂਦੀ ਕਿ ਕਾਮਰੇਡ ਜੀ ਪੈਸੇ ਦੇਂਦੀ ਪੁਲਸ ਨੂੰ ਧੋਖਾ ਦੇ ਕੇ ਕਾਮਰੇਡਾਂ ਨੂੰ ਬਚਾਉਂਦੇ ਸਨ ਜਾਂ ਕਾਮਰੇਡਾਂ ਨੂੰ ਹਮਦਰਦ ਹੋਣ ਦਾ ਧੋਖਾ ਦੇ ਕੇ ਫਸਾਉਂਦੇ ਸਨ।

ਕਾਮਰੇਡ ਜੀ ਦੀਆਂ ਇਹ ਗੱਲਾਂ ਸੁਣਦਿਆਂ ਮੈਨੂੰ ਲੱਗਦਾ ਰਹਿੰਦਾ ਕਿ ਹੁਣ ਉਹ ਝੂਠ ਬੋਲਦੇ ਪਏ ਨੇ। ਖਵਰੇ ਇਹ ਪੁਲਸ ਨੂੰ ਧੋਖਾ ਦੇਣ ਦੀ ਥਾਂ ਕਾਮਰੇਡਾਂ ਨੂੰ ਈ ਧੋਖਾ ਦੇਂਦੇ ਰਹੇ ਹੋਣ। ਫੇਰ ਖਿਆਲ ਆਉਂਦਾ ਕਿ ਕੀ ਪਤਾ ਇਹ ਇਹ ਠੀਕ ਈ ਹੋਣ। ਕਦੇ-ਕਦੇ ਤਾਂ ਉਹ ਮੈਨੂੰ ਬਹੁਤ ਈ ਸੱਚੇ ਸੁੱਚੇ ਇਨਸਾਨ ਲੱਗਦੇ ਸਨ। ਉਹ ਏਨੇ ਤਿਆਗੀ ਸਨ ਕਿ ਆਪਣੇ ਬੱਚਿਆਂ ਵਾਸਤੇ ਕੁਝ ਵੀ ਨਹੀਂ ਸੀ ਕਰਦੇ। ਲੋੜਵੰਦਾਂ ਦੀ ਸੇਵਾ ਲਈ ਉਹ ਅੱਧੀ ਰਾਤ ਨੂੰ ਵੀ ਉੱਠ ਕੇ ਤੁਰ ਪੈਂਦੇ ਸਨ। ਉਹ ਫਿਲਮਾਂ ਨਹੀਂ ਸੀ ਦੇਖਦੇ। ਕੋਈ ਨਸ਼ਾ ਨਹੀਂ ਸਨ ਕਰਦੇ। ਕਦੇ ਕਦਾਈ ਇਕ ਅੱਧ ਸਿਗਰਟ ਪੀ ਲੈਂਦੇ ਸੀ। ਸਾਧਾਂ ਸੰਤਾਂ ਵਰਗੀ ਸਾਦਾ ਰਹਿਣੀ ਬਹਿਣੀ ਸੀ ਉਹਨਾਂ ਦੀ।

ਉਹ ਮੇਰੇ ਆਦਰਸ਼ ਨਗਰ ਵਾਲੇ ਮਕਾਨ 'ਚ ਤਾਂ ਘੱਟ ਵੱਧ ਈ ਆਉਂਦੇ ਸਨ, ਪਰ ਮੋਤਾ ਸਿੰਘ ਨਗਰ ਵਾਲੇ ਮਕਾਨ 'ਚ ਅਕਸਰ ਆ ਜਾਂਦੇ। ਅਸੀਂ ਪਾਰਕ 'ਚ ਲੱਗੇ ਸ਼ਤੂਤ ਦੀ ਛਾਵੇਂ ਬਹਿੰਦੇ ਤੇ ਗੋਕੀ ਲੱਸੀ ਪੀਂਦੇ ਗੱਲਾਂ ਕਰਦੇ ਰਹਿੰਦੇ। ਮੈਨੂੰ ਉਹਨਾਂ ਦੀਆਂ ਗੱਲਾਂ ਵਿਚੋਂ ਕਦੇ ਕਿਤੇ ਹਿੰਦੂ ਬੋਲਦਾ ਸੁਣੀਂਦਾ ਤੇ ਕਦੇ ਕਾਮਰੇਡ। ਉਹ ਹੌਲੀ ਅਵਾਜ਼ 'ਚ ਵਿਚ-ਵਿਚ ਮੁਸਕਰਾਂਦੇ ਆਪਣੇ ਪਿੱਛੇ ਦੀਆਂ ਗੱਲਾਂ ਸੁਣਾਂਦੇ ਰਹਿੰਦੇ।

**49 ਦਿਨਾਂ ਦੀ ਹੜਤਾਲ**

1973 'ਚ ਜਲੰਧਰ ਦੇ ਬਾਰਾਂ ਅਖਬਾਰਾਂ 'ਚ 49 ਦਿਨਾਂ ਦੀ ਲੰਮੀ ਹੜਤਾਲ ਹੋਈ। ਜਿਹੜੀ ਇਤਿਹਾਸਕ ਘਟਨਾ ਏ। ਏਨੇ ਦਿਨ ਕੋਈ ਅਖਬਾਰ ਨਹੀਂ ਸੀ ਛਪਿਆ। 'ਹਿੰਦ ਸਮਾਚਾਰ' ਸਮੂਹ ਅਖਬਾਰਾਂ ਦੇ ਮਾਲਕ ਵੀ ਹੋਰਾਂ ਵਾਂਗ ਵਰਕਰਾਂ ਨਾਲ ਧੱਕਾ ਕਰਦੇ ਸੀ। ਕਾਨੂੰਨ ਦੀ ਵਿਆਖਿਆ ਆਪਣੀ ਮਰਜ਼ੀ ਨਾਲ ਕਰਦੇ ਸੀ। ਵੇਜ ਬੋਰਡ ਦੇ ਫੈਸਲੇ ਅਨੁਸਾਰ ਉਹਨਾਂ ਨੂੰ ਗਰੇਡ ਦੇਣਾ ਪੈਂਦਾ ਸੀ। ਵਰਕਰ ਮੋਟਾ ਬੋਨਸ ਭਾਲਦੇ ਸੀ। ਵਰਕਿੰਗ ਜਰਲਿਸਟਾਂ ਦੀ ਯੂਨੀਅਨ ਦਾ ਪ੍ਰਧਾਨ ਇੰਦਰਜੀਤ ਸੂਦ ਹਿੰਦੂ ਸਭਾਈ ਸੀ। ਮਾਲਕਾਂ ਉਹਦੇ ਖਿਲਾਫ ਇਨਕੁਆਇਰੀ ਕਮੀਸ਼ਨ ਬਿਠਾਇਆ ਹੋਇਆ ਸੀ। ਉਹਨੇ ਗੁੱਸੇ 'ਚ ਆ ਕੇ ਹੜਤਾਲ ਕਰਾ ਦਿੱਤੀ। ਜਿਸ ਦੀ ਹਮਾਇਤ ਪੰਜਾਬ ਦੀ ਕਾਂਗ੍ਰਸੀ ਸਰਕਾਰ ਤੇ 'ਨਵਾਂ ਜ਼ਮਾਨਾ' ਵਾਲੇ ਵੀ ਕਰਦੇ ਸਨ। ਜਿਨ੍ਹਾਂ ਦੀ ਨਾ ਰੰਨ ਸੀ , ਨਾ ਕੰਨ। ... ਅਸਲ 'ਚ ਇਹ ਸਾਰੇ 'ਹਿੰਦ ਸਮਾਚਾਰ' ਦੀ ਤਰੱਕੀ ਤੋਂ ਔਖੇ ਸਨ।



ਜਦ ਹੜਤਾਲ ਹੋਈ ਨੂੰ 47 ਕੁ ਦਿਨ ਹੋ ਗਏ ਤਾਂ ਵਰਕਰ ਵੀ ਔਖੇ ਹੋ ਗਏ। ਆਪਣੀ ਤਨਖਾਹ ਨਾਲੋਂ ਵੱਧ ਉਹਨਾਂ ਨੂੰ ਓਵਰ ਟਾਈਮ ਗਵਾਣ ਦਾ ਫਿਕਰ ਸੀ। ਨੇਤਾ ਲੋਕ ਸਰਕਾਰ ਤੋਂ ਮਿਲਿਆ ਪੈਸਾ ਖਾ ਰਹੇ ਸਨ। ਕੁਝ ਵਰਕਰ ਹੜਤਾਲ ਤੁੜਵਾਣ ਦੀਆਂ ਗੱਲਾਂ ਕਰਨ ਲੱਗ ਪਏ। ਗੁਪਤ ਮੀਟਿੰਗਾਂ ਹੋਣ ਲੱਗੀਆਂ।.... ਇਕ ਦਿਨ ਮੈਨੂੰ ਮਿਲਾਪ ਚੌਕ 'ਚ ਖੜ੍ਹੇ ਨੂੰ ਦੋ ਕਾਤਿਬਾਂ ਨੇ ਦੱਸਿਆ ਕਿ ਕਾਮਰੇਡ ਘਨਸ਼ਾਮ ਦੇ ਘਰ ਗੁਪਤ ਮੀਟਿੰਗ ਹੋ ਰਹੀ ਏ। ਮੈਂ ਗਿਆ ਤਾਂ ਬਹਿਸ ਹੋ ਰਹੀ ਸੀ। ਮੈਂ ਵੀ ਗਰਮੀ 'ਚ ਬੋਲਦਿਆਂ ਕਿਹਾ ਕਿ ਜੇ ਹੜਤਾਲ ਵਾਪਸ ਲੈਣੀ ਐ ਤਾਂ ਪ੍ਰਧਾਨ ਤੇ ਜ਼ੋਰ ਪਾਇਆ ਜਾਵੇ, ਪਰ ਤੋੜੀ ਨਾ ਜਾਵੇ। ... ਰੌਲੇ ਗੌਲੇ 'ਚ ਅਸਫਲ ਹੋਈ ਮੀਟਿੰਗ ਮੁੱਕ ਗਈ। ਕਾਮਰੇਡ ਘਨਸ਼ਾਮ ਕੁਝ ਨਹੀਂ ਬੋਲੇ।

ਦੂਜੇ ਦਿਨ ਪਤਾ ਲੱਗਿਆ ਕਿ ਕੁਝ ਵਰਕਰ 'ਹਿੰਦ ਸਮਾਚਾਰ' ਦੇ ਦਫਤਰ 'ਚ ਜਾ ਬੈਠੇ ਨੇ। ਉਹਨਾਂ 'ਚ ਕਾਮਰੇਡ ਘਨਸ਼ਾਮ ਜੀ ਤੇ ਕਾਮਰੇਡ ਬੰਤ ਸਿੰਘ ਵੀ ਨੇ। ਅੱਜ ਉਹ ਰਸਮੀ ਤੌਰ 'ਤੇ ਅਖਬਾਰ ਦੇ ਦੋ ਵਰਕੇ ਤਿਆਰ ਕਰਨਗੇ। ਪਰ ਉਹ ਛਪਣੇ ਨਹੀਂ।

ਸ਼ਾਮ ਨੂੰ ਪਤਾ ਲੱਗਿਆ ਕਿ ਸਮਝੌਤੇ ਦਾ ਡਰਾਫਟ ਤਿਆਰ ਹੋ ਗਿਆ ਏ। ਦਸਤਖਤ ਹੋਣੇ ਬਾਕੀ ਨੇ। ਮੈਨੂੰ ਰਮੇਸ਼ ਜੀ ਦਾ ਸੁਨੇਹਾ ਮਿਲਿਆ ਕਿ ਮੈਂ ਉਹਨਾਂ ਨੂੰ ਮਿਲਾਂ। ਪਤਾ ਲੱਗਿਆ ਕਿ ਸੂਦ ਸਾਹਿਬ ਦਸਤਖਤ ਕਰਦੇ- ਕਰਦੇ ਉੱਠ ਕੇ ਚਲੇ ਗਏ ਨੇ। ਮੈਂ ਉਹਨਾਂ ਨੂੰ ਘਰ ਜਾ ਕੇ ਮਿਲਾਂ।... ਸਵੇਰ ਨੂੰ ਮੈਂ ਉਹਨਾਂ ਦੇ ਘਰ ਗਿਆ ਤਾਂ ਬਹਿਸ-ਬਹਿਸ 'ਚ ਸਾਡਾ ਝਗੜਾ ਹੋ ਗਿਆ। ਅਖੀਰ ਉਹਨਾਂ ਦੀ ਪਤਨੀ ਨੇ ਵਿਚ ਵਿਚਾਅ ਕਰਾ ਕੇ ਗੱਲ ਮੁਕਾਈ।

ਅਗਲੇ ਦਿਨ ਹੜਤਾਲ ਆਪੇ ਟੁੱਟ ਚੁੱਕੀ ਸੀ। ਅਸੀਂ 'ਹਿੰਦ ਸਮਾਚਾਰ' ਦੇ ਗੇਟ 'ਤੇ ਮੁਜ਼ਾਹਰਾ ਕੀਤਾ। ਨੇਤਾਵਾਂ ਨੇ ਗਾਹਲਾਂ ਵਰਗੇ ਨਾਹਰੇ ਲਾਏ। ਤੇ ਸਾਰੇ ਵਰਕਰ ਸਿਰ ਨੀਵੇਂ ਕਰ ਕੇ ਪੌੜੀਆਂ ਚੜ੍ਹ ਕੇ ਕੁਰਸੀਆਂ 'ਤੇ ਜਾ ਬੈਠੇ। .... ਰਮੇਸ਼ ਜੀ ਨੇ ਸਭ ਨੂੰ ਬੁਲਾ ਕੇ ਕੁਝ ਝਾੜਾਂ ਪਾਈਆਂ, ਕੁਝ ਐਕਸ਼ਨ ਨਾ ਲੈਣ ਦਾ ਵਿਸ਼ਵਾਸ ਦਿਵਾਇਆ। ਤੇ ਸਖ਼ਤ ਗਿਲਾ ਉਹਨਾਂ ਗਾਹਲਾਂ ਦਾ ਕੀਤਾ, ਜਿਹੜੀਆਂ ਸਾਡੇ ਲੀਡਰਾਂ ਨੇ ਕੱਢੀਆਂ ਸਨ।

ਹੜਤਾਲ ਦੇ ਬਾਅਦ ਜਿਨ੍ਹਾਂ ਨੂੰ ਓਵਰਟਾਈਮ ਦੇ ਗੱਫੇ ਮਿਲੇ, ਉਹਨਾਂ ਵਿਚ ਕਾਮਰੇਡ ਘਨਸ਼ਾਮ ਜੀ ਤੇ ਕਾਮਰੇਡ ਬੰਤ ਸਿੰਘ ਖਾਸ ਸਨ। ਮੈਨੂੰ ਵੀ ਪ੍ਰਧਾਨ ਨੂੰ ਮਨਾਉਣ ਲਈ ਇਕ ਸਾਲ ਅਨੁਵਾਦ ਦਾ ਕੰਮ ਮਿਲਦਾ ਰਿਹਾ ਸੀ। ਕਾਮਰੇਡ ਬੰਤ ਸਿੰਘ ਨਕਸਲੀ ਲਹਿਰ ਦੇ ਬਠਿੰਡਾ ਯੂਨਿਟ ਦੇ ਮੁਢਲੇ ਮੈਂਬਰਾਂ 'ਚੋਂ ਸੀ। ਜਾਨ ਬਚਾਉਂਦਾ ਨਵੇਂ ਜ਼ਮਾਨਾ 'ਚ ਆ ਬੈਠਿਆ ਸੀ। ਸੰਤੋਖ ਸਿੰਘ ਧੀਰ ਦਾ ਜਵਾਈ ਹੋਣ ਕਰ ਕੇ ਮੈਂ ਉਹਦਾ ਮਾਣ ਜਵਾਈ ਭਾਈ ਵਾਂਗ ਕਰਦਾ ਸੀ। ਉਹਨੂੰ ਨਵੇਂ ਜ਼ਮਾਨੇ ਤੋਂ ਮੈਂ ਹੀ ਜੱਗ ਬਾਣੀ 'ਚ ਲਿਆਇਆ ਸੀ। ਉਹ ਬਹੁਤ ਜ਼ਹੀਨ ਤੇ ਕੰਮ ਕਰਨ ਵਾਲਾ ਬੰਦਾ ਸੀ। ਪਰ ਅੰਤਲੇ ਦਿਨਾਂ 'ਚ ਉਹ ਘਨਸ਼ਾਮ ਜੀ ਨਾਲ ਰਲ਼ ਕੇ ਸਭ ਤੋਂ ਵੱਡਾ ਗੱਦਾਰ ਬਣ ਗਿਆ ਸੀ। ... ਅਫਸੋਸ ਕਿ ਬਾਅਦ 'ਚ ਖਾਲਿਸਤਾਨੀ ਅੱਤਵਾਦੀਆਂ ਨੇ ਉਹਨੂੰ ਘਰ ਜਾਂਦੇ ਨੂੰ ਮਾਰ ਦਿੱਤਾ ਸੀ ਤੇ ਸੂਦ ਨੂੰ ਸਟੇਸ਼ਨ ਵੱਲ ਜਾਂਦੇ ਨੂੰ।

ਮੈਂ ਤੇ ਕਾਮਰੇਡ ਘਨਸ਼ਾਮ ਜੀ ਪਹਿਲੇ ਦੋ ਕੁ ਸਾਲ ਜਦ ਕਦੇ ਵੀ ਕੱਠੇ ਹੁੰਦੇ, ਜੇਲ੍ਹ 'ਚ ਹੋਈਆਂ ਗੱਲਾਂ ਦੁਹਰਾ ਲੈਂਦੇ ਸੀ। ਇਹਦੀ ਮੈਨੂੰ ਏਸ ਲਈ ਵੀ ਲੋੜ ਸੀ ਕਿ ਮੈਂ 'ਦਸਤਾਵੇਜ਼' ਤੇ ਨਕਸਲੀ ਲਹਿਰ ਨਾਲ ਜੁੜੀਆਂ ਹੋਰ ਕਹਾਣੀਆਂ ਲਿਖ ਰਿਹਾ ਸੀ। ਕਿਸੇ ਛੁੱਟੀ ਵਾਲੇ ਦਿਨ ਮੈਂ ਉਹਨਾਂ ਦੇ ਘਰ ਚਲਿਆ ਜਾਂਦਾ। ਉਹਨਾਂ ਦੇ ਤਿੰਨ ਬੱਚੇ ਸਨ। ਪਰ ਉਹ ਕਦੇ ਉਹਨਾਂ ਦਾ ਜ਼ਿਕਰ ਨਹੀਂ ਸੀ ਕਰਦੇ। ਨਾ ਈ ਉਹਨਾਂ ਦਾ ਖਿਆਲ ਕਰਦੇ ਸਨ। ਟੀਨ ਦੇ ਛਤਣੇ ਹੇਠ ਚਾਹ ਪੀਂਦਿਆਂ ਮੈਨੂੰ ਉਹਨਾਂ ਦੀ ਪਤਨੀ

ਅੰਦਰ ਫਿਰਦੀ ਦਿਸੀ। ਘਸੀ ਧੋਤੀ ਵਾਲੀ ਉਹ ਔਰਤ ਅੰਦਰੋਂ ਦਿਸਦੀ ਗਰੀਬੀ ਦਾ ਹਿੱਸਾ ਸੀ। ਪਰ ਮੈਂ ਜਦ ਵੀ ਜਾਂਦਾ ਤਾਂ ਉਹਨਾਂ ਦਾ ਵਿਹੜਾ ਵੱਡਾ ਹੋਇਆ ਦਿਸਦਾ ਸੀ। ਫੁੱਲਾਂ ਦੀ ਕਿਆਰੀ ਬਾਹਰ ਨੂੰ ਨਿੱਕਲਦੀ ਜਾਂਦੀ ਸੀ। ... ਮੈਨੂੰ ਕਿਸ਼ਨਪੁਰੇ 'ਚ ਰਹਿਣ ਵਾਲੇ ਇਕ ਪ੍ਰੈਸ ਵਰਕਰ ਨੇ ਦੱਸਿਆ ਕਿ ਇਹ ਮਕਾਨ ਕਾਮਰੇਡ ਜੀ ਨੇ ਝੂਠਾ ਰਫਿਊਜੀ ਬਣ ਕੇ ਅਲਾਟ ਕਰਾਇਆ ਹੋਇਆ ਏ। ... ਖਬਰੇ ਉਹ ਵਰਕਰ ਕਾਮਰੇਡ ਨਾਲ ਖਾਰ ਖਾਂਦਾ ਹੋਵੇ ਕਿਸੇ ਗੱਲੋਂ।

ਜਦ ਮੈਂ ਇਹਦੇ ਬਾਰੇ ਗੱਲ ਕਾਮਰੇਡ ਜੀ ਨਾਲ ਕੀਤੀ ਤਾਂ ਉਹ ਕਹਿੰਦੇ ਹੋਰ ਬਥੇਰੇ ਜਰਨਲਿਸਟਾਂ ਨੇ ਅਲਾਟਮੈਂਟਾਂ ਕਰਾਈਆਂ ਹੋਈਆਂ ਨੇ। ਹੁਣ ਜੇ ਖਾਲੀ ਥਾਂ 'ਤੇ ਮੈਂ ਕਿਆਰੀ ਨਾ ਬਣਾਈ ਤਾਂ ਹੋਰ ਕਿਸੇ ਸਹੁਰੀ ਦੇ ਨੇ ਕੂੜਾ ਸਿੱਟਣਾ ਸ਼ੁਰੂ ਕਰ ਦੇਣੈ।

ਕਾਮਰੇਡ ਜੀ ਅਕਸਰ ਖਾਖੀ ਨਿੱਕਰ ਪਾਉਂਦੇ ਸੀ। ਇਕ ਦਿਨ ਮੈਂ ਇਹਦਾ ਭੇਤ ਪੁੱਛਿਆ ਤਾਂ ਕਹਿਣ ਲੱਗੇ , "ਇਹ ਮੈਨੂੰ ਅਨੁਸ਼ਾਸਨ 'ਚ ਰਹਿਣਾ ਸਿਖਾਉਂਦੀ ਏ। ਮੈਨੂੰ ਫੌਜੀ ਅਨੁਸ਼ਾਸਨ ਚੰਗਾ ਲੱਗਦਾ ਏ। ਮੇਰਾ ਦਿਲ ਕਰਦਾ ਏ ਕਿ ਕਾਮਰੇਡ ਵਰਦੀ 'ਚ ਹੋਣ। ਹੱਥ ਵਿਚ ਹੱਥਿਆਰ ਹੋਣ। ਤੇ ਆਰ. ਐਸ. ਐਸ. ਦੀ ਸ਼ਾਖਾ ਵਾਲੀ ਭਾਵਨਾ ਹੋਵੇ।"

**ਅੱਤਵਾਦ 'ਚ ਅਲੋਪ ਹੋ ਗਏ**

ਕੁਝ ਸਾਲਾਂ ਬਾਅਦ ਜਦ ਪਹਿਲਾਂ ਹਿੰਦ ਸਮਾਚਾਰ ਪੱਤਰ ਸਮੂਹ ਦੇ ਮਾਲਕ ਲਾਲਾ ਜਗਤ ਨਰਾਇਣ ਤੇ ਫੇਰ ਉਹਨਾਂ ਦੇ ਵੱਡੇ ਬੇਟੇ ਰਮੇਸ਼ ਜੀ ਨੂੰ ਖਾਲਿਸਤਾਨੀ ਅੱਤਵਾਦੀਆਂ ਨੇ ਕਤਲ ਕਰ ਦਿੱਤਾ ਤਾਂ ਛੋਟੇ ਬੇਟੇ ਵਿਜੇ ਜੀ ਉੱਤੇ ਆ ਕੇ ਸੰਪਾਦਕਾਂ ਨਾਲ ਸਿੱਝਣ ਲੱਗ ਪਏ। ਉਹ ਪ੍ਰੈਸ ਦੇ ਇੰਚਾਰਜ ਰਹੇ ਸਨ, ਉਹਨਾਂ ਨੂੰ ਖਬਰਾਂ ਤੇ ਭਾਸ਼ਾਵਾਂ ਦਾ ਬਹੁਤਾ ਪਤਾ ਨਹੀਂ ਸੀ। ਘਸੜ ਘੁਸੜ ਕੇ ਗੁਜ਼ਾਰਾ ਹੋ ਰਿਹਾ ਸੀ ਕਿ ਇਕ ਦਿਨ ਪਤਾ ਲੱਗਾ ਕਿ ਕਾਮਰੇਡ ਘਨਸ਼ਾਮ ਗਵਾਚ ਗਏ ਨੇ। ਕਈ ਦਿਨਾਂ ਤੋਂ ਉਹ ਨਾ ਦਫਤਰ ਆਏ ਨੇ ਤੇ ਨਾ ਈ ਘਰ।... ਅਖੀਰ ਹਫਤੇ ਕੁ ਬਾਅਦ ਇਕ ਦਿਨ ਸਾਨੂੰ ਕੁਝ ਮੋਹਤਬਰ ਐਡੀਟਰਾਂ ਨੂੰ ਵਿਜੇ ਜੀ ਨੇ ਆਪਣੇ ਕਮਰੇ 'ਚ ਬੁਲਾਇਆ। ਫੇਰ ਬੜੇ ਨਾਟਕੀ ਅੰਦਾਜ਼ 'ਚ ਇਕ ਕਾਗਜ਼ ਲਹਿਰਾ ਕੇ ਉਹਨਾਂ ਨੇ ਐਲਾਨ ਕੀਤਾ, "ਦੇਖੋ, ਕਾਮਰੇਡ ਘਨਸ਼ਾਮ ਜੀ ਦੀ ਚਿੱਠੀ ਆਈ ਏ।" ... ਉਹ ਪੜ੍ਹ ਕੇ ਸੁਣਾਈ ਗਈ। ਉਹਦੇ ਵਿਚ ਉਹਨਾਂ ਨੇ ਲਿਖਿਆ ਸੀ ਕਿ ਏਸ ਚਿੱਠੀ ਦੇ ਮਿਲਣ ਤਕ ਉਹ ਏਸ ਸੰਸਾਰ 'ਚ ਨਹੀਂ ਹੋਣਗੇ। ਇਹਦਾ ਕਾਰਣ ਕੋਈ ਹੋਰ ਨਹੀਂ, ਉਹਨਾਂ ਦਾ ਆਪਣਾ ਅੰਦਰਲਾ ਮਨ ਏ। ... ਫੇਰ ਮਰਨ ਵਾਲੇ ਨੇ ਮਿਲਣ ਵਾਲੀ ਤਨਖਾਹ, ਗ੍ਰੈਚੁਟੀ ਤੇ ਪ੍ਰਾਵੀਡੈਂਟ ਫੰਡ ਵਜੋਂ ਮਿਲਣ ਵਾਲੀ ਰਕਮ ਦੀ ਵੰਡ ਵੰਡਾਈ ਦਾ ਹਿਸਾਬ ਲਿਖਿਆ ਸੀ। ਸਾਰੀਆਂ ਦੇਣਦਾਰੀਆਂ ਦਾ ਲੇਖਾ ਸੀ। ਵਿਚੇ ਜਾਇਦਾਦ ਦੀ ਵੰਡ ਦੇ ਵਸੀਅਤਨਾਮੇ ਵਰਗੇ ਵਾਕ ਵੀ ਸਨ। ਉਹ ਨਾ ਕਿਸੇ ਦਾ ਕੁਝ ਲੈ ਕੇ ਤੇ ਨਾ ਈ ਛੱਡ ਕੇ ਜਾਣਾ ਚਾਹੁੰਦੇ ਸਨ।

ਪੜ੍ਹ ਕੇ ਵਿਜੇ ਜੀ ਬੋਲੇ,"ਖੰਨਵੀ ਜੀ, ਇਹ ਰਹੀ ਤੁਹਾਡੇ ਕਾਮਰੇਡ ਦੀ.... ਚਿੱਠੀ।" ਸ਼ਾਇਦ ਉਹ ਕਰਤੂਤ ਕਹਿਣਾ ਚਾਹੁੰਦੇ ਸੀ। ਮੇਰੇ ਵੱਲ ਟਿੱਚਰ ਨਾਲ ਝਾਕ ਕੇ ਉਹ ਹੱਸੇ। ਮੈਨੂੰ ਬੜਾ ਅਫਸੋਸ ਹੋਇਆ ਕਿ ਦੇਖੋ ਜੁਝਾਰੂ ਬੰਦਾ ਕਿਵੇਂ ਹਾਰ ਖਾ ਗਿਆ! ਦਫਤਰ 'ਚ ਕਈ ਦਿਨ ਇਹੋ ਚਰਚਾ ਹੁੰਦੀ ਰਹੀ। ਮੈਨੂੰ ਸ਼ਰਮਿੰਦਗੀ ਮਹਿਸੂਸ ਹੁੰਦੀ। ਮਾਲਕ ਵੀ ਉਹਦੇ ਵਿਰੁੱਧ ਬੋਲਦੇ ਰਹੇ ਜਿਨ੍ਹਾਂ ਲਈ ਉਹਨਾਂ ਹੜਤਾਲ ਤੁੜਵਾਈ ਸੀ।

ਦਸਾਂ ਕੁ ਦਿਨਾਂ ਬਾਅਦ ਕਾਮਰੇਡ ਜੀ ਅਚਾਨਕ ਆ ਗਏ। ਵਿਜੇ ਹੋਰਾਂ ਨੂੰ ਮਿਲ ਕੇ ਡਿਊਟੀ ਦੇਣ ਲੱਗ ਪਏ। ਮੈਂ ਉਹਨਾਂ ਦੇ ਅਲੋਪ ਹੋਣ ਬਾਰੇ ਕੋਈ ਗੱਲ ਨਾ ਕੀਤੀ। ਮਤੇ ਉਹ ਸ਼ਰਮਿੰਦਗੀ ਦਾ ਦੁੱਖ ਮੰਨਣ। ਉਹ ਪਹਿਲਾਂ ਨਾਲੋਂ ਵੀ ਕਿਤੇ ਵੱਧ ਚੁੱਪ ਹੋ ਗਏ ਸਨ। ਮੈਨੂੰ ਲੱਗਦਾ ਕਿ ਉਹਨਾਂ ਦੇ ਮਨ



'ਚ ਕੋਈ ਵੱਡਾ ਸੱਲ ਏ। ਜਿਹੜਾ ਉਹਨਾਂ ਨੂੰ ਬੇਚੈਨ ਕਰ ਰਿਹਾ ਏ। ਉਹਨਾਂ ਦਾ ਚਿਹਰਾ ਪੀਲਾ ਪੈਣ ਲੱਗ ਪਿਆ ਸੀ। ਉਹ ਕੰਮ ਬੇਦਿਲੀ ਨਾਲ ਕਰਦੇ ਸਨ।

ਹੁਣ ਕਾਮਰੇਡ ਜੀ ਨੇ ਕਿਸੇ ਦੇ ਘਰ ਜਾਣਾ ਛੱਡ ਦਿੱਤਾ ਸੀ। ਮੇਰੇ ਘਰ ਵੀ ਨਾ ਆਉਂਦੇ। ਮੈਂ ਉਹਨਾਂ ਦੇ ਘਰ ਚਲਿਆ ਜਾਂਦਾ ਸੀ। ਉਹ ਅਕਸਰ ਘਰ ਈ ਹੁੰਦੇ। ਉਹਨਾਂ ਦੀਆਂ ਗੱਲਾਂ ਤੋਂ ਮੈਂ ਅੰਦਾਜ਼ਾ ਲਾਉਂਦਾ ਕਿ ਉਹਨਾਂ ਦੇ ਮਨ 'ਚ ਕੀ ਏ। ਕਦੇ ਮੈਨੂੰ ਲੱਗਦਾ ਕਿ ਉਹ ਆਪਣੇ ਘਰ ਤੇ ਟੱਬਰ ਤੋਂ ਔਖੇ ਨੇ। ਉਹਨਾਂ ਦੀ ਬੇਟੀ ਵੀ ਵਿਆਹੁਣ ਵਾਲੀ ਹੋ ਚੱਲੀ ਸੀ। ਉਹ ਆਪ ਤਾਂ ਕੁਝ ਦੱਸਦੇ ਹੀ ਨਹੀਂ ਸਨ। ਉਹ ਘਰ 'ਚ ਹੁੰਦੇ ਸੀ ਤਾਂ ਸਾਰਾ ਟੱਬਰ ਗੂੰਗਾ ਹੋ ਜਾਂਦਾ ਸੀ।

ਇਕ ਗਰਮੀਆਂ ਦੀ ਰੁੱਤ 'ਚ ਉਹ ਘਰ ਦੇ ਅੰਦਰ ਈ ਪਏ ਸਨ। ਆਮ ਤੌਰ 'ਤੇ ਉਹ ਦਰਖਤ ਹੇਠ ਬੈਠਦੇ ਹੁੰਦੇ ਸੀ। ਮੈਂ ਅੰਦਰ ਜਾ ਕੇ ਉਹਨਾਂ ਕੋਲ ਬਹਿ ਗਿਆ। ਉਹਨਾਂ ਦੀ ਪਤਨੀ ਨੇ ਪਾਣੀ ਦਾ ਗਲਾਸ ਲਿਆਂਦਾ। ਉਹਦੇ ਚਿਹਰੇ 'ਤੇ ਕਾਮਰੇਡ ਨਾਲੋਂ ਕਿਤੇ ਵੱਧ ਨਿਰਾਸ਼ਾ ਤੇ ਦੁੱਖ ਫੈਲਿਆ ਲੱਗਦਾ ਸੀ। ਜਿਹੜਾ ਦੇਖਣਾ ਔਖਾ ਸੀ। ਮੈਂ ਛੇਤੀ ਉਠ ਆਇਆ।... ਫੇਰ ਇਕ ਵਾਰ ਕਾਮਰੇਡ ਜੀ ਬੀਮਾਰੀ ਦੀ ਛੁੱਟੀ 'ਤੇ ਸੀ। ਮੈਂ ਮਿਲਣ ਚਲਿਆ ਗਿਆ। ਉਹ ਆਮ ਜਿਹੇ ਫਰਸ਼ ਵਾਲੇ ਆਪਣੇ ਕਮਰੇ ਦੇ ਖੂੰਜੇ 'ਚ ਡੱਠੇ ਮੰਜੇ 'ਤੇ ਪਏ ਸੀ। ਸਿਰ 'ਤੇ ਕੋਈ ਵਾਲ ਨਹੀਂ ਸੀ ਦਿਸਦਾ, ਜਿਹੜੇ ਦੋ ਚਾਰ ਸਨ, ਉਹ ਚਿੱਟੇ ਹੋਣ ਕਰ ਕੇ ਨਹੀਂ ਸੀ ਦਿਸਦੇ। ਉਹਨਾਂ ਦੇ ਚਿਹਰੇ ਦਾ ਲਾਲ ਰੰਗ ਪੀਲਾ ਸੀ। ਅੱਖਾਂ ਅੰਦਰ ਨੂੰ ਧਸੀਆਂ ਪਈਆਂ ਸਨ। ਪਾਣੀ ਦੇਣ ਆਈ ਉਹਨਾਂ ਦੀ ਪਤਨੀ ਨੂੰ ਮੈਂ ਨਮਸਤੇ ਆਖੀ। ਚਾਹ ਪੀਣ ਤੋਂ ਇਨਕਾਰ ਕਰ ਦਿੱਤਾ।

ਕਾਮਰੇਡ ਜੀ ਨੂੰ ਕੋਈ ਵੱਡੀ ਬੀਮਾਰੀ ਨਹੀਂ ਸੀ। ਐਵੇਂ ਖੰਘ ਖਾਂਸੀ, ਹੱਡ-ਭੱਜਣੀ ਤੇ ਹਾਜਮੇ ਦੀ ਖਰਾਬੀ ਸੀ। ਉਹ ਉੱਠ ਕੇ ਬਹਿਣ ਤੇ ਬੋਲਣ 'ਚ ਵੀ ਔਖਿਆਈ ਮਹਿਸੂਸ ਕਰਦੇ ਸੀ। ... ਉਹਨਾਂ ਨਾ ਕਿਸੇ ਕਾਮਰੇਡ ਦੀ ਗੱਲ ਕੀਤੀ, ਨਾ ਮੇਰੇ ਟੱਬਰ ਤੇ ਗਊਆਂ ਦੀ ਤੇ ਨਾ ਈ ਦਫਤਰ ਦੇ ਕਿਸੇ ਬੰਦੇ ਦੀ। ਉਹਨਾਂ ਦਿਨਾਂ 'ਚ ਮੈਂ ਭਰਪੂਰ ਜਵਾਨੀ 'ਚ ਸੀ। ਕਿਸੇ ਦੇ ਦੁੱਖਾਂ ਤੇ ਮੌਤ ਬਾਰੇ ਮਨ ਸੋਚਦਾ ਈ ਨਹੀਂ ਸੀ। ਕਾਮਰੇਡ ਜੀ ਨੇ ਵੀ ਕੋਈ ਮੱਤ ਦੀ ਗੱਲ ਨਾ ਦੱਸੀ। ਸਿਰਫ ਇਹ ਕਹਿੰਦੇ ਰਹੇ," ਚਲੋ, ਆਪੇ ਮੁੰਡੇ ਸਮਝ ਜਾਣਗੇ।... ਜੋ ਦਿਲ ਮੰਨਿਆ ਸੋ ਕਰਨਗੇ... ਦਫਤਰ ਵਾਲੇ ਜਾਨਣ... ਆਪਾਂ ਨੂੰ ਕੀ... ਬੰਦੇ ਤੋਂ ਜੋ ਹੁੰਦੈ ਕਰੀ ਜਾਂਦੈ।"

ਉਹਨਾਂ ਦੀ ਅਵਾਜ਼ 'ਚ ਬੜੀ ਨਿਰਾਸ਼ਾ ਸੀ। ਮੈਂ ਅੱਕ ਕੇ ਉੱਠ ਪਿਆ। ਬਾਹਰ ਖੜ੍ਹੇ ਵੱਡੇ ਬੇਟੇ ਅਸ਼ੋਕ ਨੂੰ ਪੁੱਛਿਆ ਕਿ ਕਾਮਰੇਡ ਜੀ ਨੂੰ ਕੀ ਕਸਰ ਏ ਤਾਂ ਉਹ ਆਪਣੀ ਆਦਤ ਵਾਂਗ ਹੱਸ ਕੇ ਕਹਿੰਦਾ,"ਸਾਨੂੰ ਕਿਹੜਾ ਦੱਸਦੇ ਨੇ।"

ਹਫਤੇ ਕੁ ਬਾਅਦ ਉਹ ਰਾਜ਼ੀ ਹੋ ਕੇ ਕੰਮ 'ਤੇ ਆ ਗਏ। ਚੁੱਪ-ਚੁੱਪ ਕੁਰਸੀ 'ਤੇ ਬੈਠੇ ਰਹਿੰਦੇ।

ਫੇਰ ਇਕ ਵਰ੍ਹੇ ਦੇ ਅੰਦਰ ਕੁਝ ਦਿਨ ਬੀਮਾਰ ਰਹਿ ਕੇ ਉਹ ਗੁਜ਼ਰ ਗਏ। ਅਖਬਾਰਾਂ ਵਾਲਿਆਂ ਦੀ ਇਕ ਗੱਲ ਅਜੀਬ ਏ। ਜਦ ਕੋਈ ਸਾਥੀ ਮਰਦਾ ਏ ਤਾਂ ਅਰਥੀ ਚੁੱਕਣ ਵੇਲੇ ਉਹ ਡੈਸਕ 'ਤੇ ਬੈਠੇ ਖਬਰਾਂ ਬਣਾ ਰਹੇ ਹੁੰਦੇ ਨੇ। ਪਰ ਕਾਮਰੇਡ ਜੀ ਦੀ ਅਰਥੀ ਚੁੱਕਣ ਵੇਲੇ ਮੈਂ ਮੌਜੂਦ ਸੀ। ਸਭ ਤੋਂ ਵੱਧ ਵਰਲਾਪ ਮਰਨ ਵਾਲੇ ਦੀ ਛੋਟੀ ਭੈਣ ਨੇ ਕੀਤਾ ਸੀ। ਮੈਂ ਹੈਰਾਨ ਹੋਇਆ ਸੀ ਜਦ ਉਹਨੇ ਰੋਂਦੀ ਨੇ ਮਰੇ ਭਰਾ ਦਾ ਮੂੰਹ ਚੁੰਮਿਆ ਸੀ।

ਅਰਥੀ ਲੈ ਕੇ ਕਿੱਥੇ ਜਾਣਾ ਸੀ ? ਨਾਲ ਦੇ ਘਰ ਦੇ ਵਿਹੜੇ ਵਿਚ !... ਇਹ ਉਹ ਦਿਨ ਸਨ ਜਦ ਖਾਲਿਸਤਾਨੀ ਅੱਤਵਾਦੀਆਂ ਦੇ ਹੱਥੋਂ ਹਰ ਰੋਜ਼ ਦਸ ਬਾਰਾਂ ਹਿੰਦੂ ਕਤਲ ਹੋ ਰਹੇ ਸਨ। ਕਿਸੇ ਨੂੰ ਆਪਣੀ ਜਾਣ ਦਾ ਘੜੀ ਦਾ ਵਿਸਾਹ ਨਹੀਂ ਸੀ। ਅਜਿਹੇ ਸਮੇਂ 'ਚ ਕੁਦਰਤੀ ਮੌਤ ਮਰੇ ਬੰਦੇ ਦੀ

ਅਹਿਮੀਅਤ ਈ ਕੀ ਹੁੰਦੀ ? .... ਕਾਮਰੇਡ ਜੀ ਦੇ ਸਾਰੇ ਸੰਸਕਾਰ ਪੂਰੇ ਹੋ ਗਏ ਤਾਂ ਛੇਤੀ ਸਭ ਲੋਕ ਉਹਨਾਂ ਨੂੰ ਭੁੱਲ ਗਏ। ਨਾਲ ਕੰਮ ਕਰਨ ਵਾਲੇ ਏਸ ਲਈ ਵੀ ਕਿ ਹੜਤਾਲ ਤੇ ਓਸ ਤੋਂ ਬਾਅਦ ਕਾਮਰੇਡ ਜੀ ਦੇ ਚਰਿਤਰ ਦਾ ਜਿਹੜਾ ਪਾਸਾ ਨੰਗਾ ਹੋਇਆ ਸੀ, ਉਹ ਭੁੱਲਣਾ ਔਖਾ ਸੀ।... ਅਖਬਾਰ ਦੇ ਮਾਲਕ ਤਾਂ ਨਾਲੋਂ ਪੂੰਝ ਕੇ ਪਰੇ ਸੁੱਟਨ 'ਚ ਇਕ ਪਲ ਵੀ ਨਹੀਂ ਲਾਉਂਦੇ। ਪਰ ਉਹ ਮੇਰੇ ਚੇਤੇ 'ਚ ਪਏ ਰਹੇ।

ਕਿਰਿਆ ਕਰਮ ਤੇ ਹੋਰ ਰਸਮਾਂ ਤੋਂ ਬਾਅਦ ਇਕ ਦਿਨ ਮੈਂ ਉਹਨਾਂ ਦੇ ਘਰ ਗਿਆ। ਉਹਨਾਂ ਦਾ ਵੱਡਾ ਬੇਟਾ ਅਸ਼ੋਕ ਵਸ਼ਿਸ਼ਟ ਬਹੁਤ ਪਿਆਰ ਨਾਲ ਮਿਲਿਆ। ਹੁਣ ਉਹ ਘਰ ਦਾ ਲਾਣੇਦਾਰ ਸੀ। ਅਸੀਂ ਛਤਣੇ ਹੇਠ ਬੈਠੇ ਗੱਲਾਂ ਕਰਦੇ ਰਹੇ। ਕਾਮਰੇਡ ਜੀ ਦੀਆਂ ਗੱਲਾਂ ਕਰਦਿਆਂ ਅਚਾਨਕ ਅਸ਼ੋਕ ਦਾ ਰੁਖ ਬਦਲ ਗਿਆ। ਉਹ ਆਪਣੇ ਪਿਤਾ ਜੀ ਦੇ ਖਿਲਾਫ ਬੋਲਦਾ ਉਹਨਾਂ ਦੇ ਜ਼ਿੱਦੀ ਸੁਭਾਅ ਦੀਆਂ ਗੱਲਾਂ ਕਰਨ ਲੱਗ ਪਿਆ। ਫੇਰ ਉਹ ਅੰਦਰੋਂ ਆਪਣੀ ਡਾਇਰੀ ਕੱਢ ਲਿਆਇਆ। ਜੀਹਦੇ ਵਿਚ ਉਹਨੇ ਲਿਖਿਆ ਸੀ ਕਿ ਉਹਦੇ ਪਿਤਾ ਨੇ ਕਦੋਂ ਉਹਦੀ ਮਾਂ ਨਾਲ ਬਦਸਲੂਕੀ ਕੀਤੀ, ਚੰਗਾ ਮੰਦਾ ਬੋਲਿਆ ਜਾਂ ਹੱਥ ਚੁੱਕਿਆ। ਪਿਤਾ ਜੀ ਆਪਣੇ ਬੱਚਿਆਂ ਦੇ ਦੁੱਖਾਂ ਸੁੱਖਾਂ ਤੋਂ ਕਿੰਨੇ ਅਵੇਸਲੇ ਸਨ। ਕਿਸੇ ਨੂੰ ਕਦੇ ਕੋਲ ਬਹਾ ਕੇ ਗੱਲ ਵੀ ਨਹੀਂ ਸੀ ਕਰਦੇ।.... ਨੌਜਵਾਨ ਜੋਸ਼ 'ਚ ਆ ਕੇ ਬੋਲਣ ਲੱਗ ਪਿਆ ਸੀ। ਉਹਦਾ ਚਿਹਰਾ ਤੇ ਅੱਖਾਂ ਲਾਲ ਹੋ ਗਈਆਂ ਸਨ।

ਫੇਰ ਕਿਸੇ ਹੋਰ ਦਿਨ ਉਹ ਅੰਦਰੋਂ ਆਪਣੇ ਪਿਤਾ ਦੀ ਡਾਇਰੀ ਜਾਂ ਕਾਪੀ ਜਿਹੀ ਚੁੱਕ ਲਿਆਇਆ। ਉਹ ਪੜ੍ਹ ਕੇ ਸੁਨਾਣ ਲੱਗ ਪਿਆ। ਉਹਨੂੰ ਸੁਣ ਕੇ ਕਾਮਰੇਡ ਦੀ ਜ਼ਿੰਦਗੀ 'ਚ ਇਕ ਨਵਾਂ ਈ ਅਧਿਆਇ ਜੁੜ ਗਿਆ। ਮੈਨੂੰ ਲੱਗਿਆ ਕਿ ਭਾਵੇਂ ਮੈਂ ਦੋ ਚਾਰ ਗੱਲਾਂ ਈ ਸੁਣੀਆਂ ਨੇ,ਪਰ ਲੱਗਦਾ ਏ ਕਿ ਕਾਮਰੇਡ ਜੀ ਬਹੁਤ ਲੰਮੇ ਅਰਸੇ ਤੋਂ ਅੰਦਰੇ ਅੰਦਰ ਦੁੱਖਾਂ ਨਾਲ ਭਰੇ ਪਏ ਸੀ। ਉਹਨਾਂ ਦੀ ਮੁਸਕਰਾਹਟ ਉੱਤੋਂ-ਉੱਤੋਂ ਈ ਸੀ।

ਉਹਨਾਂ ਅੰਦਰ ਦੁੱਖ ਕਾਹਦਾ ਸੀ, ਏਸ ਸਵਾਲ ਦਾ ਜਵਾਬ ਮੈਂ ਨਾ ਲੱਭ ਸਕਿਆ। ਪਰ ਮੇਰਾ ਦਿਲ ਕਰਦਾ ਰਿਹਾ ਕਿ ਕਦੇ ਅਸ਼ੋਕ ਮਿਲੇ ਤਾਂ ਸ਼ਾਇਦ ਕੁਝ ਦੱਸ ਦੇਵੇ। ਉਹ ਮਿਲਦਾ ਵੀ ਰਿਹਾ, ਪਰ ਕੋਈ ਗੱਲ ਨਾ ਦੱਸ ਸਕਿਆ। ਜੇ ਦੱਸ ਵੀ ਦੇਂਦਾ ਤਾਂ ਖਬਰੇ ਉਹਦੇ 'ਚ ਵਿਸ਼ਵਾਸ ਕਰਨ ਜੋਗਾ ਸੱਚ ਕਿੰਨਾ ਕੁ ਹੁੰਦਾ!

ਹੁਣ ਕਾਮਰੇਡ ਘਨਸ਼ਾਮ ਜੀ ਬਾਰੇ ਲਿਖਣ ਤੋਂ ਪਹਿਲਾਂ ਮੈਂ ਉਹਨਾਂ ਦਾ ਘਰ ਦੇਖਣ ਤੇ ਛੋਟੇ ਬੇਟਿਆਂ ਨੂੰ ਮਿਲਣ ਚਲਿਆ ਗਿਆ। ਵੱਡਾ ਅਸ਼ੋਕ ਤਾਂ ਦਿੱਲੀ ਰਹਿੰਦਾ ਏ। ਵਿਚਕਾਰਲਾ ਕਪੂਰਥਲੇ ਜਾ ਵਸਿਆ ਏ। ਛੋਟਾ ਘਰ 'ਚ ਰਹਿੰਦਾ ਏ। ਹੁਣ ਉਹਨਾਂ ਦੇ ਪੁਰਾਣੇ ਜਿਹੇ ਮਕਾਨ ਦੀ ਥਾਂ ਕਿੰਨੇ ਈ ਮਕਾਨ ਉੱਸਰੇ ਪਏ ਨੇ। ਸੜਕ ਦੇ ਅੱਗੇ ਦੁਕਾਨਾਂ ਦੀ ਕਤਾਰ ਏ। ਸ਼ਮਸ਼ਾਨ ਘਾਟ ਦਾ ਗੇਟ ਟੁਰ ਕੇ ਸੜਕੇ ਦੇ ਕਿਨਾਰੇ ਆ ਗਿਆ ਏ। ਜਿਸ ਦੇ ਮੱਥੇ 'ਤੇ ਲਿਖਿਆ ਹੋਇਆ ਏ .... 'ਅੰਤਿਮ ਯਾਤ੍ਰਾ ਸਥਾਨ'!

00